ਸ਼ੁੱਕਰਵਾਰ, 17 ਅਪ੍ਰੈਲ, 2026
4 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 74
ਅੰਕ/NO. : 316

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 17 APRIL, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 14

## ਹਲਕਾਬੰਦੀ ਬਿੱਲ ਖਿਲਾਫ ਦੱਖਣ 'ਚ ਜਵਾਲਾ ਭੜਕੀ

**ਆਪੋਜ਼ੀਸ਼ਨ ਦੇ ਕਰੜੇ ਵਿਰੋਧ ਦਰਮਿਆਨ ਲੋਕ ਸਭਾ 'ਚ ਬਿੱਲ ਪੇਸ਼**



**ਚੇਨੱਈ** : ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਵੀਰਵਾਰ ਲੋਕ ਸਭਾ ਵਿੱਚ ਪੇਸ਼ ਹਲਕਾਬੰਦੀ ਬਿੱਲ ਨੂੰ ਕਾਲਾ ਕਾਨੂੰਨ ਕਰਾਰ ਦਿੰਦਿਆਂ ਉਸਦੀ ਕਾਪੀ ਸਾੜੀ। ਉਨ੍ਹਾ ਕਿਹਾ ਕਿ ਇਹ ਬਿੱਲ ਤਾਮਿਲ ਲੋਕਾਂ ਨੂੰ ਆਪਣੀ ਹੀ ਧਰਤੀ 'ਤੇ ਰਫਿਊਜ਼ੀ ਬਣਾ ਦੇਵੇਗਾ।

ਸਟਾਲਿਨ ਨੇ ਪੱਛਮੀ ਤਾਮਿਲਨਾਡੂ ਵਿੱਚ ਨਮਾਕੱਲ 'ਚ ਚੋਣ ਪ੍ਰਚਾਰ ਦੌਰਾਨ ਕਾਲਾ ਝੰਡਾ ਵੀ ਲਹਿਰਾਇਆ। ਸਟਾਲਿਨ ਤੇ ਹੋਰਨਾਂ ਨੇ ਬਿੱਲ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ। ਇੱਕ ਨਾਅਰਾ ਸੀ 'ਆਓ ਜੂਝੀਏ, ਇਕੱਠੇ ਜਿੱਤਾਂਗੇ'। ਸਟਾਲਿਨ ਨੇ ਕਿਹਾ, "ਆਓ, ਸਾਰੇ ਤਾਮਿਲਨਾਡੂ ਵਿੱਚ ਮੁਜ਼ਾਹਮਤ ਦੀ ਜਵਾਲਾ ਫੈਲਾਈਏ। ਆਓ, ਫਾਸ਼ੀਵਾਦੀ ਭਾਜਪਾ ਦੀ ਹੈਂਕੜ ਭੰਨੀਏ। ਫਿਰ ਹੀ ਹਿੰਦੀ ਮੜ੍ਹਨ ਖਿਲਾਫ ਤਾਮਿਲਨਾਡੂ ਤੋਂ ਉੱਠੀ ਮੁਜ਼ਾਹਮਤ ਦੀ ਜਵਾਲਾ ਦਿੱਲੀ ਨੂੰ ਲੂਹੇਗੀ। ਇਹ ਦਿੱਲੀ ਦੇ ਗੋਡੇ ਲੁਆਉਣ ਤੋਂ ਬਾਅਦ ਹੀ ਸ਼ਾਂਤ ਹੋਵੇਗੀ।" ਸਟਾਲਿਨ ਸੂਬੇ ਵਿੱਚ 1960ਵਿਆਂ ਵਿੱਚ ਚੱਲੇ ਹਿੰਦੀ-ਵਿਰੋਧੀ ਅੰਦੋਲਨ ਵੱਲ ਇਸ਼ਾਰਾ ਕਰ ਰਹੇ ਸਨ। ਉਨ੍ਹਾ ਕਿਹਾ, "ਅੱਜ ਮੈਂ ਤਾਮਿਲਾਂ ਨੂੰ ਆਪਣੀ ਧਰਤੀ 'ਤੇ ਰਫਿਊਜ਼ੀ ਬਣਾਉਣ ਵਾਲੇ ਕਾਲੇ ਕਾਨੂੰਨ ਦੀ ਕਾਪੀ ਸਾੜ ਕੇ ਕਾਲਾ ਝੰਡਾ ਲਹਿਰਾ ਕੇ ਜਵਾਲਾ ਭੜਕਾ ਦਿੱਤੀ ਹੈ। ਇਹ ਹੁਣ ਸਮੁੱਚੀ ਦ੍ਰਾਵਿੜੀਅਨ ਧਰਤੀ 'ਤੇ ਫੈਲੇਗੀ। ਇਹ ਤੇਜ਼ ਹੋ ਕੇ ਭਾਜਪਾ ਦੀ ਹੈਂਕੜ ਭੰਨੇਗੀ।"

ਜਦੋਂ ਸਟਾਲਿਨ ਨੇ ਕਾਲਾ ਝੰਡਾ ਲਹਿਰਾਇਆ, ਉਸੇ ਵੇਲੇ ਸੂਬੇ ਭਰ ਵਿੱਚ ਪਾਰਟੀ ਦੇ ਅਹੁਦੇਦਾਰਾਂ, ਮੰਤਰੀਆਂ ਤੇ ਕਾਡਰ ਨੇ ਆਪਣੇ ਘਰਾਂ, ਪਾਰਟੀ ਦਫਤਰਾਂ ਤੇ ਜਨਤਕ ਥਾਵਾਂ 'ਤੇ ਕਾਲੇ ਝੰਡੇ ਲਹਿਰਾਏ। ਡੀ ਐੱਮ ਕੇ ਦੇ ਚੇਨੱਈ ਸਥਿਤ ਹੈੱਡਕੁਆਰਟਰ ਤੋਂ ਇਲਾਵਾ ਕਮਲ ਹਾਸਨ ਦੀ ਪਾਰਟੀ ਮੱਕਾਲ ਨਿਧੀ ਮਈਅਮ ਤੇ ਵਾਇਕੋ ਦੀ ਪਾਰਟੀ ਐੱਮ ਡੀ ਐੱਮ ਕੇ ਦੇ ਹੈਡਕੁਆਰਟਰਾਂ 'ਤੇ ਵੀ ਝੰਡੇ ਲਰਿਰਾਏ ਗਏ। ਆਪੋਜ਼ੀਸ਼ਨ ਦੇ ਤਿੱਖੇ ਵਿਰੋਧ ਦਰਮਿਆਨ ਸਰਕਾਰ ਨੇ ਲੋਕ ਸਭਾ ਵਿੱਚ ਮਹਿਲਾ ਰਾਖਵਾਂਕਰਨ ਤੇ ਹਲਕਾਬੰਦੀ ਨਾਲ ਸੰਬੰਧਤ ਤਿੰਨ ਅਹਿਮ ਬਿੱਲ ਪੇਸ਼ ਕੀਤੇ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਮੇਘਵਾਲ ਨੇ 'ਸੰਵਿਧਾਨ (131ਵੀਂ ਸੋਧ) ਬਿੱਲ 2026' ਅਤੇ 'ਹਲਕਾਬੰਦੀ ਬਿੱਲ 2026' ਪੇਸ਼ ਕੀਤੇ, ਜਦੋਂਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਸੰਘ ਰਾਜ ਵਿਧੀ (ਸੋਧ) ਬਿੱਲ 2026' ਸਦਨ ਦੇ ਮੇਜ਼ 'ਤੇ ਰੱਖਿਆ। ਸੋਧ ਬਿੱਲ ਪੇਸ਼ ਕਰਨ ਦੇ ਪ੍ਰਸਤਾਵ ਦੇ ਪੱਖ ਵਿੱਚ 251 ਵੋਟਾਂ ਪਈਆਂ,

• ਬਾਕੀ ਸਫਾ 2 'ਤੇ

## ਈਰਾਨ 'ਤੇ ਅਮਰੀਕੀ-ਇਜ਼ਰਾਈਲੀ ਹਮਲਿਆਂ ਦਾ ਜ਼ੋਰਦਾਰ ਵਿਰੋਧ ਕਰਨ ਦਾ ਸੱਦਾ

**ਨਿਹੱਕੀ ਜੰਗ ਖਿਲਾਫ ਜਲੰਧਰ 'ਚ ਭਰਵੀਂ ਕਨਵੈਨਸ਼ਨ ਤੇ ਰੋਸ ਮਾਰਚ**







**ਜਲੰਧਰ (ਕੇਸਰ, ਰਜੇਸ਼ ਥਾਪਾ, ਲਖਵਿੰਦਰ)**

ਸੀ ਪੀ ਆਈ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ), ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕ੍ਰੇਸੀ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ, ਐੱਮ ਸੀ ਪੀ ਆਈ (ਯੂ) ਵੱਲੋਂ 'ਦੇਸ਼ ਭਗਤ ਯਾਦਗਾਰ ਜਲੰਧਰ' ਵਿਖੇ ਵੀਰਵਾਰ ਪ੍ਰਭਾਵਸ਼ਾਲੀ ਜੰਗ ਵਿਰੋਧੀ ਕਨਵੈਨਸ਼ਨ ਕੀਤੀ ਗਈ। ਅਮਰੀਕਾ-ਇਜ਼ਰਾਈਲ ਜੰਗਬਾਜ਼ ਜੁੰਡਲੀ ਵੱਲੋਂ ਈਰਾਨ ਖਿਲਾਫ਼ ਵਿੱਢੀ ਨਿਹੱਕੀ ਜੰਗ ਦਾ ਵਿਰੋਧ ਕਰਨ ਲਈ ਸੱਦੀ ਗਈ ਇਸ ਸਾਂਝੀ ਸੂਬਾਈ ਕਨਵੈਨਸ਼ਨ ਦੀ ਪ੍ਰਧਾਨਗੀ ਸਰਵ ਸਾਥੀ ਰਤਨ ਸਿੰਘ ਰੰਧਾਵਾ, ਅਜਮੇਰ ਸਿੰਘ ਸਮਰਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਰੁਲਦੂ ਸਿੰਘ ਮਾਨਸਾ, ਨਰੰਜਣ ਸਿੰਘ ਸਫੀਪੁਰ ਨੇ ਕੀਤੀ। ਮੰਚ ਸੰਚਾਲਕ ਦੇ ਫਰਜ ਕੁਲਵਿੰਦਰ ਸਿੰਘ ਵੜੈਚ ਨੇ ਅਦਾ ਕੀਤੇ।

ਸਰਵ ਸਾਥੀ ਨਿਰਮਲ ਸਿੰਘ ਧਾਲੀਵਾਲ, ਮੰਗਤ ਰਾਮ ਪਾਸਲਾ, ਦਰਸ਼ਨ ਖਟਕੜ, ਸੁਖਦਰਸ਼ਨ ਨੱਤ ਤੇ ਜਗਤਾਰ ਸਿੰਘ ਜਨਾਲ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਸਾਰੇ ਕੌਮਾਂਤਰੀ ਕਾਨੂੰਨਾਂ ਤੇ ਸੰਧੀਆਂ ਦੀ ਉਲੰਘਣਾ ਕਰਦਿਆਂ ਧਾੜਵੀ ਟਰੰਪ ਤੇ ਉਸ ਦੇ ਨਾਪਾਕ ਜੁੰਡੀਦਾਰ ਨੇਤਨਯਾਹੂ ਨੇ ਉਕਤ ਜੰਗ ਈਰਾਨ ਸਮੇਤ ਸਮੁੱਚੇ ਮੱਧ ਪੂਰਬ ਖਿੱਤੇ ਦੇ ਦੇਸ਼ਾਂ ਦੇ ਤੇਲ-ਗੈਸ ਦੇ ਭੰਡਾਰ ਤੇ ਹੋਰ ਬੇਸ਼ਕੀਮਤੀ ਕੁਦਰਤੀ ਤੇ ਮਾਨਵੀ ਵਸੀਲੇ ਹੜੱਪ ਜਾਣ ਦੀ ਲਾਲਸਾ ਅਧੀਨ ਤੇ ਆਪਣੇ ਪਸਾਰਵਾਦੀ ਮਨਸੂਬੇ ਪੂਰੇ ਕਰਨ ਲਈ ਛੇੜੀ ਹੈ। ਮਾਸੂਮ ਬੱਚਿਆਂ, ਔਰਤਾਂ ਸਮੇਤ ਹਜ਼ਾਰਾਂ ਨਿਰਦੋਸ਼ਾਂ ਦੀ ਬਲੀ ਲੈਣ ਵਾਲੀ ਇਸ ਜੰਗ ਨੇ ਪੂਰੀ ਦੁਨੀਆ ਦੇ ਅਰਥਚਾਰੇ ਤਬਾਹ ਕਰ ਦਿੱਤੇ ਹਨ, ਸੰਸਾਰ ਅਮਨ ਲਈ ਗੰਭੀਰ ਖਤਰੇ ਖੜ੍ਹੇ ਕਰ ਦਿੱਤੇ ਹਨ ਤੇ ਦੁਨੀਆ ਭਰ ਦੇ ਆਮ ਲੋਕ ਜ਼ਰੂਰੀ ਵਸਤਾਂ ਦੀ ਭਾਰੀ ਕਿੱਲਤ, ਮਹਿੰਗਾਈ ਤੇ ਕਾਲਾਬਾਜ਼ਾਰੀ ਦੀ ਮਾਰ ਝੱਲ ਰਹੇ ਹਨ। ਉਨ੍ਹਾਂ ਜ਼ੋਰਦਾਰ ਮੰਗ ਕੀਤੀ ਕਿ ਬੇਗੁਨਾਹਾਂ ਦੇ ਕਾਤਲ, ਜੰਗੀ ਅਪਰਾਧੀ ਟਰੰਪ ਤੇ ਨੇਤਨਯਾਹੂ ਨੂੰ ਸਖ਼ਤ, ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ। ਬੁਲਾਰਿਆਂ ਨੇ ਇਜ਼ਰਾਈਲ ਤੇ ਅਮਰੀਕਾ ਸਮੇਤ ਸੰਸਾਰ ਭਰ ਦੇ ਦੇਸ਼ਾਂ ਦੇ ਕਰੋੜਾਂ ਆਮ ਲੋਕਾਂ ਵੱਲੋਂ ਟਰੰਪ-ਨੇਤਨਯਾਹੂ ਦੀਆਂ ਜੰਗ ਭੜਕਾਊ ਸਾਜ਼ਿਸ਼ਾਂ ਖਿਲਾਫ਼ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦੀ ਡਟਵੀਂ ਸ਼ਲਾਘਾ ਕਰਦਿਆਂ ਭਾਰਤੀ ਆਵਾਮ, ਖਾਸ ਕਰਕੇ ਕਿਰਤੀ ਵਰਗ ਨੂੰ ਉਕਤ ਵਿਸ਼ਵੀ ਲਾਮਬੰਦੀ ਦਾ ਮਜ਼ਬੂਤ ਹਿੱਸਾ ਬਣਨ ਦੀ ਪੁਰਜ਼ੋਰ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਵਿਸ਼ਵ ਭਰ ਦੇ ਦੇਸ਼ਾਂ, ਖਾਸ ਕਰਕੇ ਨਵੇਂ ਆਜ਼ਾਦ ਹੋਏ ਵਿਕਾਸਸ਼ੀਲ ਮੁਲਕਾਂ ਦੇ ਕੁਦਰਤੀ ਤੇ ਮਾਨਵੀ ਵਸੀਲਿਆਂ ਅਤੇ ਕਿਰਤੀ ਲੋਕਾਈ ਦੀ ਬੇਰਹਿਮ ਲੁੱਟ-ਖਸੁੱਟ ਦੇ ਖਾਤਮੇ ਅਤੇ ਘਾਤਕ ਜੰਗਾਂ-ਯੁੱਧਾਂ ਤੋਂ ਸੰਸਾਰ ਦੀ ਮੁਕਤੀ ਲਈ, ਗਲੋਬ ਦੇ ਹਰ ਕੋਨੇ 'ਚ ਮਾਨਵਤਾ ਦੇ ਸਭ ਤੋਂ ਘਾਤਕ ਵੈਰੀ, ਸਾਮਰਾਜ ਤੋਂ ਮੁਕਤ ਸੰਸਾਰ ਸਿਰਜਣ ਲਈ ਤਿੱਖੇ ਤੋਂ ਤਿਖੇਰਾ ਲੋਕ ਯੁੱਧ ਵਿੱਢਣਾ ਅਜੋਕੇ ਦੌਰ ਦੀ ਪਲੇਠੀ, ਮਹੱਤਵਪੂਰਨ ਲੋੜ ਬਣ ਗਈ ਹੈ। ਇਸ ਦਿਸ਼ਾ ਵਿਚ ਅਮਨ ਦੇ ਚਾਹਵਾਨ ਲੋਕਾਂ ਤੇ ਨਿਆਂ ਪਸੰਦ ਧਿਰਾਂ ਨੂੰ ਈਰਾਨ ਅਤੇ ਇਜ਼ਰਾਈਲ-ਅਮਰੀਕਾ ਦਰਮਿਆਨ ਸਥਾਈ ਜੰਗਬੰਦੀ ਤੇ ਸੰਸਾਰ ਅਮਨ ਦੀ ਕਾਇਮੀ ਦੇ ਬੱਝਵੇਂ ਯਤਨ ਹੋਰ ਤੇਜ਼ ਕਰਨੇ ਹੋਣਗੇ।ਬੁਲਾਰਿਆਂ ਜੰਗ ਤੇ ਜੰਗਬਾਜ਼ਾਂ ਖਿਲਾਫ਼ ਤਕੜਾ ਲੋਕ ਪ੍ਰਤੀਰੋਧ ਉਸਾਰਨ ਵਾਲੇ ਈਰਾਨ ਦੇ ਲੋਕਾਂ ਦੀ ਭਰਪੂਰ ਸ਼ਲਾਘਾ ਕੀਤੀ ਹੈ। ਉਨ੍ਹਾਂ ਪੀੜਤ ਈਰਾਨ, ਜੋ ਹਰ ਮੁਸ਼ਕਲ

• ਬਾਕੀ ਸਫਾ 2 'ਤੇ

### ਬੁਢਾਪਾ ਪੈਨਸ਼ਨ ਜਾਰੀ

**ਚੰਡੀਗੜ੍ਹ** : ਸਮਾਜਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਨੇ ਵੀਰਵਾਰ ਦੱਸਿਆ ਕਿ ਮਾਰਚ ਲਈ ਬੁਢਾਪਾ ਪੈਨਸ਼ਨ ਸਕੀਮ ਤਹਿਤ 352 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਸਰਕਾਰ ਵੱਲੋਂ ਹਰ ਮਹੀਨੇ 23,51,338 ਬਜ਼ੁਰਗ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਮੁਹੱਈਆ ਕਰਵਾਈ ਜਾ ਰਹੀ ਹੈ।

### ਚੀਨ ਵੱਲੋਂ ਈਰਾਨ ਨੂੰ ਹਾਰਮੁਜ਼ ਜਲਮਾਰਗ ਖੋਲ੍ਹਣ ਦੀ ਸਲਾਹ

**ਬੀਜਿੰਗ** : ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਈਰਾਨ ਨੂੰ ਹਾਰਮੁਜ਼ ਜਲਮਾਰਗ ਰਾਹੀਂ ਆਵਾਜਾਈ ਦੀ ਆਜ਼ਾਦੀ ਅਤੇ ਸੁਰੱਖਿਅਤ ਰਸਤਾ ਯਕੀਨੀ ਬਣਾਉਣ ਲਈ ਕਿਹਾ ਹੈ। ਚੀਨ ਵੱਲੋਂ ਇਹ ਪਹਿਲੀ ਅਜਿਹੀ ਅਪੀਲ ਹੈ, ਕਿਉਂਕਿ ਅਮਰੀਕਾ ਨਾਲ ਜੰਗ ਦੇ ਵਿਚਕਾਰ ਈਰਾਨ ਨੇ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਵਾਂਗ ਯੀ ਦੀ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨਾਲ ਫੋਨ 'ਤੇ ਗੱਲ ਉਸੇ ਸਮੇਂ ਹੋਈ ਜਦੋਂ ਪਾਕਿਸਤਾਨ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਅਗਵਾਈ ਵਿੱਚ ਇੱਕ ਵਿਚੋਲਗੀ ਵਫਦ ਤਹਿਰਾਨ ਪਹੁੰਚਿਆ। ਇਹ ਵਫਦ ਇਸਲਾਮਾਬਾਦ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਦੂਜੇ ਦੌਰ ਦੀ ਗੱਲਬਾਤ ਲਈ ਸ਼ਾਂਤੀ ਦੇ ਨਵੇਂ ਪ੍ਰਸਤਾਵਾਂ 'ਤੇ ਚਰਚਾ ਕਰਨ ਗਿਆ ਹੈ। ਇਸੇ ਦਰਮਿਆਨ ਅਮਰੀਕਾ ਵੱਲੋਂ ਹਾਰਮੁਜ਼ ਜਲਡਮਰੂ ਦੀ ਘੇਰਾਬੰਦੀ ਦੇ ਜਵਾਬ ਵਿੱਚ ਈਰਾਨ ਦੀ ਸਾਂਝੀ ਫੌਜੀ ਕਮਾਨ ਦੇ ਮੁਖੀ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਅਮਰੀਕਾ ਨੇ ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਖਤਮ ਨਾ ਕੀਤੀ, ਤਾਂ ਉਹ ਖਾੜੀ ਖੇਤਰ ਵਿੱਚ ਹੋਣ ਵਾਲੇ ਸਮੁੱਚੇ ਸਮੁੰਦਰੀ ਵਪਾਰ ਨੂੰ ਠੱਪ ਕਰ ਦੇਣਗੇ। ਅਮਰੀਕਾ ਦੇ ਖਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਈਰਾਨ 'ਤੇ ਆਰਥਕ ਸ਼ਿਕੰਜਾ ਹੋਰ ਕੱਸਣ ਦੇ ਸੰਕੇਤ ਦਿੱਤੇ ਹਨ। ਉਨ੍ਹਾ ਕਿਹਾ ਕਿ ਅਮਰੀਕਾ ਉਨ੍ਹਾਂ ਵਿੱਤੀ ਸੰਸਥਾਵਾਂ 'ਤੇ ਸੈਕੰਡਰੀ ਪਾਬੰਦੀਆਂ ਲਗਾਉਣ ਦੀ ਤਿਆਰੀ ਕਰ ਰਿਹਾ ਹੈ ਜੋ ਈਰਾਨ ਨਾਲ ਕਾਰੋਬਾਰ ਕਰ ਰਹੀਆਂ ਹਨ। ਬੇਸੈਂਟ ਨੇ ਇਸ ਕਦਮ ਨੂੰ 'ਵਿੱਤੀ ਖੇਤਰ ਵਿੱਚ ਬੰਬਾਰੀ' ਦੇ ਬਰਾਬਰ ਕਰਾਰ ਦਿੱਤਾ ਹੈ। ਇਸ ਦੌਰਾਨ, ਅਮਰੀਕੀ ਸੈਂਟਰਲ ਕਮਾਂਡ ਦੇ ਐਡਮਿਰਲ ਬ੍ਰੈਡ ਕੂਪਰ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕੀ ਫੌਜ ਨੇ ਈਰਾਨ ਵੱਲ ਜਾਣ ਵਾਲੇ ਸਾਰੇ ਸਮੁੰਦਰੀ ਰਸਤੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਹਨ ਅਤੇ ਪਿਛਲੇ 48 ਘੰਟਿਆਂ ਵਿੱਚ ਕਿਸੇ ਵੀ ਜਹਾਜ਼ ਨੂੰ ਲੰਘਣ ਨਹੀਂ ਦਿੱਤਾ ਗਿਆ।

## ਮਾਨ ਵੱਲੋਂ ਬਟਾਲਾ ਲਈ 177 ਕਰੋੜ ਦੇ ਪ੍ਰੋਜੈਕਟਾਂ ਦਾ ਐਲਾਨ



**ਬਟਾਲਾ (ਤਰਲੋਕ ਬੱਗਾ/ ਡਾਕਟਰ ਮਲਵਿੰਦਰ ਸਿੰਘ)**

ਇਤਿਹਾਸਕ ਸ਼ਹਿਰ ਬਟਾਲਾ ਦੀ ਕਾਇਆਕਲਪ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ 177 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਨਗਰ ਨਿਗਮ ਵੱਲੋਂ 95.72 ਕਰੋੜ ਰੁਪਏ ਦਾ ਵਿਕਾਸ ਕਾਰਜ ਕੀਤੇ ਜਾਣਗੇ, ਮੰਡੀ ਬੋਰਡ ਵੱਲੋਂ 16.05 ਕਰੋੜ ਰੁਪਏ ਦੇ ਵਿਕਾਸ ਕੰਮ ਕੀਤੇ ਜਾਣਗੇ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਸੜਕਾਂ ਦੇ ਨਿਰਮਾਣ 'ਤੇ 65.09 ਕਰੋੜ ਰੁਪਏ ਖਰਚੇ ਜਾਣਗੇ। ਇਸ ਤੋਂ ਇਲਾਵਾ ਸੜਕਾਂ ਦੇ ਨਵੀਨੀਕਰਨ 'ਤੇ ਮੰਡੀ ਬੋਰਡ 42.56 ਕਰੋੜ ਰੁਪਏ, ਜਦਕਿ ਲੋਕ ਨਿਰਮਾਣ ਵਿਭਾਗ 34.97 ਕਰੋੜ ਰੁਪਏ ਖਰਚੇਗਾ। ਬਟਾਲਾ ਹਲਕੇ ਵਿੱਚ ਚਾਰ ਨਵੇਂ ਪੁਲ ਬਣਨਗੇ ਅਤੇ ਨਵੀਂ ਪੁਲਸ ਲਾਈਨ ਲਈ 14.81 ਕਰੋੜ ਜਾਰੀ ਕੀਤੇ ਗਏ ਹਨ।

ਕਈ ਪ੍ਰਮੁੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦੇ ਹੋਏ ਮਾਨ ਨੇ ਕਿਹਾ, 'ਅਕਾਲੀਆਂ ਨੇ ਜਾਣਬੁੱਝ ਕੇ ਬੇਅਦਬੀ ਵਿਰੁੱਧ ਕਮਜ਼ੋਰ ਕਾਨੂੰਨ ਬਣਾਇਆ ਸੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਨਾ

• ਬਾਕੀ ਸਫਾ 2 'ਤੇ

## ਅੰਮ੍ਰਿਤਸਰ ਦੀ ਪਾਵਰਲੂਮ ਸਨਅਤ ਦੇ ਮਜ਼ਦੂਰਾਂ ਦੀਆਂ ਤਨਖਾਹਾਂ/ਰੇਟਾਂ 'ਚ 9 ਫੀਸਦੀ ਵਾਧੇ ਦਾ ਫੈਸਲਾ



**ਅੰਮ੍ਰਿਤਸਰ** : ਮਜ਼ਦੂਰ ਜਥੇਬੰਦੀਆਂ ਏਟਕ, ਸੀਟੂ, ਸੀ ਟੀ ਯੂ ਪੰਜਾਬ ਅਤੇ ਮਾਲਕਾਂ ਦੀ ਜਥੇਬੰਦੀ ਟੈਕਸਟਾਈਲ ਮੈਨੂਫੈਕਚਰਰ ਵੈੱਲਫੇਅਰ ਐਸੋਸੀਏਸ਼ਨ ਦੇ ਸਮਝੌਤੇ ਅਨੁਸਾਰ ਕੱਪੜਾ ਬੁਣਨ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀਆਂ ਤਨਖਾਹਾਂ/ਰੇਟਾਂ ਵਿੱਚ 9 ਫੀਸਦੀ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਵਾਧਾ 1 ਮਈ 2026 ਤੋਂ ਲਾਗੂ ਹੋਵੇਗਾ। ਫੈਸਲੇ ਵਿੱਚ ਮਜ਼ਦੂਰਾਂ ਦੇ ਆਗੂ ਅਮਰਜੀਤ ਸਿੰਘ ਆਸਲ, ਸੁੱਚਾ ਸਿੰਘ ਅਜਨਾਲਾ, ਜਗਤਾਰ ਸਿੰਘ ਕਰਮਪੁਰਾ ਅਤੇ ਮੋਹਨ ਲਾਲ ਸ਼ਾਮਲ ਸਨ। ਮਾਲਕਾਂ ਦੀ ਜਥੇਬੰਦੀ ਵੱਲੋਂ ਪਿਆਰਾ ਲਾਲ ਸੇਠ, ਦਲੀਪ ਸ਼ਰਮਾ, ਜੋਗਿੰਦਰ ਮੋਂਗਾ, ਨਰਿੰਦਰ ਸੂਰੀ, ਗੁਰਬੀਰ ਸਿੰਘ, ਰਾਜਾ ਚੱਢਾ, ਸੁਨੀਲ ਅਰੋੜਾ, ਰਾਜੀਵ ਜੇਤਲੀ ਆਦਿ ਸ਼ਾਮਿਲ ਸਨ। ਇਹਨਾਂ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਫੈਕਟਰੀਆਂ ਦੇ ਮਾਲਕਾਂ ਦੀ ਜਥੇਬੰਦੀ ਵੱਲੋਂ ਮਜ਼ਦੂਰਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ ਬਾਰੇ

• ਬਾਕੀ ਸਫਾ 2 'ਤੇ

### ਕੰਡਕਟਰ ਦੇ ਪਰਵਾਰ ਨੂੰ 40 ਲੱਖ ਰੁਪਏ ਦਾ ਬੀਮਾ ਚੈੱਕ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀਰਵਾਰ ਪੀ ਆਰ ਟੀ ਸੀ ਦੇ ਕੰਡਕਟਰ ਰਮਨਦੀਪ ਸਿੰਘ, ਜਿਸ ਨੇ ਡਿਊਟੀ ਦੌਰਾਨ ਦੁਖਦਾਈ ਤੌਰ 'ਤੇ ਆਪਣੀ ਜਾਨ ਗੁਆ ਦਿੱਤੀ ਸੀ, ਦੇ ਪਰਵਾਰ ਨੂੰ 40 ਲੱਖ ਰੁਪਏ ਦਾ ਮੁਆਵਜ਼ਾ ਚੈੱਕ ਭੇਟ ਕੀਤਾ।ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਘੁਮਿਆਰਾ ਦਾ ਰਹਿਣ ਵਾਲਾ ਰਮਨਦੀਪ ਸਿੰਘ 2 ਜਨਵਰੀ 2017 ਨੂੰ ਆਊਟਸੋਰਸਿੰਗ ਏਜੰਸੀ ਰਾਹੀਂ ਪੀ ਆਰ ਟੀ ਸੀ ਵਿੱਚ ਬਤੌਰ ਕੰਡਕਟਰ ਭਰਤੀ ਹੋਇਆ ਸੀ। ਵਿੱਤ ਮੰਤਰੀ ਵੱਲੋਂ ਮ੍ਰਿਤਕ ਦੇ ਪਿਤਾ ਪ੍ਰਗਟ ਸਿੰਘ ਨੂੰ ਚੈੱਕ ਸੌਂਪਿਆ ਗਿਆ।

ਇਸ ਦੌਰਾਨ ਚੀਮਾ ਨੇ ਕਿਹਾ, 'ਇਹ ਮੁਆਵਜ਼ਾ ਪੀ ਆਰ ਟੀ ਸੀ ਅਤੇ ਪੰਜਾਬ ਐਂਡ ਸਿੰਧ ਬੈਂਕ ਵਿਚਾਲੇ ਹੋਏ ਬੀਮਾ ਸਮਝੌਤੇ ਦੇ ਹਿੱਸੇ ਵਜੋਂ ਤੈਅ ਕੀਤੀਆਂ ਗਈਆਂ ਕਾਰਪੋਰੇਟ ਬੀਮਾ ਸ਼ਰਤਾਂ ਤਹਿਤ ਦੁਖੀ ਪਰਵਾਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਹੈ।'

### ...ਬਾਜ਼ ਨਹੀਂ ਆਉਂਦੇ



**ਚੰਡੀਗੜ੍ਹ** : ਹਾਲ ਹੀ ਵਿੱਚ ਵਾਇਰਲ ਵੀਡੀਓ ਨੇ ਸੈਲਾਨੀਆਂ ਦੀਆਂ ਗੈਰ-ਜ਼ਿੰਮੇਵਾਰਾਨਾ ਹਰਕਤਾਂ ਕਾਰਨ ਅਕਸਰ ਪੈਦਾ ਹੁੰਦੇ ਵਿਵਾਦ ਨੂੰ ਮੁੜ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਵੀਡੀਓ ਵਿੱਚ ਪੰਜਾਬੀ ਨੌਜਵਾਨ ਪਹਾੜੀ ਪਿੰਡ ਦੇ ਇੱਕ ਤੰਗ ਕੱਚੇ ਰਸਤੇ ਦੇ ਵਿਚਕਾਰ ਮਹਿਫਲ ਲਾਈ ਦਿਖਾਈ ਦੇ ਰਹੇ ਹਨ। ਸ਼ਰਾਬ ਦੀਆਂ ਬੋਤਲਾਂ, ਖਾਣ-ਪੀਣ ਦਾ ਸਮਾਨ, ਕੂਲਰ ਅਤੇ ਪਾਰਕ ਕੀਤੀਆਂ ਗੱਡੀਆਂ ਨੇ ਲਾਂਘੇ ਨੂੰ ਘੇਰਿਆ ਹੋਇਆ ਹੈ। ਸਾਫ ਦਿਖਾਈ ਦੇ ਰਿਹਾ ਹੈ ਕਿ ਸਥਾਨਕ ਨਿਵਾਸੀ ਖਾਸ ਕਰ ਜ਼ਰੂਰੀ ਵਸਤਾਂ ਲੈ ਕੇ ਜਾ ਰਹੀਆਂ ਔਰਤਾਂ ਇਸ ਮਹਿਫਲ ਅਤੇ ਪਹਾੜੀ ਢਲਾਣ ਦੇ ਵਿਚਕਾਰੋਂ ਬੜੀ ਮੁਸ਼ਕਲ ਨਾਲ ਲੰਘੀਆਂ।

ਵੀਡੀਓ ਦੇ ਅਖੀਰ ਵਿੱਚ ਇੱਕ ਸ਼ਖਸ ਪਹਾੜਾਂ ਦੀ ਕੁਦਰਤੀ ਸੁੰਦਰਤਾ ਨੂੰ ਵਿਗਾੜਦਾ ਹੋਇਆ ਚਟਾਨਾਂ ਉੱਤੇ ਕੁਝ ਲਿਖਦਾ ਨਜ਼ਰ ਆ ਰਿਹਾ ਹੈ। ਹਾਲਾਂਕਿ ਇਸ ਵੀਡੀਓ ਦੀ ਸੱਚਾਈ ਅਤੇ ਸਹੀ ਸਥਾਨ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ, ਪਰ ਇਸ ਨੇ ਇੰਟਰਨੈੱਟ 'ਤੇ ਲੋਕਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਵੀਡੀਓ ਉੱਤਰਾਖੰਡ ਤੇ ਹਿਮਾਚਲ ਪ੍ਰਦੇਸ਼ ਵਰਗੇ ਮਸ਼ਹੂਰ ਸੈਰ-ਸਪਾਟਾ ਸਥਾਨਾਂ ਵਿੱਚ ਪੈਦਾ ਹੋ ਰਹੀ ਇੱਕ ਵੱਡੀ ਚੁਣੌਤੀ ਵੱਲ ਇਸ਼ਾਰਾ ਕਰਦੀ ਹੈ, ਜਿੱਥੇ ਸੈਲਾਨੀਆਂ ਦੀ ਵਧਦੀ ਆਮਦ ਸਥਾਨਕ ਜਨ-ਜੀਵਨ ਲਈ ਮੁਸੀਬਤ ਬਣ ਰਹੀ ਹੈ। ਸਥਾਨਕ ਲੋਕਾਂ ਲਈ ਇਹ ਤੰਗ ਰਸਤੇ ਰੋਜ਼ਾਨਾ ਦੇ ਕੰਮਕਾਜ ਲਈ ਇੱਕ ਜੀਵਨ-ਰੇਖਾ ਦਾ ਕੰਮ ਕਰਦੇ ਹਨ, ਪਰ ਸੈਲਾਨੀਆਂ ਵੱਲੋਂ ਇਨ੍ਹਾਂ ਨੂੰ ਮਨੋਰੰਜਨ ਦੇ ਅੱਡਿਆਂ ਵਜੋਂ ਵਰਤਣਾ ਸਥਾਨਕ ਭਾਈਚਾਰੇ ਪ੍ਰਤੀ ਸਤਿਕਾਰ ਅਤੇ ਨਾਗਰਿਕ ਸੂਝ-ਬੂਝ ਦੀ ਘਾਟ ਨੂੰ ਦਰਸਾਉਂਦਾ ਹੈ।

### ਦਿੱਲੀ ਹਵਾਈ ਅੱਡੇ 'ਚ ਖੜ੍ਹੇ ਜਹਾਜ਼ 'ਚ ਵੱਜਾ ਜਹਾਜ਼

**ਨਵੀਂ ਦਿੱਲੀ** : ਇੱਥੇ ਹਵਾਈ ਅੱਡੇ 'ਤੇ ਵੀਰਵਾਰ ਦੁਪਹਿਰ ਵੇਲੇ ਸਪਾਈਸ ਜੈੱਟ ਦਾ ਜਹਾਜ਼ ਪਾਰਕਿੰਗ ਏਰੀਏ ਵਿੱਚ ਖੜ੍ਹੇ ਅਕਾਸਾ ਏਅਰਲਾਈਨ ਦੇ ਜਹਾਜ਼ ਨਾਲ ਟਕਰਾ ਗਿਆ। ਇਸ ਕਾਰਨ ਦੋਵਾਂ ਜਹਾਜ਼ਾਂ ਨੂੰ ਨੁਕਸਾਨ ਪਹੁੰਚਿਆ, ਪਰ ਸਾਰੇ ਯਾਤਰੀ ਅਤੇ ਕਰਿਊ ਮੈਂਬਰ ਸੁਰੱਖਿਅਤ ਹਨ। ਸਪਾਈਸ ਜੈੱਟ ਦੇ ਬੁਲਾਰੇ ਅਨੁਸਾਰ ਇਸ ਘਟਨਾ ਵਿੱਚ ਉਨ੍ਹਾ ਦੇ ਜਹਾਜ਼ ਦੇ ਸੱਜੇ ਖੰਭ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਅਕਾਸਾ ਦੇ ਜਹਾਜ਼ ਦੇ ਪੱਖੇ ਨੂੰ ਵੀ ਸੱਟ ਵੱਜੀ ਹੈ। ਟੱਕਰ ਉਦੋਂ ਹੋਈ, ਜਦੋਂ ਲੇਹ ਤੋਂ ਆਇਆ ਸਪਾਈਸ ਜੈੱਟ ਦਾ ਜਹਾਜ਼ ਗੇਟ ਵੱਲ ਵਧ ਰਿਹਾ ਸੀ ਅਤੇ ਅਕਾਸਾ ਏਅਰ ਦਾ ਜਹਾਜ਼ ਹੈਦਰਾਬਾਦ ਜਾਣ ਲਈ ਪੁਸ਼ਬੈਕ ਕਰ ਰਿਹਾ ਸੀ।

## ਅੱਜ-ਨਾਮਾ

ਦਿਨ ਤੇ ਰਾਤ ਗਿਣ ਲੰਘਦਾ ਵਕਤ ਜਾਂਦਾ,
ਰਫਤਾਰ ਸਮੇਂ ਦੀ ਮਾਣਸ ਤੋਂ ਤੇਜ਼ ਬੇਲੀ।
ਵਹਿੰਦੇ ਵਹਿਣ ਦੇ ਵਾਂਗ ਇਹ ਵਹੀ ਜਾਵੇ,
ਲੁਕਾਈ ਭੇਦ ਰੱਖਦਾ ਸਨਸਨੀਖੇਜ਼ ਬੇਲੀ।
ਚੋਣ-ਚੱਕਰ ਵਿੱਚ ਆਗੂ ਜੋ ਘੁੰਮਣ ਵਾਲੇ,
ਪਲਟਦਾ ਵਕਤ ਆ ਉਨ੍ਹਾਂ ਦਾ ਪੇਜ ਬੇਲੀ।
ਵਹਿਣ ਭਲਕ ਨੂੰ ਚਿੱਕੜ ਵੀ ਬਣ ਸਕਦਾ,
ਰਹਿੰਦੀ ਸਜੀ ਨਹੀਂ ਫੁੱਲਾਂ ਦੀ ਸੇਜ਼ ਬੇਲੀ।
ਜਾਵਣਾ ਪਊ ਜਦ ਜਨਤਾ ਦੀ ਸੱਥ ਮੂਹਰੇ,
ਉਸ ਦਿਨ ਦੇਣਾ ਪਊ ਸਭ ਹਿਸਾਬ ਬੇਲੀ।
ਬੀਬੇ ਚਿਹਰੇ ਦੇ ਹੇਠ ਪਿਆ ਕੀ ਛਿਪਿਆ,
ਲੱਗਣਾ ਪਲ ਨਹੀਂ ਲਹਿੰਦੇ ਨਕਾਬ ਬੇਲੀ।

-ਤੀਸ ਮਾਰ ਖਾਂ

## ਪਾਰਟੀ ਦੀ ਮਜ਼ਬੂਤੀ ਲਈ ਹਰ ਚੁਣੌਤੀ ਦਾ ਡਟ ਕੇ ਕਰਾਂਗੇ ਸਾਹਮਣਾ : ਧਾਲੀਵਾਲ, ਅਰਸ਼ੀ



**ਮਾਨਸਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ ਦੀ 25 ਵੀਂ ਸੂਬਾਈ ਕਾਨਫਰੰਸ ਦੌਰਾਨ ਸਰਬਸੰਮਤੀ ਨਾਲ ਹੋਈ ਚੋਣ ਦੌਰਾਨ ਨਵੇਂ ਬਣੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਤੇ ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ ਤੇ ਮੈਂਬਰ ਕੇਂਦਰੀ ਕੰਟਰੋਲ ਕਮਿਸ਼ਨ ਦਾ ਮਾਨਸਾ ਸਥਿਤ ਪਾਰਟੀ ਦਫ਼ਤਰ ਵਿਖੇ ਪਹੁੰਚਣ ਸਮੇਂ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਤੇ ਸਮੁੱਚੀ ਲੀਡਰਸ਼ਿਪ ਵੱਲੋਂ ਗਰਮਜੋਸ਼ੀ ਤੇ ਨਾਅਰਿਆਂ ਦੀ ਗੂੰਜ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸਨਮਾਨ ਸਮਾਰੋਹ ਦੌਰਾਨ ਸੂਬਾ ਸਕੱਤਰ ਧਾਲੀਵਾਲ ਨੇ ਕਿਹਾ ਕਿ ਅਜੋਕੇ ਦੌਰ ਸਮੇਂ ਪਾਰਟੀ ਤੇ ਲਹਿਰ ਦੀ ਮਜ਼ਬੂਤੀ ਲਈ ਹਰ ਚੁਣੌਤੀ ਦਾ ਡਟ ਕੇ ਸਾਹਮਣਾ ਕਰਾਂਗੇ। ਸਰਮਾਏਦਾਰੀ ਤੇ ਫਾਸ਼ੀਵਾਦ ਜਿੱਥੇ ਹਰ ਦਿਨ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਲਈ ਤਤਪਰ ਹਨ ਅਤੇ ਦੇਸ਼ ਦੇ ਸੰਵਿਧਾਨ ਨੂੰ ਵੀ ਕਮਜ਼ੋਰ ਕਰਨ ਲਈ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਵਧ ਰਹੀ ਅਤਿ ਦੀ ਫ਼ਿਰਕਾਪ੍ਰਸਤੀ, ਭਾਈਚਾਰਕ ਸਾਂਝ ਲਈ ਇੱਕ ਦੀਵਾਰ ਬਣ ਚੁੱਕੀ ਹੈ, ਜੋ ਕਿ ਆਰਥਿਕ, ਸਮਾਜਿਕ ਤੇ ਰਾਜਨੀਤਕ ਵਿਕਾਸ ਲਈ ਵੱਡੀ ਚੁਣੌਤੀ ਹੈ।ਉਹਨਾਂ ਬੇਰੁਜ਼ਗਾਰੀ, ਨਸ਼ੇ, ਗੈਂਗਸਟਰਵਾਦ ਖ਼ਿਲਾਫ਼ ਪਾਰਟੀ ਵੱਲੋਂ ਲੋਕ ਲਾਮਬੰਦੀ ਦੀ ਅਪੀਲ ਕੀਤੀ। ਨੌਜਵਾਨਾਂ ਲਈ ਰੁਜ਼ਗਾਰ, ਕਰਜ਼ ਮੁਕਤ ਪੰਜਾਬ ਤੇ ਔਰਤਾਂ ਦੇ ਅਧਿਕਾਰਾਂ ਤੇ ਸਨਮਾਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।ਉਨ੍ਹਾ ਕਾਲੇ ਕਾਨੂੰਨਾਂ ਖ਼ਿਲਾਫ਼ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਦੁਕਾਨਦਾਰਾਂ, ਨੌਜਵਾਨਾਂ ਤੇ ਵਿਦਿਆਰਥੀਆਂ ਤੋਂ ਸਹਿਯੋਗ ਦੀ ਅਪੀਲ ਕੀਤੀ।

ਇਸ ਮੌਕੇ ਸੂਬਾਈ ਲੀਡਰਸ਼ਿਪ ਵਜੋਂ ਨਿਰਮਲ ਸਿੰਘ ਧਾਲੀਵਾਲ ਤੇ ਹਰਦੇਵ ਸਿੰਘ ਅਰਸ਼ੀ ਨੇ ਜ਼ਿਲ੍ਹਾ ਲੀਡਰਸ਼ਿਪ ਕ੍ਰਿਸ਼ਨ ਸਿੰਘ ਚੌਹਾਨ ਦਾ ਸੂਬਾ ਸਕੱਤਰੇਤ ਮੈਂਬਰ, ਵੇਦ ਪ੍ਰਕਾਸ਼ ਬੁਢਲਾਡਾ ਮੈਂਬਰ ਸੂਬਾ ਕੰਟਰੋਲ ਕਮਿਸ਼ਨ, ਐਡਵੋਕੇਟ ਕੁਲਵਿੰਦਰ ਉੱਡਤ, ਰੂਪ ਸਿੰਘ ਢਿੱਲੋਂ, ਸੀਤਾ ਰਾਮ ਗੋਬਿੰਦਪੁਰਾ ਤੇ ਜਗਸੀਰ ਸਿੰਘ ਰਾਏਕੇ ਮੈਂਬਰ ਸੂਬਾ ਕੌਂਸਲ ਚੁਣੇ ਜਾਣ 'ਤੇ ਵਿਸ਼ੇਸ਼ ਸਨਮਾਨ ਵੀ ਕੀਤਾ।

ਹੋਰਨਾਂ ਤੋਂ ਇਲਾਵਾ ਰਤਨ ਭੋਲਾ ਸ਼ਹਿਰੀ ਸਕੱਤਰ, ਕਰਨੈਲ ਸਿੰਘ ਭੀਖੀ ਏਟਕ, ਪੂਰਨ ਸਿੰਘ ਸਰਦੂਲਗੜ੍ਹ, ਰਾਜ ਕੁਮਾਰ ਸ਼ਰਮਾ, ਬਲਵੰਤ ਸਿੰਘ ਫੱਕਰ, ਅਰਵਿੰਦਰ ਕੌਰ, ਹਰਦਿਆਲ ਸਿੰਘ ਬੁਢਲਾਡਾ, ਪ੍ਰਕਾਸ਼ ਬੁਢਲਾਡਾ, ਝੰਡਾ ਸਿੰਘ, ਲਾਭ ਸਿੰਘ ਮੰਢਾਲੀ, ਸੁਖਦੇਵ ਸਿੰਘ ਪੰਧੇਰ, ਗੁਰਦਿਆਲ ਸਿੰਘ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਕਿਰਨਾ ਰਾਣੀ ਐੱਮ ਸੀ, ਸੁਖਦੇਵ ਸਿੰਘ ਮਾਨਸਾ, ਜੱਗਾ ਸਿੰਘ ਸ਼ੇਰ ਖਾਂ, ਮਲਕੀਤ ਸਿੰਘ ਬਖਸ਼ੀਵਾਲਾ ਆਦਿ ਆਗੂ ਵੀ ਹਾਜ਼ਰ ਸਨ।

## ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਅੱਜ ਮੰਤਰੀ ਦੀਆਂ ਅਰਥੀਆਂ ਫੂਕਣ ਦਾ ਐਲਾਨ

**ਮੀਟਿੰਗ ਬੇਸਿੱਟਾ ਰਹਿਣ ਕਰਕੇ ਵਰਕ-ਟੂ-ਰੂਲ ਦਾ ਸੰਘਰਸ਼ ਜਾਰੀ ਰਹੇਗਾ**



**ਚੰਡੀਗੜ੍ਹ** : ਬਿਜਲੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੇ ਸਾਂਝੇ ਥੜ੍ਹੇ 'ਤੇ ਅਧਾਰਤ ਪੀ ਐੱਸ ਈ ਬੀ ਇੰਪਲਾਇਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ. 24), ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ (ਏਟਕ), ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੀ ਸੂਬਾਈ ਲੀਡਰਸ਼ਿਪ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਸਾਂਝੇ ਥੜ੍ਹੇ ਵੱਲੋਂ ਸੰਘਰਸ਼ ਉਲੀਕਿਆ ਗਿਆ ਸੀ, ਜਿਸ ਦੇ ਚਲਦੇ 10 ਅਪ੍ਰੈਲ ਨੂੰ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਅੱਗੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਸੂਬਾ ਪੱਧਰੀ ਵਿਸ਼ਾਲ ਧਰਨਾ ਦਿੱਤਾ ਗਿਆ ਅਤੇ ਮੁੱਖ ਦਫਤਰ ਵਿੱਚ ਬਿਜਲੀ ਮੰਤਰੀ ਦੀ ਹਾਜ਼ਰੀ ਦੌਰਾਨ ਗੇਟਾਂ 'ਤੇ ਕੀਤੇ ਗਏ ਰੋਸ ਪ੍ਰਦਰਸ਼ਨ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿਚਲੇ ਰੋਹ ਨੂੰ ਦੇਖਦੇ ਹੋਏ ਮੌਕੇ 'ਤੇ ਹੀ ਜਥੇਬੰਦੀਆਂ ਨੂੰ ਬਿਜਲੀ ਮੰਤਰੀ ਅਤੇ ਪਾਵਰ

• ਬਾਕੀ ਸਫਾ 2 'ਤੇ

## 12 ਏਕੜ ਕਣਕ ਦੀ ਫਸਲ ਸੜ ਕੇ ਸਵਾਹ



**ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬੀਤੇ ਬੁੱਧਵਾਰ ਤਕਰੀਬਨ 2 ਵਜੇ ਸੁਨਾਮ ਨੇੜੇ ਡੈਂਟਲ ਕਾਲਜ ਦੀ ਬੈਕ ਸਾਈਡ ਉਸ ਵੇਲੇ ਹਾਹਾਕਾਰ ਮੱਚ ਗਈ, ਜਦੋਂ ਕਿਸਾਨ ਤਰਲੋਕ ਸਿੰਘ ਦੇ ਖੇਤਾਂ ਵਿੱਚ ਲੱਗੀ ਭਿਆਨਕ ਅੱਗ ਬਹੁਤ ਵੱਡਾ ਰੂਪ ਧਾਰਨ ਕਰ ਗਈ, ਜਿਸ ਦਾ ਕਿ ਨੁਕਸਾਨ 12 ਏਕੜ ਦੇ ਕਰੀਬ ਦੱਸਿਆ ਜਾਂਦਾ ਹੈ। ਤਰਲੋਕ ਸਿੰਘ ਤੇ ਉਸ ਦੇ ਪਰਿਵਾਰ ਮੈਂਬਰਾਂ ਨੇ ਬਿਆਨ ਕੀਤਾ ਹੈ ਕਿ ਕੰਬਾਈਨ ਚੱਲ ਰਹੀ ਸੀ ਕਿਸੇ ਪਾਸਿਓਂ ਚੰਗਿਆੜੀ ਉੱਠੀ ਤੇ ਭਿਆਨਕ ਅੱਗ ਦਾ ਰੂਪ ਧਾਰਨ ਕਰ ਗਈ।ਕਿਸਾਨ ਵੱਲੋਂ ਕੁਝ ਦੋਸ਼ ਡੈਂਟਲ ਕਾਲਜ ਦੀ ਬੈਕ ਸਾਈਡ 'ਤੇ ਲੱਗੀ ਅੱਗ 'ਤੇ ਵੀ ਲਗਾਏ ਹੋਏ ਹਨ।ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਵੀ ਕਈ ਵਾਰੀ ਇਨ੍ਹਾਂ ਨੂੰ ਅੱਗ ਨਾ ਲਾਉਣ ਵਾਸਤੇ ਕਹਿ ਚੁੱਕੇ ਹਾਂ। ਨੇੜੇ ਦੇ ਪਿੰਡ ਲਖਮੀਰਵਾਲਾ ਦੇ ਵਾਸੀਆਂ ਤੇ ਸੁਨਾਮ ਦੇ ਲੋਕਾਂ ਵੱਲੋਂ ਅਤੇ ਫਾਇਰਬ੍ਰਿਗੇਡ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ।

## ਡਾ ਓਬਰਾਏ ਦੇ ਜਨਮ ਦਿਨ ਮੌਕੇ ਲਾਇਆ ਅੱਖਾਂ ਦਾ ਕੈਂਪ



**ਮਲੋਟ (ਸ਼ਮਿੰਦਰਪਾਲ, ਪੂਜਾ)**-ਮਾਨਵਤਾ ਦੀ ਭਲਾਈ ਨੂੰ ਸਮਰਪਿਤ ਡਾਕਟਰ ਐਸ ਪੀ ਸਿੰਘ ਓਬਰਾਏ ਦਾ 70 ਵਾਂ ਜਨਮ ਦਿਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਐਡਵਰਡਗੰਜ ਹਸਪਤਾਲ ਮਲੋਟ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾ ਕੇ ਮਨਾਇਆ ਗਿਆ ਇਸ ਕੈਂਪ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਅਤੇ ਦੂਸਰੇ ਮਾਹਿਰ ਅੱਖਾਂ ਦੇ ਡਾਕਟਰਾਂ ਨਾਲ ਅੱਖਾਂ ਦੀ ਜਾਂਚ ਕੀਤੀ ਅਤੇ ਡਾਕਟਰ ਐਸ ਪੀ ਸਿੰਘ ਓਬਰਾਏ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ।ਅੱਖਾਂ ਦੇ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀਆਂ ਬੀਮਾਰੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਕੈਂਪ ਦੌਰਾਨ 300 ਦੇ ਕਰੀਬ ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਜਸਵਿੰਦਰ ਸਿੰਘ ਵਾਲੀਆ, ਰਾਮ ਸਿੰਘ ਪੰਜੂ, ਸੋਹਣ ਲਾਲ ਗੁੰਬਰ, ਕਮਲ ਬਾਂਗਲਾ, ਵਿਸ਼ੂ ਮਲੂਜਾ, ਗਗਨ ਸੇਤੀਆ, ਸੁਨੀਲ ਚਲਾਨਾ, ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਲੇਡੀਜ਼ ਵਿੰਗ ਮਲੋਟ ਦੀਆਂ ਵਲੰਟੀਅਰ ਕਿਰਨ, ਮਨਜੀਤ ਕੌਰ ਆਦਿ ਹਾਜ਼ਰ ਸਨ।

## ਪ੍ਰਾਈਵੇਟ ਸਕੂਲਾਂ 'ਚ 25 ਫ਼ੀਸਦੀ ਦਾਖਲੇ ਲੋੜਵੰਦ ਪਰਵਾਰਾਂ ਲਈ ਯਕੀਨੀ ਬਣਾਏ ਜਾਣ : ਹਰਜੀਤ ਖਿਆਲੀ



**ਮਹਿਲ ਕਲਾਂ (ਪੱਤਰ ਪ੍ਰੇਰਕ)**-ਪੰਜਾਬ ਸਰਕਾਰ ਸਿੱਖਿਆ ਦੇ ਅਧਿਕਾਰ ਐਕਟ 2009 ਅਧੀਨ ਸੂਬੇ ਦੇ ਸਮੂਹ ਪ੍ਰਾਈਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਲਈ ਰਾਖਵੇਂ ਰੱਖੇ ਗਏ ਕੋਟੇ ਤਹਿਤ ਤੁਰੰਤ ਦਾਖ਼ਲੇ ਸ਼ੁਰੂ ਕਰਵਾਏ। ਇਹ ਮੰਗ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖ਼ਿਆਲੀ ਨੇ ਇੱਥੇ ਗੱਲਬਾਤ ਕਰਦਿਆਂ ਉਠਾਈ। ਉਨ੍ਹਾਂ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 19 ਫ਼ਰਵਰੀ 2025 ਨੂੰ ਇਸ ਐਕਟ ਨੂੰ ਇੰਨ-ਬਿੰਨ ਲਾਗੂ ਕਰਨ ਦੇ ਸਪੱਸ਼ਟ ਹੁਕਮ ਦਿੱਤੇ ਗਏ ਸਨ, ਪਰ ਸਰਕਾਰ ਦੀ ਸੁਸਤ ਰਫ਼ਤਾਰ ਕਾਰਨ ਇਹ ਫ਼ੈਸਲਾ ਪਿਛਲੇ ਵਿਦਿਅਕ ਵਰ੍ਹੇ 2025-26 ਵਿੱਚ ਵੀ ਲਾਗੂ ਨਹੀਂ ਹੋ ਸਕਿਆ ਅਤੇ ਹੁਣ ਨਵਾਂ ਵਿਦਿਅਕ ਸੈਸ਼ਨ 2026-27 ਸ਼ੁਰੂ ਹੋਣ ਦੇ ਬਾਵਜੂਦ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇਕਰ ਜਲਦੀ ਕੋਈ ਠੋਸ ਕਦਮ ਨਾ ਚੁੱਕਿਆ ਗਿਆ ਤਾਂ ਸੰਘਰਸ਼ ਵਿੱਢਿਆ ਜਾਵੇਗਾ। ਦੂਜੇ ਪਾਸੇ, ਜਦੋਂ ਇਸ ਸਬੰਧੀ ਸਕੂਲ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਆਪਣਾ ਪੱਖ ਰੱਖਦਿਆਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਅਜੇ ਤੱਕ ਉਨ੍ਹਾਂ ਨੂੰ ਕੋਈ ਵੀ ਅਧਿਕਾਰਤ ਨੋਟੀਫਿਕੇਸ਼ਨ ਜਾਂ ਲਿਖਤੀ ਪੱਤਰ ਪ੍ਰਾਪਤ ਨਹੀਂ ਹੋਇਆ ਹੈ, ਜਿਸ ਕਾਰਨ ਉਹ ਨਿਯਮਾਂ ਅਨੁਸਾਰ ਵਿਦਿਆਰਥੀਆਂ ਨੂੰ ਦਾਖ਼ਲਿਆਂ ਵਿੱਚ ਕੋਈ ਵੀ ਛੋਟ ਜਾਂ ਰਾਹਤ ਦੇਣ ਤੋਂ ਅਸਮਰੱਥ ਹਨ।

## ਵਰਲਡ ਯੂਨੀਵਰਸਿਟੀ ਵਿਖੇ ਕੀਰਤਨ ਦਰਬਾਰ ਕਰਵਾਇਆ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਵਿਖੇ ਵਾਇਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਸੰਗੀਤ ਵਿਭਾਗ ਵੱਲੋਂ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਤ ਕੀਰਤਨ ਦਰਬਾਰ ਕਰਵਾਇਆ ਗਿਆ।ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੰਗੀਤ ਵਿਭਾਗ ਵਿੱਚ ਬਤੌਰ ਪ੍ਰੋਫੈਸਰ ਤੇ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਵਜੋਂ ਸੇਵਾ ਨਿਭਾਅ ਰਹੇ ਡਾ. ਅਲੰਕਾਰ ਸਿੰਘ ਨੇ ਗੁਰਬਾਣੀ ਦੇ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਸੰਗੀਤ ਵਿਭਾਗ ਦੇ ਮੁਖੀ ਸ. ਹਰਪ੍ਰੀਤ ਸਿੰਘ ਦੇ ਨਾਲ-ਨਾਲ ਮਿਸ ਰਵਿੰਦਰ ਕੌਰ, ਮਿਸ ਲਖਵਿੰਦਰ ਕੌਰ ਤੇ ਮਿਸ ਸ਼ਬਨਮ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਿਰਧਾਰਤ ਰਾਗਾਂ ਤੇ ਦਸਮ ਬਾਣੀ ਅਧਾਰਤ ਕੀਰਤਨ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਰੂਹਾਨੀ ਰੰਗ ਬਖ਼ਸ਼ਿਆ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਰਜਿਸਟਰਾਰ (ਪ੍ਰੋ.) ਡਾ. ਤੇਜਬੀਰ ਸਿੰਘ, ਡੀਨ ਰਿਸਰਚ ਪ੍ਰੋ. (ਡਾ.) ਨਵਦੀਪ ਕੌਰ, ਡਾ. ਹਰਦੇਵ ਸਿੰਘ (ਮੁਖੀ, ਧਰਮ ਅਧਿਐਨ ਵਿਭਾਗ), ਡਿਪਟੀ ਰਜਿਸਟਰ (ਰਜਿਸਟਰੇਸ਼ਨ) ਮਿਸ ਬਲਵਿੰਦਰ ਕੌਰ ਤੇ ਡਾ. ਰੀਚਾ ਬਰਾੜ (ਮੁਖੀ, ਗਣਿਤ ਵਿਭਾਗ) ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ, ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

## ਵਿਧਾਇਕ ਗਿਆਸਪੁਰਾ ਨੇ ਦੋਰਾਹਾ 'ਚ ਵਿਕਾਸ ਕੰਮ ਸ਼ੁਰੂ ਕਰਵਾਏ



**ਦੋਰਾਹਾ (ਹਰਮਿੰਦਰ ਸੇਠ)**-ਹਲਕਾ ਪਾਇਲ ਤੋਂ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਨੇ ਬੁੱਧਵਾਰ ਨੂੰ ਦੋਰਾਹਾ ਦੇ ਵਾਰਡ ਨੰਬਰ 4 ਤੇ 5 ਦੀਆਂ ਗਲੀਆਂ ਨੂੰ ਪੱਕਾ ਕਰਨ ਲਈ ਕਰੀਬ 36.21 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦਾ ਉਦਘਾਟਨ ਕਰਕੇ ਕੰਮ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਗੁਰਦਰਸ਼ਨ ਕੁਮਾਰ ਸ਼ਰਮਾ ਵੀ ਮੌਜੂਦ ਸਨ।ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੱਸਿਆ ਕਿ ਦੋਰਾਹਾ ਦੇ ਵਾਰਡ ਨੰ: 04 ਵਿਖੇ ਸੰਤ ਸਵਰਨ ਸਿੰਘ ਦੇ ਘਰ ਤੋਂ ਪੂਰਨ ਦੇ ਘਰ ਤੱਕ ਇੰਟਰਲਾਕ ਟਾਈਲਾਂ ਲਗਾਉਣ 'ਤੇ ਕਰੀਬ 8.51 ਲੱਖ ਰੁਪਏ ਦੀ ਲਾਗਤ ਤੇ ਵਾਯੂ ਦੀ ਦੁਕਾਨ ਤੋਂ ਗੁੱਡੂ ਖਾਨ ਦੇ ਘਰ ਤੱਕ ਇੰਟਰਲਾਕ ਟਾਈਲਾਂ ਲਗਾਉਣ 'ਤੇ ਕਰੀਬ 7.88 ਲੱਖ ਰੁਪਏ ਦੀ ਲਾਗਤ ਆਵੇਗੀ।ਇਸੇ ਤਰ੍ਹਾਂ ਦੋਰਾਹਾ ਦੇ ਵਾਰਡ ਨੰ: 05 ਵਿਖੇ ਰਜਿੰਦਰਪਾਲ ਦੇ ਘਰ ਤੋਂ ਪ੍ਰੇਮ ਮੋਟਰ ਦੇ ਘਰ ਤੱਕ ਇੰਟਰਲਾਕ ਟਾਈਲਾਂ ਲਗਾਉਣ 'ਤੇ ਕਰੀਬ 9.95 ਲੱਖ ਰੁਪਏ ਦੀ ਲਾਗਤ ਤੇ ਰਵੀ ਮਹਿਤਾ ਦੇ ਘਰ ਤੋਂ ਹਜ਼ਾਰਾ ਲਾਲ ਤੇ ਸ਼ਿੰਗਾਰਾ ਲਾਲ ਦੇ ਘਰ ਤੱਕ ਇੰਟਰਲਾਕ ਟਾਈਲਾਂ ਲਗਾਉਣ 'ਤੇ ਕਰੀਬ 9.87 ਲੱਖ ਰੁਪਏ ਦੀ ਲਾਗਤ ਆਵੇਗੀ।ਵਿਧਾਇਕ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਲੋਕਾਂ ਦੀ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਹਰ ਗਲੀ, ਸੜਕ ਨੂੰ ਇੱਕ-ਇੱਕ ਕਰਕੇ ਪੱਕਾ ਕੀਤਾ ਜਾਵੇਗਾ ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪਹਿਲ ਦੇ ਆਧਾਰ 'ਤੇ ਮੁਹੱਈਆ ਕਰਵਾਈਆਂ ਜਾਣਗੀਆਂ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਾਇਲ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਸ ਮੌਕੇ ਉਨ੍ਹਾਂ ਇਲਾਕੇ ਵਾਸੀਆਂ ਨਾਲ ਹੋਰ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ।

## ਪ੍ਰਸ਼ਾਸਨ ਦੀਆਂ ਅਪੀਲਾਂ ਬੇਅਸਰ, ਦੁਕਾਨਦਾਰਾਂ ਵੱਲੋਂ ਮਨਮਰਜ਼ੀ ਜਾਰੀ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਨਿਹਾਲ ਸਿੰਘ ਵਾਲਾ ਵਿੱਚ ਐੱਸ ਡੀ ਐੱਮ ਵੱਲੋਂ ਦੁਕਾਨਦਾਰਾਂ ਨੂੰ ਦੁਕਾਨਾਂ ਅੱਗੇ ਪਿਆ ਸਾਮਾਨ ਹਟਾਉਣ ਲਈ ਕੀਤੀਆਂ ਅਪੀਲਾਂ ਦਾ ਕੋਈ ਖਾਸ ਅਸਰ ਦਿਖਾਈ ਨਹੀਂ ਦੇ ਰਿਹਾ।ਭਾਵੇਂ ਪ੍ਰਸ਼ਾਸਨ ਤੇ ਨਗਰਪਾਲਿਕਾ ਵੱਲੋਂ ਵਾਰ-ਵਾਰ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ, ਪਰ ਕਈ ਦੁਕਾਨਦਾਰ ਅਜੇ ਵੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ ਅਤੇ ਮਨਮਰਜ਼ੀ ਨਾਲ ਸੜਕਾਂ ਤੇ ਲਗਾਈਆਂ ਲਾਈਨਾਂ ਤੋਂ ਬਾਹਰ ਸਾਮਾਨ ਰੱਖ ਰਹੇ ਹਨ।ਨਗਰ ਪਾਲਿਕਾ ਤੇ ਐੱਸ ਡੀ ਐੱਮ ਦੇ ਨਿਯਮਾਂ ਨੂੰ ਛਿੱਕੇ 'ਤੇ ਟੰਗਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਨਗਰ ਪਾਲਿਕਾ ਦੇ ਕਰਮਚਾਰੀਆਂ ਵੱਲੋਂ ਦੁਕਾਨਾਂ ਅੱਗੇ ਲਾਈਨਾਂ ਲਗਾਈਆਂ ਗਈਆਂ ਸਨ ਤਾਂ ਜੋ ਟ੍ਰੈਫਿਕ ਤੇ ਪੈਦਲ ਆਵਾਜਾਈ ਵਿੱਚ ਕੋਈ ਰੁਕਾਵਟ ਨਾ ਆਵੇ, ਪਰ ਇਸ ਦੇ ਬਾਵਜੂਦ ਕਈ ਵਪਾਰੀ ਨਿਯਮਾਂ ਦੀ ਉਲੰਘਣਾ ਕਰਦੇ ਨਜ਼ਰ ਦਿਖਾਈ ਦਿੰਦੇ ਆ ਰਹੇ ਹਨ।ਇਸ ਮਾਮਲੇ ਸਬੰਧੀ ਜਦੋਂ ਨਗਰਪਾਲਿਕਾ ਦੇ ਇੰਸਪੈਕਟਰ ਜਤਿੰਦਰਪਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜੇਕਰ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਜੁਰਮਾਨੇ ਲਗਾਉਣ ਤੇ ਸਮਾਨ ਜ਼ਬਤ ਕਰਨ ਵਰਗੇ ਕਦਮ ਵੀ ਚੁੱਕੇ ਜਾਣਗੇ।ਸਥਾਨਕ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਅਜਿਹੀਆਂ ਕਾਰਵਾਈਆਂ ਦਾ ਅਸਰ ਕੁਝ ਦਿਨਾਂ ਲਈ ਹੀ ਰਹਿੰਦਾ ਹੈ ਤੇ ਫਿਰ ਹਾਲਾਤ ਪਹਿਲਾਂ ਵਰਗੇ ਹੋ ਜਾਂਦੇ ਹਨ।ਹੁਣ ਦੇਖਣਾ ਹੋਵੇਗਾ ਕਿ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਦਾ ਪੱਕਾ ਹੱਲ ਕਿਵੇਂ ਕੀਤਾ ਜਾਂਦਾ ਹੈ।

# ਕਣਕ ਖਰੀਦ ਨੂੰ ਲੈ ਕੇ ਬੀ ਕੇ ਯੂ ਉਗਰਾਹਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਣਕ ਦੀ ਖਰੀਦ ਨਾ ਕਰਨ ਕਰਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਜ਼ਿਲ੍ਹਾ ਕਮੇਟੀ ਮੋਗਾ ਵੱਲੋਂ ਡਿਪਟੀ ਕਮਿਸ਼ਨਰ ਮੋਗਾ ਦੇ ਦਫਤਰ ਸਾਹਮਣੇ ਧਰਨਾ ਜ਼ਿਲ੍ਹਾ ਮੀਤ ਪ੍ਰਧਾਨ ਕੁਲਦੀਪ ਕੌਰ ਕੁੱਸਾ ਦੀ ਪ੍ਰਧਾਨਗੀ ਹੇਠ ਲਾਇਆ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਰਨਲ ਸਕੱਤਰ ਗੁਰਮੀਤ ਸਿੰਘ ਕਿਸ਼ਨਪੁਰਾ ਤੇ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲਕਲਾਂ ਨੇ ਦੱਸਿਆ ਕਿ ਪਹਿਲਾਂ ਤਾਂ ਕਣਕ ਦੀ ਫਸਲ ਦੀ ਗੜਿਆਂ ਨੇ ਭਾਰੀ ਤਬਾਹੀ ਮਚਾਈ ਹੈ। ਸਰਕਾਰ ਨੇ ਕਿਸਾਨਾਂ ਦੀ ਕੋਈ ਮਦਦ ਨਹੀਂ ਕੀਤੀ।ਉਸ ਤੋਂ ਬਾਅਦ ਹੁਣ ਕਣਕ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪਰ ਸਰਕਾਰ ਕਿਸਾਨਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ।ਭਗਵੰਤ ਮਾਨ ਵਾਰ ਵਾਰ ਰੈਲੀਆਂ ਵਿੱਚ ਕਹਿੰਦਾ ਰਿਹਾ ਹੈ ਕਿ ਇੱਕ ਅਪ੍ਰੈਲ ਤੋਂ ਕਣਕ ਦੀ ਖਰੀਦ ਸ਼ੁਰੂ ਕੀਤੀ ਜਾਵੇਗੀ, ਪ੍ਰੰਤੂ 13 ਅਪ੍ਰੈਲ ਤੱਕ ਮੋਗੇ ਦੀ ਕਿਸੇ ਵੀ ਦਾਣਾ ਮੰਡੀ ਵਿੱਚ ਕਣਕ ਦੀ ਖਰੀਦ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਏਜੰਸੀਆਂ ਨੇ ਸ਼ੁਰੂ ਨਹੀਂ ਕੀਤੀ, ਜਿਸ ਕਰ ਕੇ ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹਨ।ਉਸ ਨੂੰ ਸਰਕਾਰਾਂ ਵੱਲੋਂ ਲੰਗੜੇ ਬਹਾਨੇ ਲਾ ਕੇ ਖਰੀਦ ਨਹੀਂ ਕੀਤੀ ਜਾ ਰਹੀ ਕੇਂਦਰ ਤੇ ਪੰਜਾਬ ਦੋਵੇਂ ਸਰਕਾਰਾਂ ਵੱਲੋਂ ਇੱਕ ਦੂਜੇ ਨੂੰ ਦੋਸ਼ੀ ਠਹਿਰਾ ਕੇ ਡੰਗ ਟਪਾਈ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਮੰਡੀ ਵਿੱਚ ਰੁਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮੋਗੇ ਤੋਂ ਬਾਹਰਲੀਆਂ ਮੰਡੀਆਂ ਅਜੇ ਵੀ ਸਰਕਾਰੀ ਖਰੀਦ ਨੂੰ ਤਰਸ ਰਹੀਆਂ ਹਨ।ਕੇਂਦਰ ਸਰਕਾਰ ਦੀਆਂ ਏਜੰਸੀਆਂ 14 ਤਰੀਕ ਨੂੰ ਮੋਗੇ ਤੋਂ ਸੈਂਪਲ ਲੈ ਕੇ ਗਈਆਂ ਹਨ, ਪ੍ਰੰਤੂ ਅਜੇ ਤੱਕ ਕੇਂਦਰ ਸਰਕਾਰ ਨੇ ਵੀ ਕੋਈ ਖਰੀਦ ਸਬੰਧੀ ਢਿੱਲ ਦੇਣ ਦਾ ਫੈਸਲਾ ਨਹੀਂ ਕੀਤਾ, ਜਿਸ ਤੋਂ ਸਾਫ ਜ਼ਾਹਰ ਹੈ ਕਿ ਸਰਕਾਰਾਂ ਜਾਣ ਬੁਝ ਕੇ ਖਰੀਦ ਤੋਂ ਹੱਥ ਖਿੱਚ ਰਹੀਆਂ ਹਨ, ਤਾਂ ਕਿ ਹੌਲੀ ਹੌਲੀ ਕਿਸਾਨ ਆਪ ਹੀ ਜ਼ਮੀਨਾਂ ਵੇਚਣ ਲਈ ਮਜਬੂਰ ਹੋ ਜਾਣ, ਅਸਲ ਵਿੱਚ ਸਰਕਾਰਾਂ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਹਵਾਲੇ ਕਰਨਾ ਚਾਹੁੰਦੀਆਂ ਹਨ।

ਜ਼ਿਲ੍ਹਾ ਕਮੇਟੀ ਦਾ ਵਫਦ ਕੁਲਦੀਪ ਕੌਰ ਕੁੱਸਾ ਜ਼ਿਲ੍ਹਾ ਮੀਤ ਪ੍ਰਧਾਨ ਦੀ ਅਗਵਾਈ ਹੇਠ ਡੀ ਸੀ ਮੋਗਾ ਨੂੰ ਮਿਲਿਆ। ਡੀ ਸੀ ਨੇ ਵਿਸ਼ਵਾਸ ਦਿਵਾਇਆ ਕਿ ਜਿਨ੍ਹਾਂ ਪਿੰਡਾਂ ਵਿੱਚ ਅਜੇ ਤੱਕ ਖਰੀਦ ਚਾਲੂ ਨਹੀਂ ਹੋਈ, ਉਨ੍ਹਾਂ ਪਿੰਡਾਂ ਵਿੱਚ ਕੱਲ੍ਹ ਤੱਕ ਹਰ ਹਾਲ ਵਿੱਚ ਖਰੀਦ ਚਾਲੂ ਕਰਵਾ ਦਿੱਤੀ ਜਾਵੇਗੀ।ਜੇਕਰ ਸਰਕਾਰ ਨੇ ਮੋਗਾ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਤੇਜ਼ੀ ਨਾਲ ਕਣਕ ਦੀ ਖਰੀਦ ਸ਼ੁਰੂ ਨਾ ਕੀਤੀ ਤਾਂ ਕਿਸਾਨਾਂ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਅੱਜ ਦੇ ਧਰਨੇ ਨੂੰ ਗੁਰਚਰਨ ਸਿੰਘ ਰਾਮਾ, ਬੂਟਾ ਸਿੰਘ ਭਾਗੀਕੇ, ਗੁਰਦੇਵ ਸਿੰਘ ਕਿਸ਼ਨਪੁਰਾ, ਕੁਲਦੀਪ ਕੌਰ ਕੁੱਸਾ, ਬਚਿੱਤਰ ਕੌਰ ਤਲਵੰਡੀ ਮੱਲੀਆਂ, ਹਰਮੇਲ ਸਿੰਘ ਘਾਲੀ, ਸੁਖਜੀਤ ਸਿੰਘ ਲੰਢੇਕੇ ਆਦਿ ਸਾਥੀਆਂ ਨੇ ਸੰਬੋਧਨ ਕੀਤਾ।

**ਲੁਧਿਆਣਾ (ਰੈਕਟਰ ਕਥੂਰੀਆ)** : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਵੱਲੋਂ ਸਰਕਾਰੀ ਖਰੀਦ ਚਾਲੂ ਕਰਾਉਣ ਤੇ ਫਸਲਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਲੈਣ ਸਬੰਧੀ ਅੱਜ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਵੇਲੇ ਆਗੂਆਂ ਕਿਹਾ ਸੀ ਸਰਕਾਰ ਜਾਣ ਬੁਝ ਕੇ ਨਵੀਆਂ ਨਵੀਆਂ ਸ਼ਰਤਾਂ ਮੜ ਕੇ ਕਿਸਾਨਾਂ ਦੀ ਫਸਲ ਨੂੰ ਖਰੀਦਣ ਦੇ ਲਈ ਆਨਾ-ਕਾਨੀ ਕਰ ਰਹੀ ਹੈ ਤੇ ਕਿਸਾਨਾਂ ਨੂੰ ਮੰਡੀਆਂ ਦੇ ਵਿੱਚ ਖੱਜਲਖੁਆਰ ਕੀਤਾ ਜਾ ਰਿਹਾ ਹੈ ਸਰਕਾਰ ਦੀਆਂ ਨੀਤੀਆਂ ਜੋ ਕਿ ਕਿਸਾਨਾਂ ਨੂੰ ਬਰਬਾਦ ਕਰਨ ਜਾ ਰਹੀਆਂ ਹਨ ਲਾਗੂ ਕੀਤੀਆਂ ਜਾ ਰਹੀਆਂ ਹਨ ਅਤੇ ਕਾਰਪੋਰੇਟਾਂ ਨੂੰ ਵਪਾਰੀਆਂ ਨੂੰ ਲੁੱਟਣ ਦੀ ਖੁੱਲ ਦਿੱਤੀ ਜਾ ਰਹੀ ਹੈ, ਜੋ ਕਿ ਕਿਸਾਨ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਸਰਕਾਰ ਵੱਲੋਂ ਫਸਲਾਂ ਦੀ ਬਰਬਾਦੀ ਦਾ ਵੀ ਹਾਲੇ ਤੱਕ ਕੋਈ ਮੁਆਵਜ਼ਾ ਕਿਸਾਨਾਂ ਨੂੰ ਨਹੀਂ ਦਿੱਤਾ ਗਿਆ, ਜਦੋਂ ਕਿ ਕਾਰਪੋਰੇਟਰਾਂ ਦੇ ਲੱਖਾਂ ਕਰੋੜਾਂ ਰੁਪਏ ਮਾਫ਼ ਵੀ ਕੀਤੇ ਜਾਂਦੇ ਹਨ ਤੇ ਹੋਏ ਨੁਕਸਾਨ ਦੀ ਭਰਪਾਈ ਵੀ ਕੀਤੀ ਜਾਂਦੀ ਹੈ, ਪਰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਜੇਕਰ ਸਰਕਾਰ ਨੇ ਇਧਰ ਧਿਆਨ ਨਾ ਦਿੱਤਾ ਤਾਂ ਕਿਸਾਨ ਸੰਘਰਸ਼ ਹੋਰ ਤਿੱਖਾ ਕਰਨਗੇ। ਧਰਨੇ ਨੂੰ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ, ਮੀਤ ਪ੍ਰਧਾਨ ਮਨੋਹਰ ਸਿੰਘ ਕਲਾੜ, ਵਿੱਤ ਸਕੱਤਰ ਰਾਜਿੰਦਰ ਸਿੰਘ ਸਿਆੜ, ਯੁਵਰਾਜ ਸਿੰਘ ਘੁਡਾਣੀ ਤੇ ਬਲਾਕ ਆਗੂਆਂ ਜਸਵੀਰ ਸਿੰਘ ਅਸ਼ਕਰੀਪੁਰ, ਨਾਜਰ ਸਿੰਘ ਸਿਆੜ, ਜਸਵੰਤ ਸਿੰਘ ਭੱਟੀਆਂ ਨੇ ਸੰਬੋਧਨ ਕੀਤਾ।

# ਸੇਵਾ-ਮੁਕਤ ਬਿਜਲੀ ਕਾਮਿਆਂ ਵੱਲੋਂ ਸਰਕਾਰ ਤੇ ਮੈਨੇਜਮੈਂਟ ਖਿਲਾਫ ਧਰਨਾ



**ਦੋਰਾਹਾ (ਹਰਮਿੰਦਰ ਸੇਠ)**

ਪਾਵਰਕਾਮ/ਟ੍ਰਾਂਸਕੋ ਡਵੀਜ਼ਨ ਦੋਰਾਹਾ ਅਧੀਨ ਪੈਂਦੀਆਂ ਸਬ ਡਵੀਜ਼ਨਾਂ ਸਿਟੀ ਦੋਰਾਹਾ, ਰਾਮਪੁਰ, ਪਾਇਲ, ਘਲੋਟ, ਘੁਢਾਣੀ ਕਲਾਂ, ਗਰਿੱਡ ਸਬ ਸਟੇਸ਼ਨਾਂ ਤੇ ਡਵੀਜ਼ਨ ਦਫਤਰ ਵਿੱਚੋਂ ਸੇਵਾ ਮੁਕਤ ਹੋ ਚੁੱਕੇ ਕਾਮਿਆਂ ਦੀ ਜਥੇਬੰਦੀ ਪੈਨਸ਼ਨਰ ਐਸੋਸੀਏਸ਼ਨ ਰਜਿ ਨੰ: 56 ਵੱਲੋਂ ਬੁੱਧਵਾਰ ਡਵੀਜ਼ਨ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਤੇ ਪਾਵਰਕਾਮ/ਟ੍ਰਾਂਸਕੋ ਮੈਨੇਜਮੈਂਟ ਵਿਰੁੱਧ ਡਵੀਜ਼ਨ ਦਫਤਰ ਦੋਰਾਹਾ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਗਿਆ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਡਵੀਜ਼ਨ ਦੇ ਸਕੱਤਰ ਤਰਸੇਮ ਲਾਲ ਤੇ ਪ੍ਰੈੱਸ ਸਕੱਤਰ ਕ੍ਰਿਸ਼ਨ ਕੁਮਾਰ 'ਵਿਨਾਇਕ' ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਪਾਵਰਕਾਮ/ਟ੍ਰਾਂਸਕੋ ਦੀ ਮੈਨੇਜਮੈਂਟ ਵੱਲੋਂ ਕਾਮਿਆਂ ਦੀਆਂ ਮੰਗਾਂ ਮਹਿਕਮੇ ਨੂੰ ਸਾਮਰਾਜ ਦੀ ਨੀਤੀ ਤਹਿਤ ਕਾਰਪੋਰੇਟ ਘਰਾਣਿਆਂ ਤੇ ਬਹੁ-ਕੌਮੀ ਕੰਪਨੀਆਂ ਦੇ ਹਵਾਲੇ ਕਰਨ ਦੀ ਨੀਤੀ, ਨਿੱਜੀਕਰਨ ਨੂੰ ਰੱਦ ਨਾ ਕਰਨਾ, ਐਕਟ 2003 ਨੂੰ ਰੱਦ ਨਾ ਕਰਕੇ ਐਕਟ 2025 ਨੂੰ ਲਾਗੂ ਕਰਨ ਦੀ ਨੀਤੀ ਨੂੰ ਰੱਦ ਨਾ ਕਰਨਾ, ਠੇਕੇਦਾਰੀ ਪ੍ਰਬੰਧ ਨੂੰ ਰੱਦ ਕਰਕੇ ਬਿਨਾਂ ਸ਼ਰਤ ਪੱਕੀ ਭਰਤੀ ਕਰਨਾ, ਠੇਕੇ 'ਤੇ ਰੱਖੇ ਕਾਮਿਆਂ ਨੂੰ ਬਿਨਾਂ ਸ਼ਰਤ ਯੋਗਤਾ ਦੇ ਅਧਾਰ 'ਤੇ ਪੱਕੇ ਕਰਨਾ, ਸੇਵਾ ਮੁਕਤ ਕਾਮਿਆਂ ਨੂੰ ਹੋਰਨਾਂ ਸੂਬਿਆਂ ਵਿੱਚ ਮਿਲਦੀ ਯੂਨਿਟਾਂ ਦੀ ਰਿਆਇਤ ਦੀ ਤਰ੍ਹਾਂ ਪੰਜਾਬ ਸਰਕਾਰ ਤੇ ਮੈਨੇਜਮੈਂਟ ਵੱਲੋਂ ਨਾ ਦੇਣਾ, ਮਿਤੀ 31-12-2015 ਤੋਂ ਪਹਿਲਾਂ ਸੇਵਾ ਮੁਕਤ ਕਾਮਿਆਂ ਦੀ ਪੈਨਸ਼ਨ ਸੋਧ 2.59% ਨਾਲ ਸੋਧਣਾ ਤੇ ਬਨਦਾ ਬਕਾਇਆ ਇੱਕ ਕਿਸ਼ਤ ਵਿੱਚ ਦੇਣਾ, 01-01-2016 ਤੋਂ ਬਾਅਦ ਸੇਵਾ ਮੁਕਤ ਕਾਮਿਆਂ ਦਾ ਬਣਦਾ ਬਕਾਇਆ ਇਕ ਕਿਸ਼ਤ ਵਿੱਚ ਦੇਣਾ, ਬੁਢਾਪਾ ਅਲਾਊਂਸ ਬੇਸਿਕ ਪੈਨਸ਼ਨ ਨਾਲ ਜੋੜਨਾ, 23 ਸਾਲਾ ਅਡਵਾਂਸ ਇਨਕਰੀਮੈਂਟ ਬਿਨਾਂ ਸ਼ਰਤ ਸਾਰੇ ਸੇਵਾ ਮੁਕਤ ਕਾਮਿਆਂ ਨੂੰ ਦੇਣਾ, ਬਣਦੀਆਂ ਡੀ.ਏ. ਦੀਆਂ ਕਿਸ਼ਤਾਂ ਤੇ ਬਣਦਾ ਬਕਾਇਆ ਇਕ ਕਿਸ਼ਤ ਵਿੱਚ ਦੇਣਾ ਆਦਿ ਮੰਗ ਪੱਤਰ ਵਿੱਚ ਦਰਜ ਮੰਗਾਂ ਨੂੰ ਮੰਨਵਾਉਣ ਲਈ ਤੇ 18 ਅਪ੍ਰੈਲ 2026 ਨੂੰ ਲੁਧਿਆਣਾ ਵਿਖੇ ਬਿਜਲੀ ਮੰਤਰੀ ਦੀ ਕੋਠੀ ਅੱਗੇ ਦਿੱਤੇ ਜਾ ਰਹੇ ਪੰਜਾਬ ਪੱਧਰੀ ਧਰਨੇ ਦੀ ਤਿਆਰੀ ਲਈ ਇਹ ਧਰਨਾ ਦਿੱਤਾ ਗਿਆ।

ਧਰਨੇ ਵਿੱਚ ਖੰਨਾ ਸਰਕਲ ਦੇ ਪ੍ਰਧਾਨ ਹਰਬੰਸ ਸਿੰਘ 'ਦੋਬੁਰਜੀ' ਮੀਤ ਪ੍ਰਧਾਨ ਪਲਵਿੰਦਰ ਸਿੰਘ, ਮੈਂਬਰ ਸੁਰਜੀਤ ਸਿੰਘ, ਦੋਰਾਹਾ ਡਵੀਜਨ ਦੇ ਆਗੂ ਹਰਚਰਨ ਸਿੰਘ 'ਗਰੇਵਾਲ', ਰਾਮ ਕ੍ਰਿਸ਼ਨ, ਰਕੇਸ਼ ਕੁਮਾਰ, ਭਗਵੰਤ ਸਿੰਘ, ਜਗਦੇਵ ਸਿੰਘ, ਅਵਤਾਰ ਸਿੰਘ, ਸਾਂਗਾ ਰਾਮ, ਨਛੱਤਰ ਸਿੰਘ, ਸਿਕੰਦਰ ਸਿੰਘ, ਰਾਮ ਸਰੂਪ ਨੇ ਆਪਣੇ ਵਿਚਾਰਾਂ ਰਾਹੀ ਮੋਦੀ ਦੀ ਕੇਂਦਰੀ ਸਰਕਾਰ ਵੱਲੋਂ ਜੋ ਅਮਰੀਕਾ ਨਾਲ ਵਪਾਰ ਮੁਕਤ ਸਮਝੌਤਾ ਕੀਤਾ ਗਿਆ, ਨੂੰ ਭਾਰਤ ਦੇ ਮਿਹਨਤਕਸ਼ ਲੋਕਾਂ ਵਿਰੋਧੀ ਦਸਦੇ ਹੋਏ ਰੱਦ ਕਰਨ ਦੀ ਮੰਗ ਕੀਤੀ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਪਰੋਕਤ ਮੰਗਾਂ ਮਸਲਿਆਂ ਨੂੰ ਹੱਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਸਾਂਝ ਨੂੰ ਮਜ਼ਬੂਤ ਕਰਦੇ ਹੋਏ ਸਾਂਝੇ ਸੰਘਰਸ਼ ਤੇਜ਼ ਕੀਤੇ ਜਾਣਗੇ।

## ਸਫਾ 1 ਦੇ ਬਾਕੀ...

### ਮਾਨ ਵੱਲੋਂ ਬਟਾਲਾ...

ਮਿਲੇ।' ਉਨ੍ਹਾ ਕਿਹਾ ਕਿ ਇਹ ਆਗੂ ਇਹ ਵੀ ਡਰਦੇ ਸਨ ਕਿ ਉਨ੍ਹਾਂ ਨੂੰ ਵੀ ਉਨ੍ਹਾਂ ਦੇ ਅਪਰਾਧ ਦੀ ਸਜ਼ਾ ਮਿਲੇਗੀ, ਜਿਸ ਕਾਰਨ ਇਨ੍ਹਾਂ ਕਾਨੂੰਨ ਹੀ ਕਮਜ਼ੋਰ ਬਣਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026 ਪਾਸ ਕੀਤਾ ਹੈ, ਜਿਸ ਵਿੱਚ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾ ਕਿਹਾ—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਘਿਨਾਉਣਾ ਗੁਨਾਹ ਸੂਬੇ ਵਿੱਚ ਸਖ਼ਤ ਘਾਲਣਾ ਘਾਲ ਕੇ ਕਾਇਮ ਕੀਤੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਡੂੰਘੀ ਸਾਜ਼ਿਸ਼ ਸੀ।

ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' 'ਤੇ ਚੁਟਕੀ ਲੈਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ ਦਲ ਦੀ ਇਸ ਯਾਤਰਾ ਦਾ ਅਸਲ ਨਾਂਅ 'ਪਰਵਾਰ ਬਚਾਓ ਯਾਤਰਾ' ਹੈ, ਕਿਉਂਕਿ ਇਹ ਸਾਰਾ ਯਤਨ ਉਨ੍ਹਾਂ ਦੇ ਪਰਿਵਾਰਕ ਹਿੱਤਾਂ ਦੀ ਰਾਖੀ ਲਈ ਹੈ। ਉਨ੍ਹਾ ਕਿਹਾ ਕਿ ਅਕਾਲੀਆਂ ਨੇ ਸੂਬੇ ਨੂੰ ਬੇਰਹਿਮੀ ਨਾਲ ਲੁੱਟਿਆ, ਪੰਜਾਬੀਆਂ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ ਅਤੇ ਵੱਖ-ਵੱਖ ਮਾਫੀਏ ਨੂੰ ਸਰਪ੍ਰਸਤੀ ਦਿੱਤੀ।"

ਸੀਨੀਅਰ 'ਆਪ' ਆਗੂ ਮਨੀਸ਼ ਸਿਸੋਦੀਆ ਨੇ ਕਿਹਾ, 'ਇਹ ਬੇਹੱਦ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਭਗਵੰਤ ਸਿੰਘ ਮਾਨ ਸੂਬੇ ਦੇ ਸਭ ਤੋਂ ਚਹੇਤੇ ਮੁੱਖ ਮੰਤਰੀ ਸਾਬਤ ਹੋਏ ਹਨ।

ਮਾਨ ਦੇਸ਼ ਦੇ ਇਕਲੌਤੇ ਮੁੱਖ ਮੰਤਰੀ ਹਨ, ਜੋ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੇ ਹਨ, ਜਦੋਂ ਕਿ ਬਾਕੀ ਸਾਰੇ ਸੂਬਿਆਂ ਵਿੱਚ ਅਜਿਹੇ ਮੁੱਖ ਮੰਤਰੀ ਹਨ, ਜੋ ਲਾਲਚ ਜਾਂ ਆਪਣੀ ਪਾਰਟੀ ਦੇ ਹਿੱਤਾਂ ਦੀ ਪੂਰਤੀ ਲਈ ਕੰਮ ਕਰ ਰਹੇ ਹਨ।' ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

### ਅੰਮ੍ਰਿਤਸਰ ਦੀ ਪਾਵਰਲੂਮ...

ਗੱਲਬਾਤ ਕਰਕੇ ਫੈਸਲਾ ਕਰਨ ਦੀ ਪੁਰਾਣੀ ਰਵਾਇਤ ਚਲੀ ਆ ਰਹੀ ਹੈ। ਪਿਛਲਾ ਸਮਝੌਤਾ 31 ਜਨਵਰੀ 2026 ਨੂੰ ਖਤਮ ਹੋ ਚੁੱਕਾ ਸੀ। ਯੂਨੀਅਨਾਂ ਵੱਲੋਂ ਸਾਂਝੇ ਤੌਰ 'ਤੇ ਮਾਲਕਾਂ ਦੀ ਜਥੇਬੰਦੀ ਨੂੰ ਨੋਟਿਸ ਭੇਜਿਆ ਗਿਆ ਸੀ, ਪਰ ਫੈਸਲੇ ਵਿੱਚ ਦੇਰੀ ਹੋਣ ਕਰਕੇ ਮਜ਼ਦੂਰਾਂ ਨੇ 16 ਅਪਰੈਲ ਤੋਂ ਅਣਮਿੱਥੇ ਸਮੇਂ ਲਈ ਹੜਤਾਲ ਕਰਨ ਦਾ ਫੈਸਲਾ ਕੀਤਾ ਸੀ, ਪ੍ਰੰਤੂ ਮਾਲਕਾਂ ਦੀ ਜਥੇਬੰਦੀ ਵੱਲੋਂ 15 ਅਪ੍ਰੈਲ ਨੂੰ ਗੱਲਬਾਤ ਕਰਕੇ ਫੈਸਲਾ ਕਰ ਲਿਆ ਗਿਆ, ਜਿਸ ਅਨੁਸਾਰ ਮਜ਼ਦੂਰਾਂ ਦੀਆਂ ਤਨਖਾਹਾਂ ਵਿੱਚ 9 ਫੀਸਦੀ ਵਾਧਾ ਕਰਨਾ ਮੰਨ ਲਿਆ ਹੈ। ਇਹ ਫੈਸਲਾ 1 ਮਈ ਤੋਂ ਲਾਗੂ ਹੋਵੇਗਾ ਅਤੇ 31 ਦਸੰਬਰ 2027 ਤੱਕ ਲਾਗੂ ਰਹੇਗਾ। ਸਮਝੌਤੇ ਤੋਂ ਬਾਅਦ ਬੱਕਰ ਮੰਡੀ ਇਲਾਕੇ ਵਿੱਚ ਇਹਨਾਂ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਵਿਸ਼ਾਲ ਰੈਲੀ ਕੀਤੀ ਗਈ ਅਤੇ ਫੈਸਲਾ ਦਾ ਐਲਾਨ ਕੀਤਾ ਗਿਆ।

ਇਸ ਰੈਲੀ ਨੂੰ ਅਮਰਜੀਤ ਸਿੰਘ ਆਸਲ, ਸੁੱਚਾ ਸਿੰਘ ਅਜਨਾਲਾ, ਜਗਤਾਰ ਸਿੰਘ ਕਰਮਪੁਰਾ, ਦਸਵਿੰਦਰ ਕੌਰ, ਚਰਨਜੀਤ ਸਿੰਘ ਮਜੀਠਾ, ਮੋਹਨ ਲਾਲ, ਕ੍ਰਿਪਾ ਰਾਮ, ਵਿਜੇ ਕੁਮਾਰ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮਜ਼ਦੂਰਾਂ ਨੂੰ ਤਨਖਾਹਾਂ ਵਿੱਚ 9 ਫੀਸਦੀ ਵਾਧੇ ਦੀ ਵਧਾਈ ਦਿੱਤੀ ਅਤੇ ਆਪਣੀਆਂ ਜਥੇਬੰਦੀਆਂ ਨੂੰ ਮਜ਼ਬੂਤ ਕਰਨ ਦਾ ਸੁਨੇਹਾ ਦਿੱਤਾ। ਮਜ਼ਦੂਰਾਂ ਵੱਲੋਂ ਬੁਲੰਦ ਨਾਅਰਿਆਂ ਨਾਲ ਸਮਝੌਤੇ ਨੂੰ ਸਵੀਕਾਰ ਕੀਤਾ ਗਿਆ।

### ਹਲਕਾਬੰਦੀ ਬਿੱਲ...

ਜਦੋਂਕਿ 185 ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਕਾਂਗਰਸ, ਡੀ ਐੱਮ ਕੇ ਅਤੇ ਤ੍ਰਿਣਮੂਲ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਨੇ ਇਨ੍ਹਾਂ ਬਿੱਲਾਂ ਨੂੰ 'ਗੈਰ-ਸੰਵਿਧਾਨਕ' ਦੱਸਦਿਆਂ ਇਨ੍ਹਾਂ ਦੇ ਪੇਸ਼ ਕੀਤੇ ਜਾਣ ਦੇ ਸਮੇਂ 'ਤੇ ਸਵਾਲ ਚੁੱਕੇ। ਕਾਂਗਰਸ ਦੇ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਜਦੋਂ 2023 ਵਿੱਚ ਹੀ ਮਹਿਲਾ ਰਾਖਵਾਂਕਰਨ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ ਸੀ, ਤਾਂ ਸਰਕਾਰ ਨੇ ਉਦੋਂ ਹੀ ਇਸ ਨੂੰ ਲਾਗੂ ਕਿਉਂ ਨਹੀਂ ਕੀਤਾ? ਉਨ੍ਹਾ ਦੋਸ਼ ਲਾਇਆ ਕਿ ਸਰਕਾਰ 2029 ਦੀਆਂ ਚੋਣਾਂ ਤੋਂ ਡਰ ਕੇ ਇਹ 'ਗੈਰ-ਸੰਵਿਧਾਨਕ' ਕਦਮ ਚੁੱਕ ਰਹੀ ਹੈ। ਸਪਾ ਮੁਖੀ ਅਖਿਲੇਸ਼ ਯਾਦਵ ਨੇ ਪੁੱਛਿਆ ਕਿ ਸਰਕਾਰ ਮਰਦਮਸ਼ੁਮਾਰੀ ਕਰਵਾਉਣ ਤੋਂ ਕਿਉਂ ਭੱਜ ਰਹੀ ਹੈ। ਓਵੈਸੀ ਨੇ ਖਦਸ਼ਾ ਜਤਾਇਆ ਕਿ ਇਸ ਨਾਲ ਦੱਖਣੀ ਰਾਜਾਂ ਦੀ ਨੁਮਾਇੰਦਗੀ ਘਟੇਗੀ। ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਵਿੱਚ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਅਤੇ ਇਹ ਜਾਤੀ ਆਧਾਰ 'ਤੇ ਹੀ ਕਰਵਾਈ ਜਾਵੇਗੀ। ਉਨ੍ਹਾ ਸਪੱਸ਼ਟ ਕੀਤਾ, 'ਮੈਂ ਇਹ ਸਾਫ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੇ ਜਾਤੀ ਆਧਾਰ 'ਤੇ ਮਰਦਮਸ਼ੁਮਾਰੀ ਕਰਨ ਦਾ ਫੈਸਲਾ ਪਹਿਲਾਂ ਹੀ ਲੈ ਲਿਆ ਹੈ ਅਤੇ ਨਾਗਰਿਕਾਂ ਦੀ ਗਿਣਤੀ ਵੇਲੇ ਜਾਤੀ ਦਾ ਕਾਲਮ ਜ਼ਰੂਰ ਹੋਵੇਗਾ।'

ਧਰਮ ਦੇ ਆਧਾਰ 'ਤੇ ਰਾਖਵਾਂਕਰਨ ਦੀ ਮੰਗ ਨੂੰ ਰੱਦ ਕਰਦਿਆਂ ਸ਼ਾਹ ਨੇ ਕਿਹਾ ਕਿ ਸੰਵਿਧਾਨ ਵਿੱਚ ਧਰਮ ਦੇ ਨਾਂਅ 'ਤੇ ਰਾਖਵਾਂਕਰਨ ਦੀ ਕੋਈ ਵਿਵਸਥਾ ਨਹੀਂ। ਉਨ੍ਹਾ ਸਪਾ ਆਗੂ ਧਰਮਿੰਦਰ ਯਾਦਵ ਵੱਲੋਂ ਮੁਸਲਮ ਰਾਖਵਾਂਕਰਨ ਦੀ ਕੀਤੀ ਮੰਗ ਨੂੰ 'ਗੈਰ-ਸੰਵਿਧਾਨਕ' ਕਰਾਰ ਦਿੱਤਾ। ਸੰਸਦੀ ਕਾਰਜ ਮੰਤਰੀ ਕਿਰਨ ਰਿਜੀਜੂ ਨੇ ਵੀ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਅਸੀਂ ਪੂਰੇ ਦੇਸ਼ ਦੀਆਂ ਔਰਤਾਂ ਦੀ ਗੱਲ ਕਰ ਰਹੇ ਹਾਂ, ਨਾ ਕਿ ਕਿਸੇ ਖਾਸ ਧਰਮ ਦੀ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਮੈਂਬਰਾਂ ਨੂੰ ਕਿਹਾ ਕਿ ਉਹ ਬਿੱਲਾਂ 'ਤੇ ਚਰਚਾ ਦੌਰਾਨ ਆਪਣੇ ਇਤਰਾਜ਼ ਦਰਜ ਕਰਵਾ ਸਕਦੇ ਹਨ। ਮੇਘਵਾਲ ਨੇ ਕਿਹਾ ਕਿ ਨਵੇਂ ਪ੍ਰਸਤਾਵਤ ਕਾਨੂੰਨ ਤਹਿਤ ਲੋਕ ਸਭਾ ਦੀ ਕੁੱਲ ਸਮਰੱਥਾ ਵਧਾ ਕੇ 815 ਕੀਤੀ ਜਾਵੇਗੀ। ਇਨ੍ਹਾਂ ਵਿੱਚੋਂ 272 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। 272 ਸੀਟਾਂ ਦਾ ਅੰਕੜਾ ਸਿੱਧੇ ਤੌਰ 'ਤੇ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਦੇ ਫਾਰਮੂਲੇ ਨੂੰ ਦਰਸਾਉਂਦਾ ਹੈ। ਮਹਿਲਾ ਕੋਟੇ ਦੇ ਅੰਦਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸੰਬੰਧਤ ਔਰਤਾਂ ਲਈ 'ਅੰਦਰੂਨੀ ਰਾਖਵਾਂਕਰਨ' ਦੀ ਵਿਵਸਥਾ ਵੀ ਹੋਵੇਗੀ, ਜੋ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੋਵਾਂ 'ਤੇ ਲਾਗੂ ਹੋਵੇਗੀ। ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਿੱਲ ਦਾ ਮੁੱਖ ਮਕਸਦ 2029 ਦੀਆਂ ਆਮ ਚੋਣਾਂ ਤੋਂ ਪਹਿਲਾਂ ਮਹਿਲਾ ਰਾਖਵਾਂਕਰਨ ਨੂੰ ਅਮਲੀ ਜਾਮਾ ਪਹਿਨਾਉਣਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿੱਲਾਂ ਨੂੰ ਭਾਰਤ ਦੇ ਸੰਸਦੀ ਲੋਕਤੰਤਰ ਲਈ ਇੱਕ ਨਿਰਣਾਇਕ ਪਲ ਦੱਸਦਿਆਂ ਸਾਰੀਆਂ ਪਾਰਟੀਆਂ ਨੂੰ ਰਾਜਨੀਤੀ ਤੋਂ ਉੱਪਰ ਉਠਣ ਅਤੇ ਇਸ ਨੂੰ ਇੱਕ ਇਤਿਹਾਸਕ ਮੌਕੇ ਵਜੋਂ ਅਪਣਾਉਣ ਦਾ ਸੱਦਾ ਦਿੱਤਾ, ਜਿਸ ਨੂੰ ਉਨ੍ਹਾ ਵਧੇਰੇ ਸਮੂਹਕ ਸ਼ਮੂਲੀਅਤ ਵਾਲੇ ਸ਼ਾਸਨ ਨੂੰ ਮੁੜ ਰੂਪ ਦੇਣ ਵਜੋਂ ਦੱਸਿਆ।

### ਈਰਾਨ 'ਤੇ ਅਮਰੀਕੀ-ਇਜ਼ਰਾਈਲੀ ...

ਘੜੀ 'ਚ ਭਾਰਤ ਦਾ ਸਾਥ ਦਿੰਦਾ ਆ ਰਿਹਾ ਹੈ, ਦੀ ਬਜਾਏ ਧਾੜਵੀਆਂ ਨਾਲ ਖੜੋ ਕੇ ਦੇਸ਼ ਦਾ ਸਵੈਮਾਣ ਘੱਟੇ ਰੋਲਣ ਵਾਲੀ ਤੇ ਭਾਰਤ ਨੂੰ ਵਿਸ਼ਵ ਭਾਈਚਾਰੇ ਨਾਲੋਂ ਨਿਖੇੜਨ ਵਾਲੀ ਮੋਦੀ ਸਰਕਾਰ ਦੀ ਵੀ ਕਰੜੀ ਨਿਖੇਧੀ ਕੀਤੀ। ਬੁਲਾਰਿਆਂ ਨੇ ਜੰਗਬੰਦੀ ਲਈ ਜੰਗ ਦੌਰਾਨ ਹੋਏ ਆਪਣੇ ਵਸੀਹ ਨੁਕਸਾਨ ਦੀ ਭਰਪਾਈ ਸਮੇਤ ਈਰਾਨ ਵੱਲੋਂ ਰੱਖੀਆਂ ਸਾਰੀਆਂ ਮੰਗਾਂ ਦੀ ਮੁਕੰਮਲ ਹਮਾਇਤ ਕੀਤੀ।

ਬੁਲਾਰਿਆਂ ਜ਼ੋਰ ਦਿੰਦਿਆਂ ਕਿਹਾ ਕਿ ਈਰਾਨ ਸਮੇਤ ਸੰਸਾਰ ਦੇ ਹਰ ਦੇਸ਼ ਨੂੰ ਆਪਣੀ ਆਜ਼ਾਦੀ ਅਤੇ ਪ੍ਰਭੁਸੱਤਾ ਦੀ ਰਾਖੀ ਕਰਨ ਦਾ ਪੂਰਾ-ਪੂਰਾ ਅਧਿਕਾਰ ਹੈ ਅਤੇ ਇਹ ਵੀ ਸੰਬੰਧਤ ਦੇਸ਼ ਦੇ ਲੋਕ ਹੀ ਤਹਿ ਕਰਨਗੇ ਕਿ ਉਥੇ ਕਿਹੋ ਜਿਹਾ ਸ਼ਾਸਨ ਤੇ ਕਿਹੋ ਜਿਹੀ ਸਰਕਾਰ ਹੋਵੇਗੀ। ਇਸ ਮਾਮਲੇ 'ਚ ਟਰੰਪ ਜਾਂ ਉਸ ਵਰਗਾ ਕੋਈ ਵੀ ਹੋਰ ਸਨਕੀ ਤਾਨਾਸ਼ਾਹ ਕਿਸੇ ਵੀ ਦੇਸ਼ ਨੂੰ ਮਜਬੂਰ ਨਹੀਂ ਕਰ ਸਕਦਾ ਤੇ ਨਾ ਹੀ ਕਿਸੇ ਜਰਵਾਣੇ ਨੂੰ ਕਿਸੇ ਹੋਰ ਦੇਸ਼ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਦਾ ਕੋਈ ਅਧਿਕਾਰ ਹੋਣਾ ਚਾਹੀਦਾ ਹੈ।

ਇਕ ਵੱਖਰੇ ਮਤੇ ਰਾਹੀਂ ਨੋਇਡਾ, ਮਾਨੇਸਰ ਆਦਿ ਕੇਂਦਰਾਂ 'ਤੇ ਘੱਟੋ-ਘੱਟ ਉਜਰਤਾਂ 'ਚ ਵਾਧੇ ਦੀ ਵਾਜਬ ਮੰਗ ਲਈ ਲੜ ਰਹੇ ਗੁਰਬਤ ਮਾਰੇ ਕਿਰਤੀਆਂ 'ਤੇ ਜਬਰ ਢਾਹੁਣ ਵਾਲੀਆਂ ਮੋਦੀ-ਯੋਗੀ ਸਰਕਾਰਾਂ ਦੀ ਕਰੜੀ ਨਿਖੇਧੀ ਕਰਦਿਆਂ ਘੱਟੋ-ਘੱਟ ਉਜਰਤਾਂ ਅਜੋਕੀਆਂ ਲੋੜਾਂ ਅਨੁਸਾਰ ਮਿਥਣ ਅਤੇ ਚਾਰ ਕਿਰਤ ਕੋਡ ਭੰਗ ਕਰਕੇ ਭੰਗ ਕੀਤੇ ਕਿਰਤ ਕਾਨੂੰਨ ਬਹਾਲ ਕਰਨ ਅਤੇ ਗ੍ਰਿਫਤਾਰ ਕੀਤੇ ਮਜ਼ਦੂਰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਗਈ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ 'ਚੋਂ ਪੰਜਾਬ ਦੀ ਸਥਾਈ ਮੈਂਬਰੀ ਖਤਮ ਕਰਨ ਦੀ ਨਿੰਦਾ ਕਰਦਿਆਂ ਕੇਂਦਰੀ ਸਰਕਾਰ ਵੱਲੋਂ ਇਸ ਸਬੰਧੀ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਵਾਪਸ ਲੈਣ ਦੀ ਵੀ ਮੰਗ ਕੀਤੀ ਗਈ ਹੈ।

ਸਮਾਪਤੀ 'ਤੇ ਹੱਥਾਂ 'ਚ ਲਾਲ ਫਰੇਰੇ ਤੇ ਜੰਗ ਦੀ ਭਿਆਨਕਤਾ ਨੂੰ ਦਰਸਾਉਂਦੀਆਂ ਤਖ਼ਤੀਆਂ ਲੈ ਕੇ ਰੋਹ ਭਰਪੂਰ ਮਾਰਚ ਵੀ ਕੀਤਾ ਗਿਆ।

### ਬਿਜਲੀ ਮੁਲਾਜ਼ਮਾਂ ਤੇ ...

ਮੈਨੇਜਮੈਂਟ ਨਾਲ 16 ਅਪ੍ਰੈਲ ਨੂੰ 10 ਵਜੇ ਸਵੇਰੇ ਉਦਯੋਗ ਭਵਨ, ਚੰਡੀਗੜ੍ਹ 'ਚ ਮੀਟਿੰਗ ਦਾ ਪੱਤਰ ਸੌਂਪਿਆ ਗਿਆ ਸੀ, ਜਿਸ ਦੇ ਮੱਦੇਨਜ਼ਰ ਵੀਰਵਾਰ ਜਥੇਬੰਦੀਆਂ ਅਤੇ ਬਿਜਲੀ ਮੰਤਰੀ ਵਿਚਾਲੇ ਹੋਈ ਮੀਟਿੰਗ ਦੌਰਾਨ ਬਿਜਲੀ ਮੰਤਰੀ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ/ਮਸਲਿਆਂ ਦੇ ਹੱਲ ਕਰਨੇ ਤਾਂ ਦੂਰ ਉਨ੍ਹਾਂ ਨੂੰ ਸੁਣਨਾ ਵੀ ਵਾਜਿਬ ਨਹੀਂ ਸਮਝਿਆ ਗਿਆ ਅਤੇ ਪਿਛਲੀ ਮੀਟਿੰਗ ਦੌਰਾਨ ਬਣੀਆਂ ਸਹਿਮਤੀਆਂ ਤੋਂ ਵੀ ਪਾਵਰ ਪ੍ਰਬੰਧਨ ਪਿੱਛੇ ਹਟਦਾ ਨਜ਼ਰ ਆਇਆ, ਜਿਸ ਕਾਰਨ ਮੀਟਿੰਗ 10 ਮਿੰਟ ਤੋਂ ਵੱਧ ਨਹੀਂ ਚੱਲ ਸਕੀ ਅਤੇ ਬੇਸਿੱਟਾ ਰਹੀ। ਰੋਹ ਵਿਚ ਆਏ ਆਗੂਆਂ ਨੂੰ ਸੰਬੋਧਨ ਕਰਦਿਆਂ ਕੁਲਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ, ਦੇਵਿੰਦਰ ਸਿੰਘ ਪਸ਼ੌਰ, ਇੰਜ. ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ, ਪਵਨਪ੍ਰੀਤ ਸਿੰਘ, ਦਲੀਪ ਕੁਮਾਰ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ, ਰਵੇਲ ਸਿੰਘ ਸਹਾਏਪੁਰ, ਗੁਰਪਿਆਰ ਸਿੰਘ ਆਦਿ ਨੇ ਕਿਹਾ ਕਿ ਬਿਜਲੀ ਮੰਤਰੀ ਦੇ ਇਸ ਮੁਲਾਜ਼ਮ ਵਿਰੋਧੀ ਰਵੱਈਏ ਅਤੇ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਅਤੇ ਮਸਲਿਆਂ ਦੇ ਮੱਦੇਨਜ਼ਰ ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਕਿ 17 ਅਪ੍ਰੈਲ ਨੂੰ ਸੂਬੇ ਭਰ ਦੇ ਉਪ ਮੰਡਲ/ ਮੰਡਲ ਦਫਤਰਾਂ ਅੱਗੇ ਬਿਜਲੀ ਮੰਤਰੀ ਦੇ ਪੁਤਲੇ ਫੂਕ ਕੇ ਪ੍ਰਦਰਸ਼ਨ ਕੀਤੇ ਜਾਣਗੇ, ਪਹਿਲਾਂ ਤੋਂ ਐਲਾਨਿਆ ਵਰਕ-ਟੂ-ਰੂਲ ਦਾ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ, ਮਈ ਮਹੀਨੇ ਵਿੱਚ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਸਥਿਤ ਰਿਹਾਇਸ਼ ਅੱਗੇ ਇੱਕ ਲਾ-ਮਿਸਾਲ ਸੂਬਾ ਪੱਧਰੀ ਰੋਸ ਧਰਨਾ ਲਗਾਇਆ ਜਾਵੇਗਾ, ਜੂਨ ਮਹੀਨੇ ਦੇ ਦੂਸਰੇ ਹਫਤੇ ਬਿਜਲੀ ਕਰਮਚਾਰੀਆਂ ਵੱਲੋਂ ਦੋ ਰੋਜ਼ਾ ਮੁਕੰਮਲ ਹੜਤਾਲ ਕੀਤੀ ਜਾਵੇਗੀ।ਆਗੂਆਂ ਵੱਲੋਂ ਇਹ ਵੀ ਕਿਹਾ ਗਿਆ ਕਿ ਪੰਜਾਬ ਦਾ ਬਿਜਲੀ ਅਦਾਰਾ ਇੱਕ ਮਹੱਤਵਪੂਰਨ ਅਦਾਰਾ ਹੈ, ਜਿਸ ਵਿੱਚ ਹਜ਼ਾਰਾਂ ਅਸਾਮੀਆਂ ਖ਼ਾਲੀ ਹੋਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੂੰ ਨਿਰਵਿਘਨ ਸਪਲਾਈ ਮੁਹੱਈਆ ਕਰਵਾਈ ਜਾ ਰਹੀ ਹੈ, ਪਰੰਤੂ ਬਿਜਲੀ ਮੰਤਰੀ ਅਤੇ ਪਾਵਰ ਪ੍ਰਬੰਧਨ ਦੇ ਇਸ ਮੁਲਾਜ਼ਮ ਵਿਰੋਧੀ ਰਵੱਈਏ ਕਾਰਨ ਇਸ ਅਦਾਰੇ ਦਾ ਸਨਅਤੀ ਮਾਹੌਲ ਖਰਾਬ ਹੋ ਰਿਹਾ ਹੈ, ਜਿਸ ਦਾ ਸਿੱਧਾ ਅਸਰ ਆਮ ਲੋਕਾਂ 'ਤੇ ਪੈਣਾ ਹੈ, ਇਸ ਲਈ ਸਰਕਾਰ ਨੂੰ ਅਪੀਲ ਹੈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਹੱਲ ਕੀਤਾ ਜਾਵੇ, ਨਹੀਂ ਤਾਂ ਜਥੇਬੰਦੀਆਂ ਚੱਲਦੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੀਆਂ, ਜਿਸ ਦੀ ਜ਼ਿੰਮੇਵਾਰੀ ਬਿਜਲੀ ਮੰਤਰੀ ਅਤੇ ਪਾਵਰ ਪ੍ਰਬੰਧਨ ਦੀ ਹੋਵੇਗੀ।

## ਯੂਨੀਵਰਸਿਟੀ ਕਾਲਜ ਆਫ ਨਰਸਿੰਗ ਵਿਖੇ ਮੁੱਢਲੀ ਸਹਾਇਤਾ ਸੰਬੰਧੀ ਵਰਕਸ਼ਾਪ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਅਧੀਨ ਚੱਲ ਰਹੇ ਯੂਨੀਵਰਸਿਟੀ ਕਾਲਜ ਆਫ ਨਰਸਿੰਗ, ਫਰੀਦਕੋਟ ਵਿਖੇ ਪ੍ਰਿੰਸੀਪਲ ਡਾ. ਹਰਦੀਪ ਕੌਰ ਮੱਲ ਦੀ ਯੋਗ ਅਗਵਾਈ ਹੇਠ ਦੋ ਰੋਜ਼ਾ ਮੁੱਢਲੀ ਸਹਾਇਤਾ ਸਬੰਧੀ ਵਰਕਸ਼ਾਪ ਸਫਲਤਾ ਪੂਰਵਕ ਆਯੋਜਿਤ ਕੀਤੀ ਗਈ।ਇਸ ਵਰਕਸ਼ਾਪ ਦਾ ਮੁੱਖ ਮਨੋਰਥ ਵਿਦਿਆਰਥੀਆਂ ਨੂੰ ਸੰਕਟਕਾਲੀਨ ਸਥਿਤੀਆਂ ਵਿੱਚ ਜੀਵਨ ਰੱਖਿਅਕ ਸੇਵਾਵਾਂ ਪ੍ਰਦਾਨ ਕਰਨ ਦੇ ਸਮਰੱਥ ਬਣਾਉਣਾ ਸੀ।ਵਰਕਸ਼ਾਪ ਦੌਰਾਨ ਬੀ.ਐਸ.ਸੀ. ਨਰਸਿੰਗ (ਭਾਗ ਪਹਿਲਾ) ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਬਿਮਾਰੀਆਂ ਅਤੇ ਅਚਾਨਕ ਪੈਦਾ ਹੋਣ ਵਾਲੀਆਂ ਐਮਰਜੈਂਸੀ ਹਾਲਤਾਂ ਵਿੱਚ ਦਿੱਤੀ ਜਾਣ ਵਾਲੀ ਮੁੱਢਲੀ ਸਹਾਇਤਾ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ।ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਅਜਿਹੇ ਹੁਨਰ-ਅਧਾਰਿਤ ਪ੍ਰੋਗਰਾਮ ਯੋਗ ਅਤੇ ਸਮਰੱਥ ਸਿਹਤ ਸੇਵਾ ਪ੍ਰਦਾਤਾ ਤਿਆਰ ਕਰਨ ਲਈ ਬਹੁਤ ਜ਼ਰੂਰੀ ਹਨ। ਮੁੱਢਲੀ ਸਹਾਇਤਾ ਦੀ ਸਿਖਲਾਈ ਵਿਦਿਆਰਥੀਆਂ ਨੂੰ ਸੰਕਟਮਈ ਸਥਿਤੀਆਂ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਫੈਸਲੇ ਲੈਣ ਦੇ ਕਾਬਿਲ ਬਣਾਉਂਦੀ ਹੈ।ਪ੍ਰਿੰਸੀਪਲ ਡਾ. ਹਰਦੀਪ ਕੌਰ ਮੱਲ ਨੇ ਕਿਹਾ ਕਿ ਨਰਸਿੰਗ ਦੇ ਪੇਸ਼ੇ ਵਿੱਚ ਮੁੱਢਲੀ ਸਹਾਇਤਾ ਦੀ ਅਹਿਮੀਅਤ ਸਭ ਤੋਂ ਵੱਧ ਹੈ। ਉਨ੍ਹਾਂ ਦੱਸਿਆ ਕਿ ਇਹ ਵਰਕਸ਼ਾਪ ਵਿਦਿਆਰਥੀਆਂ ਦੀਆਂ ਕਲੀਨੀਕਲ ਕੁਸ਼ਲਤਾਵਾਂ ਨੂੰ ਮਜ਼ਬੂਤ ਕਰਨ ਵਿੱਚ ਮੀਲ ਪੱਥਰ ਸਾਬਤ ਹੋਵੇਗੀ।ਵਰਕਸ਼ਾਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਸਫਲ ਬਣਾਉਣ ਵਿੱਚ ਪ੍ਰਬੰਧਕੀ ਟੀਮ ਦੇ ਮੈਂਬਰਾਂ ਡਾ. ਮਨਦੀਪ ਕੌਰ, ਸ੍ਰੀਮਤੀ ਐਨਾ ਜੈਕਬ, ਸ੍ਰੀਮਤੀ ਜੈਸਮੀਨ ਕੌਰ, ਸ੍ਰੀਮਤੀ ਹਰਪ੍ਰੀਤ ਕੌਰ ਨੇ ਵਿਸ਼ੇਸ਼ ਅਤੇ ਬਹੁਮੁੱਲਾ ਯੋਗਦਾਨ ਪਾਇਆ।

## ਬੀ ਕੇ ਯੂ ਨੇ 'ਰੇਲ ਰੋਕੋ' ਅੰਦੋਲਨ ਲਈ ਕਿਸਾਨਾਂ ਨੂੰ ਕੀਤਾ ਲਾਮਬੰਦ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਵੱਲੋਂ ਕਣਕ ਦੀ ਖਰੀਦ ਵਿੱਚ ਆ ਰਹੀਆਂ ਮੁਸ਼ਕਿਲਾਂ, ਪੂਰਾ ਭਾਅ ਲੈਣ ਅਤੇ ਲੁੱਟ-ਖਸੁੱਟ ਬੰਦ ਕਰਵਾਉਣ ਲਈ 17 ਅਪ੍ਰੈਲ ਨੂੰ ਦਿੱਤੇ ਗਏ ਰੇਲਾਂ ਦਾ ਚੱਕਾ ਜਾਮ ਦੇ ਸੱਦੇ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਮਾਨਸਾ ਦੇ ਵੱਖ-ਵੱਖ ਪਿੰਡਾਂ ਤੇ ਮੰਡੀਆਂ 'ਚ ਸਰਗਰਮ ਮੁਹਿੰਮ ਚਲਾਈ ਗਈ। ?ਯੂਨੀਅਨ ਦੇ ਆਗੂਆਂ ਨੇ ਅਹਿਮਦਪੁਰ ਦਾਣਾ ਮੰਡੀ, ਬੁਢਲਾਡਾ ਜੀਰੀ ਯਾਰਡ, ਬੋਹਾ ਮੰਡੀ ਅਤੇ ਆਲਮਪੁਰ ਮੰਦਰਾਂ ਸਮੇਤ ਕਈ ਹੋਰ ਥਾਵਾਂ 'ਤੇ ਜਾ ਕੇ ਕਿਸਾਨਾਂ ਨਾਲ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ 17 ਅਪ੍ਰੈਲ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਰੇਲਾਂ ਰੋਕਣ ਦੇ ਪ੍ਰੋਗਰਾਮ 'ਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ।ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੱਤਪਾਲ ਵਰੇ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਕਿਹਾ ਕਿ ਸਰਕਾਰ ਵੱਲੋਂ ਕਣਕ ਦੀ ਖਰੀਦ ਵਿੱਚ ਕੀਤੀ ਜਾ ਰਹੀ ਦੇਰੀ ਅਤੇ ਕਿਸਾਨਾਂ ਸਿਰ ਮੜ੍ਹੀਆਂ ਜਾ ਰਹੀਆਂ ਬੇਲੋੜੀਆਂ ਸ਼ਰਤਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।ਬਲਾਕ ਆਗੂ ਤੇਜਰਾਮ ਅਹਿਮਦਪੁਰ, ਜਗਰਾਜ ਸਿੰਘ ਤੇ ਭੂਰਾ ਸਿੰਘ ਪਿਪਲੀਆ ਨੇ ਵੀ ਕਿਸਾਨਾਂ ਨੂੰ ਲਾਮਬੰਦ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਸੁਚਾਰੂ ਢੰਗ ਨਾਲ ਸ਼ੁਰੂ ਕਰਵਾਉਣ ਅਤੇ ਕਟੌਤੀ ਦੇ ਨਾਂ 'ਤੇ ਹੋ ਰਹੀ ਲੁੱਟ ਨੂੰ ਰੋਕਣ ਲਈ ਇਹ ਸੰਘਰਸ਼ ਬੇਹੱਦ ਜ਼ਰੂਰੀ ਹੈ।

## ਨਗਰ ਪੰਚਾਇਤ ਚੋਣਾਂ ਨੂੰ ਲੈ ਕੇ ਭਾਜਪਾਈ ਪੱਬਾਂ ਭਾਰ, ਬੂਥ ਕਮੇਟੀਆਂ ਨਿਯੁਕਤ



**ਬਠਿੰਡਾ (ਰਾਜੀਵ ਗੋਇਲ)**-ਬੀਤੇ ਦਿਨੀ ਸੂਬੇ ਅੰਦਰ ਕਾਰਜਕਾਲ ਪੂਰਾ ਕਰ ਚੁੱਕੀਆਂ ਨਗਰ ਪੰਚਾਇਤਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਸਰਗਰਮ ਹੋ ਗਈਆਂ ਹਨ। ਨਗਰ ਪੰਚਾਇਤ ਭਗਤਾ, ਕੋਠਾਗੁਰੂ ਅਤੇ ਮਲੂਕਾ ਦੀਆਂ ਚੋਣਾਂ ਨੂੰ ਲੈ ਕੇ ਸਰਕਲ ਭਗਤਾ ਦੇ ਭਾਜਪਾਈ ਪੱਬਾਂ ਭਾਰ ਹੋ ਗਏ ਹਨ ਅਤੇ ਬੀਤੀ ਦੇਰ ਸ਼ਾਮ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਸੀਨੀਅਰ ਭਾਜਪਾ ਆਗੂ ਗੁਰਬਿੰਦਰ ਭਗਤਾ ਦੀ ਅਗਵਾਈ ਹੇਠ ਉਹਨਾਂ ਦੇ ਹੀ ਗ੍ਰਹਿ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿੱਥੇ ਇਹਨਾਂ ਚੋਣਾਂ ਨੂੰ ਲੈ ਕੇ ਬੂਥ ਕਮੇਟੀਆਂ ਨਿਯੁਕਤ ਕੀਤੀਆਂ ਗਈਆਂ। ਗੱਲਬਾਤ ਕਰਦਿਆਂ ਭਗਤਾ ਨੇ ਕਿਹਾ ਕਿ ਉਹ ਇਹਨਾਂ ਨਗਰ ਪੰਚਾਇਤ ਚੋਣਾਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰਨਗੇ ਅਤੇ ਵੱਧ ਤੋਂ ਵੱਧ ਸੀਟਾਂ ਹਾਸਿਲ ਕਰਨਗੇ। ਇਸ ਮੌਕੇ ਭਗਤਾ ਸ਼ਹਿਰ ਦੇ ਸਮੂਹ ਭਾਜਪਾਈ ਆਗੂਆਂ ਤੋਂ ਇਲਾਵਾ ਸਰਕਲ ਪ੍ਰਧਾਨ ਬਬਲੇਸ਼ ਕੁਮਾਰ ਬੌਬੀ ਸਿੰਗਲਾ ਵੀ ਹਾਜ਼ਿਰ ਸਨ।

## ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦਾ ਨਤੀਜਾ ਰਿਹਾ 100 ਪ੍ਰਤੀਸ਼ਤ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਦੇਵੀਗੜ੍ਹ ਵਿਖੇ ਸਥਿਤ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ਼ ਵਿਧਾਨ ਸਭਾ ਹਲਕੇ ਸਨੌਰ ਦੀ ਸਭ ਤੋਂ ਵੱਡੀ ਵਿੱਦਿਅਕ ਸੰਸਥਾ ਬਣ ਚੁੱਕੀ ਹੈ, ਜਿੱਥੇ ਤਜਰਬਾ ਹਾਸਲ ਉੱਚ ਕੋਟੀ ਦੇ ਅਧਿਆਪਕ ਵਿਦਿਆਰਥੀਆਂ ਨੂੰ ਉੱਚ ਦਰਜੇ ਦੀ ਵਿੱਦਿਆ ਪ੍ਰਦਾਨ ਕਰ ਰਹੇ ਹਨ। ਸਕੂਲ ਦੇ ਪ੍ਰਬੰਧਕ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਚੱਲ ਰਹੇ ਇਸ ਸਕੂਲ ਦਾ ਪਹਿਲੀ ਕਲਾਸ ਤੋਂ ਲੈ ਸੀਨੀਅਰ ਸੈਕੰਡਰੀ ਕਲਾਸ ਤੱਕ 100 ਪ੍ਰਤੀਸ਼ਤ ਰਿਹਾ ਹੈ। ਵਿਦਿਆਰਥੀਆਂ ਵਿੱਚ ਰੂਪਰੀਤ ਕੌਰ ਨੇ 96.2% ਅੰਕ ਪ੍ਰਾਪਤ ਕਰਕੇ ਪਹਿਲਾ, ਜਪਨੀਤ ਕੌਰ ਨੇ 95.2% ਅੰਕ ਲੈ ਕੇ ਦੂਜਾ ਤੇ ਐਸ਼ਪ੍ਰੀਤ ਸਿੰਘ ਨੇ 91% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਪ੍ਰੈਜ਼ੀਡੈਂਟ ਰਵਿੰਦਰ ਕੌਰ, ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਿੰਸੀਪਲ ਮੈਡਮ ਪੂਨਮ ਧੀਮਾਨ ਤੇ ਅਕਾਦਮਿਕ ਡਾਇਰੈਕਟਰ ਮੈਡਮ ਤੇਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਤੇ ਮੂੰਹ ਮਿੱਠਾ ਕਰਵਾ ਕੇ ਸਨਮਾਨਤ ਕੀਤਾ।ਉਨ੍ਹਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਨੇ ਵੀ ਖੁਸ਼ੀ ਵਿੱਚ ਸ਼ਮੂਲੀਅਤ ਕੀਤੀ।

## ਬੁੱਧ ਵਿਹਾਰ ਟਰੱਸਟ ਨੇ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ



**ਜਲੰਧਰ (ਨ ਜ਼ ਸ)**-ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 135ਵਾਂ ਜਨਮ ਦਿਨ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਬਹੁਤ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਮਾਨਯੋਗ ਬਿਸ਼ਨ ਦਾਸ ਬੈਂਸ ਸਾਬਕਾ ਮੇਅਰ ਵੁਲਵਰਹੈਮਟਨ ਇੰਗਲੈਂਡ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਵਿਸ਼ਵ ਰਤਨ ਸਨ, ਜੋ ਨਾਰੀ ਜਾਤੀ ਦੇ ਮੁਕਤੀ ਦਾਤਾ ਤੇ ਦਲਿਤਾਂ ਦੇ ਮਸੀਹਾ ਸਨ, ਜਿਨ੍ਹਾਂ ਭਾਰਤ ਦਾ ਸੰਵਿਧਾਨ ਲਿਖ ਕੇ ਸਮੁੱਚੀ ਮਾਨਵਜਾਤੀ ਨੂੰ ਅਧਿਕਾਰ ਲੈ ਕੇ ਦਿੱਤੇ।ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੇ ਦੱਸੇ ਰਸਤੇ 'ਸਿੱਖਿਅਤ ਹੋਵੋ, ਸੰਗਠਿਤ ਹੋਵੋ ਤੇ ਸੰਘਰਸ਼ ਕਰੋ' 'ਤੇ ਚੱਲਣਾ ਚਾਹੀਦਾ ਹੈ।ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀਆਂ ਘਾਲਨਾਵਾਂ, ਸਖ਼ਤ ਮਿਹਨਤ ਸਦਕਾ ਅੱਜ ਜੋ ਆਨੰਦਮਈ ਜੀਵਨ ਜੀ ਰਹੇ ਹਾਂ, ਇਹ ਸਭ ਬਾਬਾ ਸਾਹਿਬ ਜੀ ਦੀ ਬਦੌਲਤ ਹੀ ਹਨ।ਤਾਰਾ ਸਿੰਘ ਸਟੇਟ ਐਵਾਰਡੀ ਸਾਬਕਾ ਪ੍ਰਿੰਸੀਪਲ ਨੇ ਕਿਹਾ ਕਿ ਇਕ ਰੋਟੀ ਘੱਟ ਖਾ ਲਿਓ, ਪਰ ਬੱਚਿਆਂ ਨੂੰ ਵਧੀਆ ਤੇ ਮਿਆਰੀ ਸਿੱਖਿਆ ਦਿੱਤੀ ਜਾਵੇ।ਉਨ੍ਹਾ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ ਨਗਦ 1200 ਰੁਪਏ ਇਨਾਮ ਵਜੋਂ ਦਿੱਤੇ।ਸ਼੍ਰੀਮਤੀ ਸੰਤੋਸ਼ ਕੁਮਾਰੀ ਸਾਂਪਲਾ ਨੇ ਕਿਹਾ ਕਿ ਬਾਬਾ ਸਾਹਿਬ ਜੀ ਨੇ ਔਰਤਾਂ ਨੂੰ ਵੀ ਬਰਾਬਰ ਦੇ ਹੱਕ ਲੈ ਕੇ ਦਿੱਤੇ।ਇਨ੍ਹਾਂ ਤੋਂ ਇਲਾਵਾ ਡਾਕਟਰ ਗੁਰਪਾਲ ਚੌਹਾਨ, ਚਮਨ ਸਾਂਪਲਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਵਿਦਿਆਰਥਣ ਸੀਰਤ ਕੈਲੇ ਤੇ ਨਵਰੀਤੀ ਨੇ ਅੰਗਰੇਜ਼ੀ ਭਾਸ਼ਾ ਵਿੱਚ ਬਾਬਾ ਸਾਹਿਬ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ। ਹਿੰਦੀ ਵਿੱਚ ਜੈਸਮੀਨ (ਲੰਬਰਦਾਰ ਰੂਪ ਲਾਲ ਦੀ ਦੋਹਤੀ) ਤੇ ਸੋਫੀਆ ਨੇ ਵੀ ਬਾਬਾ ਸਾਹਿਬ ਦੇ ਜੀਵਨ ਤੇ ਫਲਸਫੇ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ।ਇਨ੍ਹਾਂ ਤੋਂ ਇਲਾਵਾ ਸਕੂਲਾਂ ਦੇ ਹੋਰ ਬੱਚਿਆਂ ਨੇ ਗੀਤ, ਕਵਿਤਾਵਾਂ ਤੇ ਭਾਸ਼ਣਾਂ ਰਾਹੀਂ ਬਾਬਾ ਸਾਹਿਬ ਜੀ ਦੇ ਜੀਵਨ ਤੇ ਮਿਸ਼ਨ ਉੱਪਰ ਚਾਨਣਾ ਪਾਇਆ। ਮੁੱਖ ਮਹਿਮਾਨ ਮਾਣਯੋਗ ਬਿਸ਼ਨ ਦਾਸ ਬੈਂਸ ਯੂ ਕੇ, ਵਿਸ਼ੇਸ਼ ਮਹਿਮਾਨਾਂ ਤੇ ਬੁੱਧ ਵਿਹਾਰ ਦੇ ਪ੍ਰਬੰਧਕਾਂ ਵੱਲੋਂ ਪਹਿਲੇ, ਦੂਜੇ ਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਪਿਆਂ ਸਮੇਤ ਸਨਮਾਨਤ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਸਭਾ ਵੱਡੀ ਆਬਾਦੀ ਸੋਫੀ ਪਿੰਡ ਦੇ ਪ੍ਰਧਾਨ ਵਿਜੇ ਕੁਮਾਰ, ਅਵਤਾਰ ਚੰਦ ਤੇ ਅਸ਼ੋਕ ਕੁਮਾਰ ਨੂੰ ਵੀ ਸਨਮਾਨਤ ਕੀਤਾ ਗਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਡਿਪੋਰਟੇਸ਼ਨ ਪਾਲਿਸੀ

*ਬੰਗਲਾਦੇਸ਼ੀਆਂ ਤੇ ਮਯਾਂਮਾਰੀਆਂ ਦੇ ਨਾਂ 'ਤੇ ਧਰੁਵੀਕਰਨ ਕਰਕੇ ਵੋਟਾਂ ਬਟੋਰਦੀ ਆ ਰਹੀ ਮੋਦੀ ਸਰਕਾਰ ਨੇ ਨਵੀਂ ਡਿਪੋਰਟੇਸ਼ਨ ਪਾਲਿਸੀ ਜਾਰੀ ਕੀਤੀ ਹੈ। 'ਨਾਜਾਇਜ਼' ਪ੍ਰਵਾਸੀਆਂ ਨੂੰ ਕੱਢਣ ਲਈ ਬਣਾਈ ਗਈ ਪਾਲਿਸੀ ਵਿੱਚ ਬੰਗਲਾਦੇਸ਼ੀਆਂ ਤੇ ਮਯਾਂਮਾਰੀਆਂ (ਅਸਲ ਵਿੱਚ ਰੋਹਿੰਗੀਆਂ) ਦਾ ਖਾਸ ਜ਼ਿਕਰ ਹੈ। ਗ੍ਰਹਿ ਮੰਤਰਾਲੇ ਵੱਲੋਂ ਰਾਜਾਂ ਨੂੰ ਜਾਰੀ ਪਾਲਿਸੀ ਤਹਿਤ ਹਰ ਜ਼ਿਲ੍ਹੇ ਵਿੱਚ ਇੱਕ ਖਾਸ ਟਾਸਕ ਫੋਰਸ ਬਣਾਈ ਜਾਵੇਗੀ, ਜਿਹੜੀ ਨਾਜਾਇਜ਼ ਪ੍ਰਵਾਸੀਆਂ ਨੂੰ ਲੱਭ ਕੇ 'ਹੋਲਡਿੰਗ ਕੈਂਪਾਂ' ਵਿੱਚ ਰੱਖੇਗੀ। ਇਨ੍ਹਾਂ ਕੈਂਪਾਂ ਦੁਆਲੇ 10 ਫੁੱਟ ਉੱਚੀ ਕੰਧ ਹੋਵੇਗੀ, ਜਿਸ 'ਤੇ ਕੰਡਿਆਲੀ ਤਾਰ ਲੱਗੀ ਹੋਵੇਗੀ। ਹਰ ਜ਼ਿਲ੍ਹੇ ਵਿੱਚ ਕੈਂਪ ਬਣੇਗਾ। ਨਾਜਾਇਜ਼ ਪ੍ਰਵਾਸੀਆਂ ਨੇ ਜੇ ਆਧਾਰ ਕਾਰਡ, ਡਰਾਈਵਿੰਗ ਲਸੰਸ ਜਾਂ ਪੈਨ ਕਾਰਡ ਬਣਵਾ ਲਏ ਹਨ ਤਾਂ ਉਨ੍ਹਾਂ ਨੂੰ ਰੱਦ ਕਰਕੇ ਉਨ੍ਹਾਂ ਨੂੰ ਸਰਕਾਰੀ ਰਿਕਾਰਡ ਵਿੱਚ ਬਲੈਕਲਿਸਟ ਕਰ ਦਿੱਤਾ ਜਾਵੇਗਾ। ਗ੍ਰਹਿ ਮੰਤਰਾਲੇ ਨੇ ਫਾਰਨਰਜ਼ ਆਈਡੈਂਟੀਫਿਕੇਸ਼ਨ ਪੋਰਟਲ ਯਾਨੀ ਐੱਫ ਆਈ ਪੀ ਨਾਂ ਦਾ ਨਵਾਂ ਪੋਰਟਲ ਸ਼ੁਰੂ ਕੀਤਾ ਹੈ। ਇਸ ਵਿੱਚ ਨਾਜਾਇਜ਼ ਪ੍ਰਵਾਸੀਆਂ ਦੇ ਫਿੰਗਰ ਪ੍ਰਿੰਟ, ਫੋਟੋ ਤੇ ਬਾਕੀ ਵੇਰਵੇ ਭਰੇ ਜਾਣਗੇ।*

*ਅਗਸਤ 2024 ਵਿੱਚ ਬੰਗਲਾਦੇਸ਼ ਵਿੱਚ ਸਰਕਾਰ ਬਦਲਣ ਦੇ ਬਾਅਦ ਗ੍ਰਹਿ ਮੰਤਰਾਲੇ ਨੇ ਪੂਰੇ ਦੇਸ਼ ਦੀ ਪੁਲਸ ਨੂੰ ਨਿਰਦੇਸ਼ ਦਿੱਤੇ ਸਨ ਕਿ ਜਾਅਲੀ ਦਸਤਾਵੇਜ਼ਾਂ 'ਤੇ ਰਹਿ ਰਹੇ ਬੰਗਲਾਦੇਸ਼ੀਆਂ ਨੂੰ ਫੜੋ। ਇਸ ਦੇ ਬਾਅਦ ਅਪ੍ਰੈਲ 2025 ਵਿੱਚ ਪਹਿਲਗਾਮ 'ਚ ਦਹਿਸ਼ਤਗਰਦਾਂ ਦੇ ਹਮਲੇ ਤੇ ਮਈ 2025 ਵਿੱਚ ਅਪ੍ਰੇਸ਼ਨ ਸਿੰਧੂਰ ਦੇ ਬਾਅਦ ਇਹ ਮੁਹਿੰਮ ਹੋਰ ਤੇਜ਼ ਹੋ ਗਈ। ਕੁਝ ਮਾਮਲਿਆਂ ਵਿੱਚ ਬੰਗਲਾਦੇਸ਼ੀਆਂ ਨੂੰ ਹਵਾਈ ਸੈਨਾ ਦੇ ਜਹਾਜ਼ ਵਿੱਚ ਲਿਜਾ ਕੇ ਬੰਗਲਾਦੇਸ਼ ਛੱਡਿਆ ਗਿਆ। ਇਸ ਦੌਰਾਨ ਪੱਛਮੀ ਬੰਗਾਲ ਦੇ 7 ਲੋਕਾਂ ਨੂੰ ਵਿਦੇਸ਼ੀ ਦੱਸ ਕੇ ਗਲਤੀ ਨਾਲ ਬੰਗਲਾਦੇਸ਼ ਭੇਜ ਦਿੱਤਾ ਗਿਆ, ਪਰ ਪੱਛਮੀ ਬੰਗਾਲ ਸਰਕਾਰ ਦੇ ਦਖਲ ਦੇ ਬਾਅਦ ਵਾਪਸ ਲਿਆਂਦਾ ਗਿਆ।*

*ਇਹ ਪੂਰੀ ਪਾਲਿਸੀ ਫਰਵਰੀ 2026 ਵਿੱਚ ਰਾਜਾਂ ਨੂੰ ਭੇਜੀ ਗਈ। ਆਸਾਮ ਵਿੱਚ ਵਿਦੇਸ਼ੀ ਟ੍ਰਿਬਿਊਨਲ ਵੱਲੋਂ ਵਿਦੇਸ਼ੀ ਐਲਾਨੇ ਗਏ ਲੋਕਾਂ 'ਤੇ ਵੀ ਇਹੀ ਨਿਯਮ ਲਾਗੂ ਹੋਣਗੇ। ਗ੍ਰਿਫਤਾਰ ਵਿਦੇਸ਼ੀਆਂ ਦੀ ਕੌਮੀਅਤ ਦੀ ਜਾਂਚ ਤੁਰੰਤ ਸ਼ੁਰੂ ਹੋਵੇਗੀ ਤਾਂ ਕਿ ਕੋਰਟ ਦੀ ਕਾਰਵਾਈ ਖਤਮ ਹੁੰਦੇ ਹੀ ਤੁਰੰਤ ਵਾਪਸ ਭੇਜਿਆ ਜਾ ਸਕੇ। ਵਾਪਸ ਭੇਜਣ ਦੇ ਬਾਅਦ ਉਨ੍ਹਾਂ ਨੂੰ ਦੁਬਾਰਾ ਭਾਰਤ ਵਿੱਚ ਆਉਣ ਤੋਂ ਰੋਕਣ ਲਈ ਬਲੈਕਲਿਸਟ ਕਰਨ ਦਾ ਪ੍ਰਸਤਾਵ ਬਿਊਰੋ ਆਫ ਇਮੀਗ੍ਰੇਸ਼ਨ ਨੂੰ ਭੇਜਿਆ ਜਾਵੇਗਾ।*

*ਆਸਾਮ ਵਿੱਚ 2019 'ਚ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐੱਨ ਆਰ ਸੀ) ਦੀ ਅੰਤਮ ਸੂਚੀ ਜਾਰੀ ਹੋਈ ਸੀ। 3.29 ਕਰੋੜ ਲੋਕਾਂ ਵਿੱਚੋਂ ਕਰੀਬ 19 ਲੱਖ ਨਾਜਾਇਜ਼ ਪਾਏ ਗਏ। ਭਾਜਪਾ ਨੇ ਕਿਹਾ ਸੀ ਕਿ ਆਸਾਮ ਤੋਂ ਬੰਗਲਾਦੇਸ਼ੀ ਘੁਸਪੈਠੀਏ ਕੱਢ ਦਿੱਤੇ ਜਾਣਗੇ, ਪਰ ਜਦੋਂ ਸੂਚੀ ਆਈ ਤਾਂ ਉਸ ਵਿੱਚ ਵੱਡੀ ਗਿਣਤੀ 'ਚ ਹਿੰਦੂਆਂ ਦੇ ਨਾਂ ਨਿਕਲੇ, ਜਿਨ੍ਹਾਂ ਕੋਲ ਇਹ ਸਾਬਤ ਕਰਨ ਦੇ ਦਸਤਾਵੇਜ਼ ਨਹੀਂ ਸਨ ਕਿ ਉਹ ਭਾਰਤੀ ਹਨ। ਸੱਤ ਸਾਲ ਬਾਅਦ ਵੀ 19 ਲੱਖ ਵਿੱਚੋਂ ਬਹੁਤਿਆਂ ਨੂੰ ਬਾਹਰ ਨਹੀਂ ਕੱਢਿਆ ਜਾ ਸਕਿਆ। ਕਾਰਨ ਦੱਸਿਆ ਜਾ ਰਿਹਾ ਹੈ ਕਿ ਐੱਨ ਆਰ ਸੀ ਤੋਂ ਬਾਹਰ ਹੋਏ ਲੋਕਾਂ ਨੂੰ ਫਾਰਨਰਜ਼ ਟ੍ਰਿਬਿਊਨਲ ਵਿੱਚ ਅਪੀਲ ਕਰਨ ਦਾ ਮੌਕਾ ਮਿਲਦਾ ਹੈ। ਇਹ ਇੱਕ ਅਦਾਲਤ ਵਰਗੀ ਵਿਵਸਥਾ ਹੈ। ਟ੍ਰਿਬਿਊਨਲ ਦੇ ਫੈਸਲੇ ਤੋਂ ਬਾਅਦ ਹੀ ਡਿਪੋਰਟੇਸ਼ਨ ਹੁੰਦੀ ਹੈ। ਟ੍ਰਿਬਿਊਨਲ ਕੋਲ ਹਜ਼ਾਰਾਂ ਅਪੀਲਾਂ ਪੈਂਡਿੰਗ ਹਨ। ਸਵਾਲ ਉੱਠਦਾ ਹੈ ਕਿ ਆਸਾਮ ਵਿੱਚ ਪਹਿਲਾਂ ਹੀ ਪਛਾਣੇ ਗਏ 19 ਲੱਖ ਲੋਕਾਂ ਨੂੰ ਤਾਂ ਕੱਢਿਆ ਨਹੀਂ ਜਾ ਸਕਿਆ ਤਾਂ ਪੂਰੇ ਦੇਸ਼ ਵਿੱਚ ਪਛਾਣ ਕਰਨ ਦੀ ਪ੍ਰਕਿਰਿਆ ਕਿਉਂ ਚਲਾਈ ਜਾ ਰਹੀ ਹੈ। ਜੇ ਨਾਜਾਇਜ਼ ਪ੍ਰਵਾਸੀ ਫੜੇ ਵੀ ਗਏ ਤਾਂ ਕੱਢੇ ਕਿਵੇਂ ਜਾਣਗੇ। ਭਾਰਤ ਨੇ 1951 ਦੀ ਕੌਮਾਂਤਰੀ ਰਫਿਊਜੀ ਕਨਵੈਨਸ਼ਨ 'ਤੇ ਦਸਤਖਤ ਨਹੀਂ ਕੀਤੇ ਹਨ, ਜਿਹੜੀ ਕਿਸੇ ਨੂੰ ਉਸ ਦੇਸ਼ ਵਿੱਚ ਵਾਪਸ ਕਰਨ ਤੋਂ ਰੋਕਦੀ ਹੈ, ਜਿੱਥੇ ਉਸ ਨੂੰ ਤਸੀਹਿਆਂ ਦਾ ਸਾਹਮਣਾ ਕਰਨਾ ਪਵੇ। ਮਯਾਂਮਾਰ ਰੋਹਿੰਗੀਆਂ ਨੂੰ ਨਾਗਰਿਕ ਨਹੀਂ ਮੰਨਦਾ ਤੇ ਉੱਥੇ ਰੋਹਿੰਗੀਆਂ 'ਤੇ ਜ਼ੁਲਮ ਹੋ ਰਹੇ ਹਨ।*

*ਇਸ ਤੋਂ ਇਲਾਵਾ ਭਾਰਤ ਅਮਰੀਕਾ ਵਾਂਗ ਨਾਜਾਇਜ਼ ਪ੍ਰਵਾਸੀਆਂ ਨੂੰ ਕੱਢਣ ਜੋਗਾ ਤਾਂ ਹੈ ਨਹੀਂ। ਇਹ ਸਭ ਪ੍ਰਪੰਚ ਪ੍ਰਵਾਸੀਆਂ ਦੇ ਨਾਂ 'ਤੇ ਸਿਆਸੀ ਲਾਹਾ ਲੈਣ ਤੋਂ ਵੱਧ ਕੁਝ ਨਹੀਂ ਜਾਪਦਾ।*

# ਅਮਰੀਕੀ ਸਾਮਰਾਜਵਾਦ ਫਿਰ ਤੋਂ ਬੇਨਕਾਬ

**ਮੂਲ : ਪਲਬ ਸੇਨਗੁਪਤਾ**
**ਅਨੁਵਾਦ : ਐੱਮ ਐੱਸ ਭਾਟੀਆ**

ਸੰਯੁਕਤ ਰਾਜ ਅਮਰੀਕਾ ਅਤੇ ਈਰਾਨ ਵਿਚਕਾਰ ਹਾਲ ਹੀ ਵਿੱਚ ਹੋਈ ਜੰਗਬੰਦੀ ਆਪਸੀ ਸਤਿਕਾਰ ਵਿੱਚੋਂ ਪੈਦਾ ਹੋਈ ਕੂਟਨੀਤਕ ਸਫਲਤਾ ਨਹੀਂ, ਇਹ ਵਾਸ਼ਿੰਗਟਨ ਅਤੇ ਉਸ ਦੀ ਫੌਜੀ ਸ਼ਕਤੀ ਦੀਆਂ ਅਸਲ ਸੀਮਾਵਾਂ ਦੁਆਰਾ ਮਜਬੂਰ ਕੀਤੀ ਗਈ ਇੱਕ ਰਣਨੀਤਕ ਵਾਪਸੀ ਹੈ। ਹਫ਼ਤਿਆਂ ਦੇ ਵਧਦੇ ਖ਼ਤਰਿਆਂ, ਸਮੁੰਦਰੀ ਬੇੜੇ ਦੀ ਹਮਲਾਵਰ ਤੈਨਾਤੀ ਅਤੇ ਈਰਾਨ ਉਤੇ ਵਿਨਾਸ਼ਕਾਰੀ ਬੰਬਾਰੀ ਦੀਆਂ ਸਪੱਸ਼ਟ ਚੇਤਾਵਨੀਆਂ ਤੋਂ ਬਾਅਦ ਵੀ ਅਮਰੀਕੀ ਸਾਮਰਾਜਵਾਦ ਨੂੰ ਤਹਿਰਾਨ ਨਾਲ ਦੋ ਹਫ਼ਤਿਆਂ ਦੀ ਜੰਗਬੰਦੀ ਸਵੀਕਾਰ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਤਰ੍ਹਾਂ ਪੱਛਮੀ ਏਸ਼ੀਆ ਇੱਕ ਵਿਨਾਸ਼ਕਾਰੀ ਯੁੱਧ ਤੋਂ ਮਸਾਂ ਬਚਿਆ ਹੈ।

ਇਹ ਸਮਝੌਤਾ ਈਰਾਨ ਦੇ ਊਰਜਾ ਅਤੇ ਫੌਜੀ ਬੁਨਿਆਦੀ ਢਾਂਚੇ ਤੇ ਹਮਲਾ ਕਰਨ ਲਈ ਅਮਰੀਕਾ ਦੀ ਸਮਾਂ-ਸੀਮਾ ਤੋਂ ਕੁਝ ਘੰਟੇ ਪਹਿਲਾਂ ਹੀ ਕੀਤਾ ਗਿਆ। ਐਲਾਨ ਕੀਤੀ ਗਈ ਵੱਡੀ ਜਿੱਤ ਕਦੇ ਹੋਈ ਹੀ ਨਹੀ। ਇਸ ਦੀ ਬਜਾਏ ਦੁਨੀਆ ਨੇ ਇੱਕ ਤੇਜ਼ ਬਦਲਾਅ ਦੇਖਿਆ। ਵਿਸ਼ਵ ਪੱਧਰ 'ਤੇ ਸਾਮਰਾਜ ਵਿਰੋਧੀ ਅਤੇ ਪ੍ਰਗਤੀਸ਼ੀਲ ਤਾਕਤਾਂ ਲਈ ਇਹ ਸਮਾਂ ਇਨਕਲਾਬੀ ਵਿਸ਼ਲੇਸ਼ਣ ਦੇ ਇੱਕ ਬੁਨਿਆਦੀ ਸੱਚ ਦੀ ਪੁਸ਼ਟੀ ਕਰਦਾ ਹੈ ਕਿ ਸਾਮਰਾਜਵਾਦ ਆਪਣੀ ਸਾਰੀ ਮਾਰੂ ਫੌਜੀ ਸ਼ਕਤੀ ਦੇ ਬਾਵਜੂਦ ਇੱਕ ਕਾਗਜ਼ੀ ਸ਼ੇਰ ਬਣਿਆ ਹੋਇਆ ਹੈ, ਬੇਸ਼ੱਕ ਖ਼ਤਰਨਾਕ ਹੈ, ਪਰ ਬੁਨਿਆਦੀ ਤੌਰ 'ਤੇ ਉਤਮ ਫੌਜੀ ਸ਼ਕਤੀ ਨੂੰ ਆਪਣੇ ਰਾਜਨੀਤਕ ਦਬਦਬੇ ਵਿੱਚ ਬਦਲਣ ਵਿੱਚ ਅਸਮਰੱਥ ਹੈ।

**ਸਾਮਰਾਜਵਾਦੀ ਹਮਲੇ ਦੀਆਂ ਵਿਰੋਧਤਾਵਾਂ**

ਇਹ ਸੰਕਟ ਅਮਰੀਕਾ-ਇਜ਼ਰਾਈਲੀ ਫੌਜੀ ਗਠਜੋੜ ਦੁਆਰਾ ਪੈਦਾ ਕੀਤਾ ਗਿਆ ਸੀ, ਜੋ ਲੰਮੇ ਸਮੇਂ ਤੋਂ ਈਰਾਨ ਦੀ ਪ੍ਰਭੂਸੱਤਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਵਾਸ਼ਿੰਗਟਨ ਨੇ ਅਲਟੀਮੇਟਮ ਜਾਰੀ ਕੀਤੇ, ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਕਰਨ ਦੀ ਧਮਕੀ ਦਿੱਤੀ ਅਤੇ ਆਪਣੀ ਰੱਖਿਆ ਦੀ ਆੜ ਵਿੱਚ ਫੌਜੀ ਸ਼ਕਤੀਆਂ ਨੂੰ ਇਕੱਠਾ ਕੀਤਾ। ਫਿਰ ਜਦੋਂ ਖੇਤਰੀ ਵਿਰੋਧ ਨੈੱਟਵਰਕਾਂ ਅਤੇ ਇੱਕ ਸਪੱਸ਼ਟ ਕੂਟਨੀਤਕ ਜਵਾਬੀ ਪੇਸ਼ਕਸ਼ ਦੁਆਰਾ ਸਮਰਥਤ ਈਰਾਨ ਦੇ ਝੁਕਣ ਤੋਂ ਇਨਕਾਰ ਦਾ ਸਾਹਮਣਾ ਕਰਨਾ ਪਿਆ ਤਾਂ ਅਮਰੀਕਾ ਪਾਸਾ ਵੱਟ ਗਿਆ। ਸਪੱਸ਼ਟ ਤੌਰ 'ਤੇ ਵਾਸ਼ਿੰਗਟਨ ਲਗਭਗ ਪੂਰੀ ਤਰ੍ਹਾਂ ਇਕੱਲਾ ਖੜ੍ਹਾ ਸੀ। ਇੱਥੋਂ ਤੱਕ ਕਿ ਰਵਾਇਤੀ ਨਾਟੋ ਸਹਿਯੋਗੀਆਂ ਨੇ ਵੀ, ਜੋ ਕਿ ਇੱਕ ਹੋਰ ਵਿਨਾਸ਼ਕਾਰੀ ਪੱਛਮੀ ਏਸ਼ੀਆਈ ਯੁੱਧ ਅਤੇ ਉਸ ਤੋਂ ਬਾਅਦ ਹੋਣ ਵਾਲੇ ਆਰਥਿਕ ਨਤੀਜੇ ਤੋਂ ਸੁਚੇਤ ਸਨ, ਨੇ ਅਮਰੀਕੀ ਫੌਜੀ ਕਾਰਵਾਈ ਦਾ ਸਮਰਥਨ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ। ਇਹ ਕੋਈ ਸੁਭਾਵਕ ਗੱਠਜੋੜ ਨਹੀਂ ਸੀ - ਯੂਰਪੀਅਨ ਜਾਂ ਹੋਰ ਵੱਡੀਆਂ ਸ਼ਕਤੀਆਂ ਦਾ ਕੋਈ ਅਰਥਪੂਰਨ ਦਲ ਈਰਾਨ 'ਤੇ ਹਮਲੇ ਨੂੰ ਮਾਨਤਾ ਦੇਣ ਜਾਂ ਫੌਜੀ ਮਦਦ ਦੇਣ ਲਈ ਤਿਆਰ ਨਹੀਂ ਸੀ।

ਇਹ ਤਾਕਤਵਰ ਨਾਟੋ ਗੱਠਜੋੜ ਆਪਣੇ ਆਪ ਵਿੱਚ ਫੈਸਲੇ ਦੇ ਇਸ ਪਲ, ਇੱਕ ਖੋਖਲੇ ਕਾਰਤੂਸ ਵਜੋਂ ਸਾਬਤ ਹੋਇਆ, ਕਿਉਂਕਿ ਇਹ ਅਮਰੀਕੀ ਸਾਮਰਾਜੀ ਮਾਅਰਕੇਬਾਜ਼ੀ ਹੁਣ ਇਸ ਦੇ ਛੋਟੇ ਭਾਈਵਾਲਾਂ ਦੇ ਹਿੱਤ ਨਹੀਂ ਸਾਧ ਸਕਦੀ ਸੀ।

**ਆਖਰ ਕਿਉਂ?**

ਕਿਉਂਕਿ ਸਾਮਰਾਜਵਾਦ ਦੇ ਮੁੱਖ ਵਿਰੋਧਾਭਾਸ ਨੂੰ ਹੁਣ ਛੁਪਾਉਣਾ ਅਸੰਭਵ ਹੈ, ਬੇਸ਼ੱਕ ਇਸ ਕੋਲ ਬਹੁਤ ਜ਼ਿਆਦਾ ਵਿਨਾਸ਼ਕਾਰੀ ਸਮਰੱਥਾ ਹੈ, ਪਰ ਅਮਰੀਕਨ ਸਾਮਰਾਜ ਇੱਕ ਮਜ਼ਬੂਤ ਬੁਨਿਆਦੀ ਢਾਂਚੇ, ਲੋਕਾਂ ਵਿੱਚ ਹਰਮਨਪਿਆਰੀ ਸਰਕਾਰ ਜਿਸ ਦੇ ਇਸ ਖੇਤਰ ਵਿੱਚ ਸਹਿਯੋਗੀ ਵੀ ਹਨ, ਨੂੰ ਨਹੀਂ ਹਰਾ ਸਕਦਾ।

ਇਹੋ ਸਾਮਰਾਜ ਆਪਣੇ ਅਧੀਨ ਸਹਿਯੋਗੀਆਂ 'ਤੇ ਵੀ ਭਰੋਸਾ ਨਹੀਂ ਕਰ ਸਕਦਾ, ਜਦੋਂ ਫਾਇਦਿਆਂ ਨਾਲੋਂ ਖਤਰੇ ਵੱਧ ਹੁੰਦੇ ਹਨ। ਦਹਾਕਿਆਂ ਦੀਆਂ ਪਾਬੰਦੀਆਂ ਅਤੇ ਕਤਲਾਂ ਤੋਂ ਪ੍ਰਭਾਵਤ ਇਰਾਨ, ਹਮਲਿਆਂ ਵਿਰੁੱਧ ਖੜਣ ਦੀ ਸਥਿਤੀ ਤੋਂ ਗੱਲਬਾਤ ਵਿੱਚ ਦਾਖਲ ਹੋਇਆ ਹੈ - ਨਾਂ ਕਿ ਅਧੀਨਗੀ ਦੀ ਸਥਿਤੀ ਤੋਂ। ਇਸ ਨੇ ਪਾਬੰਦੀਆਂ ਰਾਹਤ ਅਤੇ ਖੇਤਰੀ ਸੁਰੱਖਿਆ ਨੂੰ ਸੰਬੋਧਤ ਇੱਕ ਦਸ-ਨੁਕਾਤੀ ਸ਼ਾਂਤੀ ਢਾਂਚਾ ਪੇਸ਼ ਕੀਤਾ ਹੈ, ਜਿਸ ਨਾਲ ਵਾਸ਼ਿੰਗਟਨ ਨੂੰ ਬੰਬ ਸੁੱਟਣ ਦੀ ਬਜਾਏ ਗੱਲਬਾਤ ਕਰਨ ਲਈ ਮਜਬੂਰ ਹੋਣਾ ਪਿਆ। ਇਸ ਲਈ ਜੰਗਬੰਦੀ ਅਮਰੀਕੀ ਤਾਕਤ ਦੀ ਨਿਸ਼ਾਨਦੇਹੀ ਨਹੀਂ ਕਰਦੀ, ਸਗੋਂ ਇਹ ਅਮਰੀਕੀ ਕਮਜ਼ੋਰੀ ਦੀ ਨਿਸ਼ਾਨੀ ਹੈ, ਜਿਸ ਦਾ ਅਰਥ ਇਹ ਨਿਕਲਦਾ ਹੈ ਕਿ ਇੱਕ ਹੋਰ ਪੱਛਮੀ ਏਸ਼ੀਆਈ ਯੁੱਧ ਸਾਮਰਾਜੀ ਸ਼ਕਤੀਆਂ ਦੀ ਸਮਰੱਥਾ ਉਤੇ ਹੱਦੋਂ ਵੱਧ ਸੰਕਟ ਪੈਦਾ ਕਰੇਗਾ ਅਤੇ ਵਿਸ਼ਵਵਿਆਪੀ ਊਰਜਾ ਸੰਕਟ ਨੂੰ ਸ਼ੁਰੂ ਕਰੇਗਾ, ਜਿਸ ਨੂੰ ਪੈਂਟਾਗਨ ਵੀ ਕੰਟਰੋਲ ਨਹੀਂ ਕਰ ਸਕੇਗਾ। ਵਾਸ਼ਿੰਗਟਨ ਦਾ ਆਪਣੇ ਛੋਟੇ-ਛੋਟੇ ਸਹਿਯੋਗੀਆਂ ਵਿੱਚ ਅਲੱਗ-ਥਲੱਗ ਹੋਣਾ ਇਕ ਡੂੰਘੇ ਸੱਚ ਨੂੰ ਦਰਸਾਉਂਦਾ ਹੈ ਕਿ ਹੁਣ ਇਕਪਾਸੜ ਅਮਰੀਕੀ ਫੌਜੀ ਧਮਕੀਆਂ ਦਾ ਯੁੱਗ ਬੀਤ ਰਿਹਾ ਹੈ ਅਤੇ ਇੱਥੋਂ ਤੱਕ ਕਿ ਸਾਮਰਾਜੀ ਕੈਂਪ ਵੀ ਹੁਣ ਇੱਕਜੁੱਟ ਨਹੀਂ ਹੈ।

**ਦੱਖਣ ਤੋਂ ਕੂਟਨੀਤੀ: ਪਾਕਿਸਤਾਨ ਦੀ ਪਹਿਲਕਦਮੀ**

ਇਸ ਘਟਨਾ ਤੋਂ ਇੱਕ ਮਹੱਤਵਪੂਰਨ ਰਾਜਨੀਤਕ ਸਬਕ ਅਜ਼ਾਦ ਖੇਤਰੀ ਕੂਟਨੀਤੀ ਦੀ ਭੂਮਿਕਾ ਹੈ। ਪਾਕਿਸਤਾਨ ਨੇ ਸਿੱਧੇ ਤੌਰ 'ਤੇ ਦਖਲ ਦਿੱਤਾ, ਵਾਸ਼ਿੰਗਟਨ ਨੂੰ ਫੌਜੀ ਕਾਰਵਾਈਆਂ ਨੂੰ ਮੁਅੱਤਲ ਕਰਨ ਅਤੇ ਅਮਰੀਕਾ ਅਤੇ ਈਰਾਨੀ ਅਧਿਕਾਰੀਆਂ ਵਿਚਕਾਰ ਪਿਠਵਰਤੀ ਗੱਲਬਾਤ ਨੂੰ ਸੁਵਿਧਾਜਨਕ ਬਣਾਉਣ ਦੀ ਅਪੀਲ ਕੀਤੀ। ਨਤੀਜੇ ਵਜੋਂ ਦੋ ਹਫ਼ਤਿਆਂ ਦੀ ਜੰਗਬੰਦੀ ਅਤੇ ਇਸਲਾਮਾਬਾਦ ਵਿੱਚ ਯੋਜਨਾਬੱਧ ਸ਼ਾਂਤੀ ਵਾਰਤਾ ਇਸ ਪਹਿਲਕਦਮੀ ਦਾ ਸਿੱਧਾ ਨਤੀਜਾ ਹੈ।

**ਭਾਰਤ ਦੀ ਰਣਨੀਤਕ ਅਸਫਲਤਾ**

ਇਸ ਦੇ ਬਿਲਕੁਲ ਉਲਟ ਸੰਕਟ ਪ੍ਰਤੀ ਭਾਰਤ ਦਾ ਜਵਾਬ ਇਸ ਦੀ ਵਿਦੇਸ਼ ਨੀਤੀ ਵਿੱਚ ਇੱਕ ਪ੍ਰੇਸ਼ਾਨ ਕਰਨ ਵਾਲੇ ਰੁਝਾਨ ਨੂੰ ਉਜਾਗਰ ਕਰਦਾ ਹੈ।

ਰਵਾਇਤੀ ਤੌਰ 'ਤੇ ਭਾਰਤ ਨੇ ਗੁਟ ਨਿਰਲੇਪਤਾ, ਸ਼ਾਂਤੀਪੂਰਨ ਸਹਿ-ਹੋਂਦ ਅਤੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਲਈ ਸਮਰਥਨ ਪ੍ਰਤੀ ਸਿਧਾਂਤਕ ਵਚਨਬੱਧਤਾ ਨੂੰ ਬਰਕਰਾਰ ਰੱਖਿਆ ਸੀ। ਸ਼ੀਤ ਯੁੱਧ ਅਤੇ ਉਸ ਤੋਂ ਬਾਅਦ ਦੇ ਦਹਾਕਿਆਂ ਦੌਰਾਨ ਨਵੀਂ ਦਿੱਲੀ ਨੇ ਅਕਸਰ ਅੰਤਰਰਾਸ਼ਟਰੀ ਟਕਰਾਵਾਂ ਵਿੱਚ ਗੱਲਬਾਤ ਅਤੇ ਯੁੱਧਬੰਦੀ ਨੂੰ ਉਤਸ਼ਾਹਤ ਕਰਨ ਵਿੱਚ ਇੱਕ ਰਚਨਾਤਮਕ ਭੂਮਿਕਾ ਨਿਭਾਈ।

ਹਾਲਾਂਕਿ, ਮੌਜੂਦਾ ਸਰਕਾਰ ਨੇ ਇਸ ਆਜ਼ਾਦਾਨਾ ਪਹੁੰਚ ਨੂੰ ਤੇਜ਼ੀ ਨਾਲ ਤਿਆਗ ਦਿੱਤਾ ਹੈ। ਹਾਲੀਆ ਸੰਕਟ ਦੌਰਾਨ ਭਾਰਤ ਨੇ ਆਪਣੇ ਆਪ ਨੂੰ ਜੰਗਬੰਦੀ ਦਾ ਸਵਾਗਤ ਕਰਨ ਅਤੇ ਹੋਰਮੁਜ਼ ਜਲਡਮਰੂ ਵਰਗੇ ਸਮੁੰਦਰੀ ਮਾਰਗਾਂ ਵਿੱਚ ਸਥਿਰਤਾ ਦੀ ਮੰਗ ਕਰਨ ਵਾਲੇ ਸਾਵਧਾਨੀ ਵਾਲੇ ਬਿਆਨਾਂ ਤੱਕ ਹੀ ਸੀਮਤ ਰੱਖਿਆ ਹੈ।

ਹਾਲਾਂਕਿ ਅਜਿਹੇ ਬਿਆਨ ਮਹੱਤਵਪੂਰਨ ਹਨ, ਪਰ ਉਹ ਭਾਰਤ ਦੇ ਆਕਾਰ ਅਤੇ ਅੰਤਰਰਾਸ਼ਟਰੀ ਸਥਿਤੀ ਵਾਲੇ ਦੇਸ਼ ਤੋਂ ਉਮੀਦ ਕੀਤੀ ਜਾਣ ਵਾਲੀ ਸਰਗਰਮ ਕੂਟਨੀਤਕ ਭੂਮਿਕਾ ਤੋਂ ਬਹੁਤ ਘੱਟ ਹਨ।

ਹੋਰ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਈਲ ਨਾਲ ਸਾਡੇ ਵਧ ਰਹੇ ਰਣਨੀਤਕ ਗੱਠਜੋੜ ਨੇ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਲਈ ਭਾਰਤ ਦੇ ਇੱਕ ਸੁਤੰਤਰ ਆਵਾਜ਼ ਵਜੋਂ ਕੰਮ ਕਰਨ ਦੀ ਸਮਰੱਥਾ ਨੂੰ ਸੀਮਤ ਕਰ ਦਿੱਤਾ ਹੈ। ਪਿਛਲੇ ਦਹਾਕੇ ਦੌਰਾਨ ਨਵੀਂ ਦਿੱਲੀ ਨੇ ਵਾਸ਼ਿੰਗਟਨ ਅਤੇ ਤੇਲਅਵੀਵ ਦੋਵਾਂ ਨਾਲ ਫੌਜੀ, ਖੁਫ਼ੀਆ ਅਤੇ ਰਾਜਨੀਤਕ ਸੰਬੰਧਾਂ ਨੂੰ ਲਗਾਤਾਰ ਡੂੰਘਾ ਕੀਤਾ ਹੈ।

ਇਸ ਤਰ੍ਹਾਂ ਦੇ ਗੱਠਜੋੜ ਦੇ ਗੰਭੀਰ ਦੁਸ਼-ਪ੍ਰਭਾਵ ਹਨ। ਇਜ਼ਰਾਈਲ ਖੇਤਰੀ ਟਕਰਾਵਾਂ ਵਿੱਚ ਸਿਧੇ ਤੌਰ 'ਤੇ ਸ਼ਾਮਲ ਰਿਹਾ ਹੈ ਅਤੇ ਪੱਛਮੀ ਏਸ਼ੀਆ ਵਿੱਚ ਅਮਰੀਕੀ ਸਾਮਰਾਜੀ ਰਣਨੀਤੀ ਦੇ ਇੱਕ ਮੁੱਖ ਭਾਈਵਾਲ ਵਜੋਂ ਵਿਆਪਕ ਤੌਰ 'ਤੇ ਦੇਖਿਆ ਜਾਂਦਾ ਹੈ। ਜਦੋਂ ਭਾਰਤ ਇਸ ਧੁਰੇ ਨਾਲ ਬਹੁਤ ਨੇੜਿਓਂ ਵਿਚਰਦਾ ਹੈ, ਤਾਂ ਇਹ ਫਲਸਤੀਨੀ ਅਧਿਕਾਰਾਂ ਦੇ ਸਮਰਥਕ ਅਤੇ ਖੇਤਰੀ ਸ਼ਾਂਤੀ ਦੇ ਦੂਤ ਵਜੋਂ ਆਪਣੀ ਇਤਿਹਾਸਕ ਭੂਮਿਕਾ ਨੂੰ ਕਮਜ਼ੋਰ ਕਰਦਾ ਹੈ।

**# ਸੰਪਰਕ** : 91 99884-91002

# ਕੀ ਏ ਆਈ ਮਨੁੱਖੀ ਸੋਚ ਨੂੰ ਮਾਤ ਦੇ ਸਕਦੀ ਹੈ...?



ਸੰਦੀਪ ਕੁਮਾਰ

ਆਧੁਨਿਕ ਵਿਗਿਆਨ ਅਤੇ ਤਕਨੀਕੀ ਯੁੱਗ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਨੇ ਇੱਕ ਅਸਾਧਾਰਨ ਕ੍ਰਾਂਤੀ ਲਿਆਂਦੀ ਹੈ। ਇਸ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਨੂੰ ਬਦਲ ਕੇ ਰੱਖ ਦਿੱਤਾ ਹੈ। ਸਿਹਤ ਸੰਭਾਲ ਤੋਂ ਵਪਾਰ, ਸਿੱਖਿਆ ਤੋਂ ਸੰਚਾਰ ਤੱਕ ਏ ਆਈ ਨੇ ਮਨੁੱਖੀ ਸਮਰਥਾਵਾਂ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ। ਇਹ ਮਸ਼ੀਨੀ ਬੁੱਧੀ ਮਨੁੱਖ ਦੁਆਰਾ ਬਣਾਏ ਗਏ ਅਲਗੋਰਿਦਮ ਅਤੇ ਵਿਸ਼ਾਲ ਡੇਟਾ 'ਤੇ ਅਧਾਰਤ ਹੈ, ਜਿਸ ਨਾਲ ਗੁੰਝਲਦਾਰ ਸਮੱਸਿਆਵਾਂ ਨੂੰ ਤੇਜ਼ੀ ਨਾਲ ਹੱਲ ਕੀਤਾ ਜਾ ਸਕਦਾ ਹੈ, ਪਰ ਇੱਕ ਮਹੱਤਵਪੂਰਨ ਸਵਾਲ ਅੱਜ ਵੀ ਵਿਚਾਰਧਾਰਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੀ ਏ ਆਈ ਕਦੇ ਮਨੁੱਖੀ ਸੋਚ ਦੀ ਬਰਾਬਰੀ ਕਰ ਸਕੇਗੀ ਜਾਂ ਇਸ ਨੂੰ ਪਛਾੜ ਸਕੇਗੀ। ਇਹ ਸਵਾਲ ਸਿਰਫ ਤਕਨੀਕੀ ਨਹੀਂ, ਬਲਕਿ ਭਾਵਨਾਤਮਕ, ਨੈਤਿਕ ਅਤੇ ਸਮਾਜਿਕ ਪਹਿਲੂਆਂ ਨਾਲ ਵੀ ਜੁੜਿਆ ਹੋਇਆ ਹੈ। ਇਸ ਲੇਖ ਵਿੱਚ ਅਸੀਂ ਇਸ ਵਿਸ਼ੇ ਦੀ ਡੂੰਘਾਈ ਨਾਲ ਪੜਚੋਲ ਕਰਾਂਗੇ ਅਤੇ ਇਹ ਸਾਬਤ ਕਰਾਂਗੇ ਕਿ ਭਾਵੇਂ ਏ ਆਈ ਜਿੰਨੀ ਵੀ ਉੱਨਤ ਹੋਵੇ, ਇਹ ਮਨੁੱਖੀ ਸੋਚ ਦੀ ਵਿਲੱਖਣਤਾ ਨੂੰ, ਖਾਸ ਕਰਕੇ ਭਾਵਨਾਤਮਕ ਅਤੇ ਨੈਤਿਕ ਫੈਸਲਿਆਂ ਵਿੱਚ ਪੂਰੀ ਤਰ੍ਹਾਂ ਨਹੀਂ ਸਮਝ ਸਕਦੀ। ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਦੀ ਨਕਲ ਲਈ ਤਿਆਰ ਕੀਤੀ ਗਈ ਤਕਨੀਕ ਹੈ, ਜੋ ਡੇਟਾ ਵਿਸ਼ਲੇਸ਼ਣ, ਪੈਟਰਨ ਪਛਾਣ ਅਤੇ ਅੰਕੜਿਆਂ ਦੀ ਤੇਜ਼ ਪ੍ਰਕਿਰਿਆ 'ਤੇ ਚੱਲਦੀ ਹੈ। ਇਸ ਨੇ ਮਸ਼ੀਨਾਂ ਨੂੰ ਸੁਤੰਤਰ ਰੂਪ ਵਿੱਚ ਕੰਮ ਕਰਨ ਦੀ ਸਮਰੱਥਾ ਦਿੱਤੀ ਹੈ। ਸਿਹਤ ਸੰਭਾਲ ਵਿੱਚ ਏ ਆਈ ਬਿਮਾਰੀਆਂ ਜਿਵੇਂ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਦੀ ਸ਼ੁਰੂਆਤੀ ਪਛਾਣ ਵਿੱਚ ਡਾਕਟਰਾਂ ਦੀ ਬਹੁਤ ਮਦਦ ਕਰ ਰਹੀ ਹੈ। ਐਕਸ-ਰੇ ਅਤੇ ਐੱਮ ਆਰ ਆਈ ਰਿਪੋਰਟਾਂ ਦਾ ਵਿਸ਼ਲੇਸ਼ਣ ਕਰਕੇ ਇਹ ਛੇਤੀ ਨਿਦਾਨ ਸੰਭਵ ਬਣਾਉਂਦੀ ਹੈ। ਸਵੈ-ਚਾਲਿਤ ਵਾਹਨਾਂ ਵਿੱਚ ਏ ਆਈ ਨੇ ਰੋਡ ਸੁਰੱਖਿਆ ਵਧਾਈ ਹੈ ਅਤੇ ਅਕਸੀਡੈਂਟ ਘਟਾਏ ਹਨ। ਸਮਾਰਟ ਸਹਾਇਕ ਜਿਵੇਂ ਐਲੈਕਸਾ ਅਤੇ ਸਿਰੀ ਰੋਜ਼ਾਨਾ ਕੰਮਾਂ ਨੂੰ ਆਸਾਨ ਬਣਾਉਂਦੇ ਹਨ। ਏ ਆਈ ਦੀ ਸਫਲਤਾ ਇਸ ਦੀ ਤੇਜ਼ ਡੇਟਾ ਪ੍ਰੋਸੈੱਸਿੰਗ ਅਤੇ ਭਵਿੱਖਬਾਣੀਆਂ ਕਰਨ ਦੀ ਯੋਗਤਾ ਵਿੱਚ ਹੈ। ਮਸ਼ੀਨ ਲਰਨਿੰਗ ਅਤੇ ਡੀਪ ਲਰਨਿੰਗ ਤਕਨੀਕਾਂ ਨੇ ਇਸ ਨੂੰ ਵੱਡੇ ਡੇਟਾ ਸੈੱਟਾਂ ਵਿੱਚੋਂ ਲੁਕੇ ਪੈਟਰਨ ਲੱਭਣ ਅਤੇ ਉਨ੍ਹਾਂ ਤੋਂ ਨਤੀਜੇ ਕੱਢਣ ਦੀ ਤਾਕਤ ਦਿੱਤੀ ਹੈ। ਵਪਾਰ ਵਿੱਚ ਏ ਆਈ ਗਾਹਕ ਵਿਹਾਰ ਦਾ ਵਿਸ਼ਲੇਸ਼ਣ ਕਰਕੇ ਬਿਹਤਰ ਰਣਨੀਤੀਆਂ ਬਣਾਉਂਦੀ ਹੈ ਅਤੇ ਗਾਹਕ ਕੇਂਦਰਤ ਸਿਫਾਰਸ਼ਾਂ ਪੇਸ਼ ਕਰਦੀ ਹੈ। ਸੁਰੱਖਿਆ ਖੇਤਰ ਵਿੱਚ ਇਹ ਅਪਰਾਧੀ ਗਤੀਵਿਧੀਆਂ ਨੂੰ ਪਹਿਲਾਂ ਪਛਾਣ ਕੇ ਅਲਰਟ ਜਾਰੀ ਕਰਦੀ ਹੈ। ਵਾਤਾਵਰਣ ਵਿਗਿਆਨ ਵਿੱਚ ਵੀ ਏ ਆਈ ਜਲਵਾਯੂ ਬਦਲਾਅ ਦੀ ਭਵਿੱਖਬਾਣੀ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ। ਇਸ ਤਰ੍ਹਾਂ ਏ ਆਈ ਮਨੁੱਖੀ ਜੀਵਨ ਨੂੰ ਵਧੇਰੇ ਕੁਸ਼ਲ ਅਤੇ ਉਤਪਾਦਕ ਬਣਾ ਰਹੀ ਹੈ।

ਫਿਰ ਵੀ ਏ ਆਈ ਦੀਆਂ ਬੁਨਿਆਦੀ ਸੀਮਾਵਾਂ ਇਸ ਨੂੰ ਮਨੁੱਖੀ ਸੋਚ ਤੋਂ ਵੱਖ ਕਰਦੀਆਂ ਹਨ। ਏਆਈ ਪੂਰੀ ਤਰ੍ਹਾਂ ਮਨੁੱਖੀ ਪ੍ਰੋਗਰਾਮਿੰਗ ਅਤੇ ਉਪਲੱਬਧ ਡੇਟਾ 'ਤੇ ਨਿਰਭਰ ਹੈ। ਜੇ ਡੇਟਾ ਅਧੂਰਾ ਜਾਂ ਪੱਖਪਾਤੀ ਹੋਵੇ ਤਾਂ ਏਆਈ ਵੀ ਗਲਤ ਫੈਸਲੇ ਲੈ ਸਕਦੀ ਹੈ। ਉਦਾਹਰਣ ਵਜੋਂ ਰਿਕਰੂਟਮੈਂਟ ਟੂਲਸ ਵਿੱਚ ਨਸਲੀ ਪੱਖਪਾਤ ਵਾਲਾ ਡੇਟਾ ਏ ਆਈ ਨੂੰ ਗਲਤ ਨਤੀਜੇ ਦੇ ਸਕਦਾ ਹੈ। ਏ ਆਈ ਵਿੱਚ ਸਵੈ-ਚੇਤਨਤਾ ਅਤੇ ਅਸਲੀ ਭਾਵਨਾਤਮਕ ਸਮਝ ਬਿਲਕੁਲ ਨਹੀਂ। ਇਹ ਸਿਰਫ ਉਹੀ ਕਰ ਸਕਦੀ ਹੈ, ਜਿਸ ਲਈ ਇਸ ਨੂੰ ਡਿਜ਼ਾਈਨ ਕੀਤਾ ਗਿਆ ਹੈ ਅਤੇ ਅਣਜਾਣੀਆਂ ਸਥਿਤੀਆਂ ਵਿੱਚ ਅਕਸਰ ਅਸਫਲ ਹੋ ਜਾਂਦੀ ਹੈ। ਇਸ ਦੇ ਉਲਟ ਮਨੁੱਖੀ ਸੋਚ ਬਹੁਆਯਾਮੀ ਹੈ। ਇਹ ਸਿਰਫ ਤਰਕ ਅਤੇ ਅੰਕੜਿਆਂ ਤੱਕ ਸੀਮਤ ਨਹੀਂ, ਬਲਕਿ ਭਾਵਨਾਵਾਂ, ਅਨੁਭਵ, ਸੱਭਿਆਚਾਰ ਅਤੇ ਨੈਤਿਕਤਾ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਮਨੁੱਖੀ ਦਿਮਾਗ ਹਾਲਤਾਂ ਨੂੰ ਸਮਝਦਾ ਹੈ ਅਤੇ ਫੈਸਲੇ ਲੈਂਦਾ ਹੈ। ਇੱਕ ਡਾਕਟਰ ਮਰੀਜ਼ ਦੇ ਮੈਡੀਕਲ ਡੇਟਾ ਤੋਂ ਇਲਾਵਾ ਉਸ ਦੀ ਮਾਨਸਿਕ ਸਥਿਤੀ, ਪਰਿਵਾਰਕ ਹਾਲਾਤ ਅਤੇ ਭਾਵਨਾਵਾਂ ਨੂੰ ਵੀ ਵਿਚਾਰਦਾ ਹੈ। ਅਦਾਲਤ ਵਿੱਚ ਜੱਜ ਅਪਰਾਧੀ ਦੇ ਜੀਵਨ ਪਿਛੋਕੜ ਅਤੇ ਸਮਾਜਿਕ ਪ੍ਰਭਾਵ ਨੂੰ ਵੀ ਧਿਆਨ ਵਿੱਚ ਰੱਖਦਾ ਹੈ। ਇਸ ਵਿੱਚ ਸਹਾਨੁਭੂਤੀ ਅਤੇ ਨੈਤਿਕਤਾ ਦੀ ਡੂੰਘੀ ਭੂਮਿਕਾ ਹੁੰਦੀ ਹੈ, ਜੋ ਏ ਆਈ ਵਿੱਚ ਬਿਲਕੁਲ ਗੈਰ-ਮੌਜੂਦ ਹੈ। ਮਨੁੱਖੀ ਸੋਚ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਸਿਰਜਣਾਤਮਕਤਾ ਹੈ। ਮਨੁੱਖ ਨਵੀਆਂ ਕਲਾਵਾਂ, ਵਿਚਾਰ ਅਤੇ ਹੱਲ ਖੋਜ ਸਕਦਾ ਹੈ। ਪਾਬਲੋ ਪਿਕਾਸੋ ਵਰਗੇ ਕਲਾਕਾਰਾਂ ਨੇ ਭਾਵਨਾਤਮਕ ਡੂੰਘਾਈ ਨਾਲ ਕਲਾ ਸਿਰਜੀ। ਏ ਆਈ ਭਾਵੇਂ ਚਿੱਤਰ ਬਣਾਉਂਦੀ ਹੈ, ਪਰ ਉਹ ਸਿਰਫ ਪੁਰਾਣੇ ਡੇਟਾ ਤੋਂ ਲਏ ਗਏ ਪੈਟਰਨਾਂ 'ਤੇ ਅਧਾਰਤ ਹੁੰਦੀ ਹੈ। ਇਸ ਵਿੱਚ ਅਸਲੀ ਮੌਲਿਕਤਾ ਅਤੇ ਭਾਵਨਾਤਮਕ ਡੂੰਘਾਈ ਦੀ ਘਾਟ ਹੈ।

ਭਾਵਨਾਤਮਕ ਅਤੇ ਨੈਤਿਕ ਫੈਸਲੇ ਲੈਣ ਵਿੱਚ ਮਨੁੱਖੀ ਸੋਚ ਅਜੇਤੂ ਹੈ। ਭਾਵਨਾਵਾਂ ਜਿਵੇਂ ਪਿਆਰ, ਦੁੱਖ ਅਤੇ ਸਹਾਨੁਭੂਤੀ ਮਨੁੱਖੀ ਫੈਸਲਿਆਂ ਨੂੰ ਰੂਪ ਦਿੰਦੀਆਂ ਹਨ। ਇੱਕ ਪਰਵਾਰ ਵਿੱਚ ਜੀਵਨ ਬਚਾਉਣ ਵਾਲਾ ਫੈਸਲਾ ਅੰਕੜਿਆਂ ਤੋਂ ਉਪਰ ਉੱਠ ਕੇ ਪਿਆਰ ਅਤੇ ਜ਼ਿੰਮੇਵਾਰੀ 'ਤੇ ਅਧਾਰਤ ਹੁੰਦਾ ਹੈ। ਨੈਤਿਕ ਸੰਕਟ ਵਿੱਚ ਮਨੁੱਖ ਆਪਣੀ ਅੰਤਰ ਆਤਮਾ ਅਤੇ ਸਮਾਜਿਕ ਮੁੱਲਾਂ ਨੂੰ ਸੁਣਦਾ ਹੈ, ਜੋ ਏ ਆਈ ਲਈ ਅਸੰਭਵ ਹੈ। ਪਿਛਲੇ ਦਹਾਕਿਆਂ ਵਿੱਚ ਏ ਆਈ ਨੇ ਨਿਊਰਲ ਨੈੱਟਵਰਕਸ ਅਤੇ ਬਿਗ ਡੇਟਾ ਵਰਗੀਆਂ ਤਕਨੀਕਾਂ ਨਾਲ ਤਰੱਕੀ ਕੀਤੀ ਹੈ, ਪਰ ਇਹ ਤਰੱਕੀ ਵੀ ਮਨੁੱਖੀ ਪ੍ਰੋਗਰਾਮਿੰਗ ਅਤੇ ਡੇਟਾ ਦੀ ਸੀਮਾ ਤੱਕ ਹੀ ਹੈ। ਮਨੁੱਖੀ ਸੋਚ ਵਿੱਚ ਕੋਈ ਸੀਮਾ ਨਹੀਂ। ਇਹ ਨਵੀਂਆਂ ਸੰਭਾਵਨਾਵਾਂ ਖੋਜਦੀ ਹੈ ਅਤੇ ਆਪਣੇ ਆਪ ਨੂੰ ਨਿਰੰਤਰ ਢਾਲਦੀ ਹੈ। ਇਸ ਦੀ ਅਨੁਕੂਲਤਾ ਅਤੇ ਸਵੈ-ਚੇਤਨਤਾ ਏ ਆਈ ਤੋਂ ਬਿਲਕੁਲ ਵੱਖਰੀ ਹੈ।

ਸਿੱਟੇ ਵਜੋਂ ਏ ਆਈ ਨੇ ਮਨੁੱਖੀ ਜੀਵਨ ਨੂੰ ਬਹੁਤ ਸੁਖਾਲਾ ਬਣਾਇਆ ਹੈ ਅਤੇ ਭਵਿੱਖ ਵਿੱਚ ਵੀ ਇਸ ਦੀਆਂ ਸੰਭਾਵਨਾਵਾਂ ਵਧਦੀਆਂ ਰਹਿਣਗੀਆਂ, ਪਰ ਮਨੁੱਖੀ ਸੋਚ ਦੀ ਭਾਵਨਾਤਮਕ ਡੂੰਘਾਈ, ਸਿਰਜਣਾਤਮਕਤਾ, ਨੈਤਿਕ ਸਮਝ ਅਤੇ ਅਨੁਕੂਲਤਾ ਏ ਆਈ ਤੋਂ ਉਪਰ ਹੈ। ਏ ਆਈ ਇੱਕ ਸ਼ਾਨਦਾਰ ਟੂਲ ਹੈ, ਪਰ ਮਨੁੱਖੀ ਸੋਚ ਦਾ ਬਦਲ ਨਹੀਂ ਬਣ ਸਕਦੀ। ਭਵਿੱਖ ਵਿੱਚ ਏ ਆਈ ਅਤੇ ਮਨੁੱਖੀ ਸੋਚ ਵਿਚਕਾਰ ਸਹਿਯੋਗ ਹੀ ਸਭ ਤੋਂ ਵਧੀਆ ਰਾਹ ਹੈ, ਜਿੱਥੇ ਏ ਆਈ ਤਕਨੀਕੀ ਕੰਮਾਂ ਨੂੰ ਸੰਭਾਲੇ ਅਤੇ ਮਨੁੱਖ ਭਾਵਨਾਤਮਕ ਤੇ ਨੈਤਿਕ ਫੈਸਲੇ ਲੈਂਦਾ ਰਹੇ। ਇਸ ਤਰ੍ਹਾਂ ਮਨੁੱਖੀ ਸੋਚ ਹਮੇਸ਼ਾ ਸਰਵਉੱਚ ਰਹੇਗੀ।

**# ਸੰਪਰਕ** : 70098-07121

# ਪੱਛਮੀ ਬੰਗਾਲ 'ਚ ਚੁਣ-ਚੁਣ ਕੇ ਵੋਟਰ ਲਿਸਟ ਦੀ ਸੁਧਾਈ

**ਰਣਜੀਤ ਸਿੰਘ ਲੁਧਿਆਣਵੀ**

ਮੁੱਖ ਮੰਤਰੀ ਮਮਤਾ ਬੈਨਰਜੀ ਦੇ ਭਵਾਨੀਪੁਰ ਵਿਧਾਨ ਸਭਾ ਹਲਕੇ 'ਚ 2024 ਲੋਕ ਸਭਾ ਚੋਣਾਂ ਦੌਰਾਨ ਤ੍ਰਿਣਮੂਲ ਕਾਂਗਰਸ ਸਿਰਫ 8297 ਵੋਟਾਂ ਦੀ ਲੀਡ ਹਾਸਿਲ ਕਰਨ 'ਚ ਸਫਲ ਰਹੀ ਸੀ। 2021 ਚ ਤ੍ਰਿਣਮੂਲ ਕਾਂਗਰਸ ਨੇ 28 ਹਜ਼ਾਰ ਅਤੇ 2021 ਦੀ ਉਪ ਚੋਣ 'ਚ ਮਮਤਾ ਬੈਨਰਜੀ ਨੇ ਇਥੋਂ 58 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ। ਇਥੇ 51,004 (25 ਫੀਸਦੀ) ਵੋਟਰਾਂ ਦੇ ਨਾਂਅ ਕੱਟੇ ਗਏ ਹਨ। ਇਕ ਸਰਵੇ ਮੁਤਾਬਿਕ ਸਭ ਤੋਂ ਵੱਧ ਨਾਂਅ ਉਨ੍ਹਾਂ ਦੋ ਵਾਰਡ 'ਚੋਂ ਕੱਟੇ ਗਏ ਹਨ, ਜਿਥੇ ਤ੍ਰਿਣਮੂਲ ਕਾਂਗਰਸ ਨੇ ਸਭ ਤੋਂ ਵੱਧ ਲੀਡ ਹਾਸਿਲ ਕੀਤੀ ਸੀ। 17 ਹਿੰਦੂਆਂ 'ਚੋਂ ਇਕ ਹਿੰਦੂ ਐਪਰ 4 ਮੁਸਲਮਾਨਾਂ 'ਚੋਂ ਇਕ ਮੁਸਲਮਾਨ ਵੋਟਰ ਦਾ ਨਾਂਅ ਕੱਟਿਆ ਗਿਆ ਹੈ।

ਭਵਾਨੀਪੁਰ 'ਚ ਐੱਸ ਆਈ ਆਰ ਸ਼ੁਰੂ ਕਰਨ ਤੋਂ ਪਹਿਲਾਂ ਗੈਰਹਾਜ਼ਿਰ, ਦੂਜੀ ਥਾਂ ਜਾਣ ਵਾਲੇ, ਮ੍ਰਿਤਕ, ਡੁਪਲੀਕੇਟ ਜਾਂ ਅਨਮੈਪਡ 44,787 ਵੋਟਰਾਂ ਦੇ ਨਾਂਅ ਕੱਟੇ ਗਏ। ਦੂਜੇ ਗੇੜ 'ਚ 2,342 ਵੋਟਰਾਂ ਦੇ ਨਾਂਅ ਕੱਟੇ ਗਏ। 18 ਨਵੇਂ ਵੋਟਰ ਲਿਸਟ 'ਚ ਸ਼ਾਮਲ ਕਰਨ ਦੇ ਨਾਲ 14,154 ਨੂੰ ਐਡਜੁਡੀਕੇਸ਼ਨ ਦੀ ਸ਼੍ਰੇਣੀ 'ਚ ਰੱਖਿਆ ਗਿਆ। ਅਸੀਨ ਚਕਰਵਰਤੀ, ਸੌਪਤਿਕ ਹਾਲਦਰ ਅਤੇ ਸ਼ਬੀਰ ਅਹਿਮਦ ਦੀ ਰਿਸਰਚ ਟੀਮ ਨੇ ਦੱਸਿਆ ਕਿ 15ਵੀਂ ਸਪਲੀਮੈਂਟਰੀ ਲਿਸਟ ਦੀ ਘੋਖ ਕਰਨ 'ਚ ਪਤਾ ਚਲਿਆ ਕਿ ਪਹਿਲਾਂ 10,238 ਐਡਜੁਡੀਸ਼ੀਅਨ ਸਨ ਅਤੇ 3,875 ਵੋਟਰਾਂ ਦੇ ਨਾਂਅ ਕੱਟੇ ਗਏ। ਸਪਲੀਮੈਂਟਰੀ ਲਿਸਟ 'ਚ ਜਿਨ੍ਹਾਂ ਦੇ ਨਾਮ ਕੱਟੇ ਗਏ ਉਨਾਂ 'ਚ 40 ਫੀਸਦੀ ਮੁਸਲਮਾਨ ਵੋਟਰ ਸਨ। ਆਖਰੀ ਵੋਟਰ ਲਿਸਟ 'ਚ ਵੇਖਿਆ ਜਾ ਰਿਹਾ ਹੈ ਕਿ ਜਿਨ੍ਹਾਂ ਦੀਆਂ ਵੋਟਾਂ ਕੱਟੀਆਂ ਗਈਆਂ ਹਨ, ਉਨ੍ਹਾਂ 'ਚੋਂ 56.7 ਫੀਸਦੀ ਮੁਸਲਮਾਨ ਹਨ।

ਪੱਛਮੀ ਬੰਗਾਲ 'ਚ ਵਿਸ਼ੇਸ਼ ਵਿਆਪਕ ਮੁੜ ਨਿਰੀਖਣ (ਐਸ ਆਈ ਆਰ) ਕਾਰਨ ਰਾਜ ਦੀ ਡੈਮੋਗ੍ਰਾਫੀ (ਜਨ ਅੰਕੜਾ ਅਧਿਐਨ) ਨੂੰ ਪੂਰੀ ਤਰਾਂ ਬਦਲ ਦਿੱਤਾ ਗਿਆ ਹੈ। ਹੁਣ ਤੱਕ ਵੋਟਰ ਲਿਸਟ 'ਚ 25 ਤੋਂ ਲੈ ਕੇ 30 ਫੀਸਦੀ ਮੁਸਲਮਾਨ ਵੋਟਰ ਤਕਰੀਬਨ 100 ਸੀਟਾਂ 'ਤੇ ਫੈਸਲਾਕੁੰਨ ਹਾਲਾਤ 'ਚ ਰਹਿੰਦੇ ਸਨ। ਕਈ ਸੀਟਾਂ 'ਤੇ, ਖਾਸ ਤੌਰ 'ਤੇ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਣ ਵਾਲੇ ਜ਼ਿਲਿਆਂ 'ਚ ਤਾਂ ਮੁਸਲਮਾਨ ਵੋਟਰ ਦੇ ਭਰੋਸੇ ਹੀ ਉਮੀਦਵਾਰ ਦੀ ਜਿੱਤ-ਹਾਰ ਹੁੰਦੀ ਸੀ। ਐਪਰ 2026 ਦੀਆਂ ਵਿਧਾਨ ਸਭਾ ਚੋਣਾਂ 'ਚ ਹਾਲਾਤ ਪੂਰੀ ਤਰਾਂ ਬਦਲ ਗਏ ਹਨ। ਰਾਜ ਦੀਆਂ 294 ਵਿਧਾਨ ਸਭਾ ਸੀਟਾਂ 'ਚ ਹੀ ਤਕਰੀਬਨ 50-50 ਹਜ਼ਾਰ ਵੋਟਾਂ ਕੱਟੀਆਂ ਗਈਆਂ ਹਨ। ਮੁਰਸ਼ਿਦਾਬਾਦ 'ਚ 4 ਲੱਖ 55 ਹਜ਼ਾਰ 137, ਉਤਰ 24 ਪਰਗਨਾ ਚ 3 ਲੱਖ 25 ਹਜ਼ਾਰ 666, ਮਾਲਦਾ 'ਚ 2 ਲੱਖ 39 ਹਜ਼ਾਰ 375, ਦੱਖਣੀ 24 ਪਰਗਨਾ ਜ਼ਿਲ੍ਹੇ ਚ 2 ਲੱਖ 22 ਹਜ਼ਾਰ 929 ਅਤੇ ਪੂਰਬੀ ਬਰਦਮਾਨ ਚ 2 ਲੱਖ 9 ਹਜ਼ਾਰ 805 ਵੋਟਰਾਂ ਦੇ ਨਾਂਅ ਕੱਟੇ ਗਏ ਹਨ। ਇਹ ਸਾਰੇ ਮੁਸਲਮਾਨ ਬਹੁ-ਗਿਣਤੀ ਵਾਲੇ ਜ਼ਿਲ੍ਹੇ ਹਨ। ਕਾਂਗਰਸ ਉਮੀਦਵਾਰ ਮੌਸਮ ਬੇਨਜ਼ੀਰ ਨੂਰ ਨੇ ਤਾਂ ਕਿਹਾ ਵੀ ਸੀ ਕਿ ਮਾਲਦਾ ਜ਼ਿਲ੍ਹੇ 'ਚ ਚੋਣ ਬਾਈਕਾਟ ਕੀਤੀ ਜਾਵੇ, ਕਿਉਂਕਿ ਵੋਟਾਂ ਦੇਣ ਵਾਲੇ ਵੋਟਰ ਹੀ ਨਹੀਂ ਹਨ। 6 ਜ਼ਿਲ੍ਹਿਆਂ ਚ 60 ਫੀਸਦੀ ਤੋਂ ਵੱਧ ਨਾਂਅ ਕੱਟੇ ਗਏ ਹਨ, ਜਿਥੇ ਤ੍ਰਿਣਮੂਲ ਕਾਂਗਰਸ ਨੇ 81 ਸੀਟਾਂ 'ਤੇ ਜਿੱਤ ਹਾਸਿਲ ਕੀਤੀ ਸੀ।

ਨੰਦੀਗ੍ਰਾਮ ਵਿਧਾਨ ਸਭਾ 'ਚ 26 ਫੀਸਦੀ ਮੁਸਲਮਾਨ ਵੋਟਰ ਸਨ। ਸਪਲੀਮੈਂਟਰੀ ਲਿਸਟ ਚ 2,826 ਵੋਟਰਾਂ ਦਾ ਨਾਂਅ ਕੱਟਿਆ ਗਿਆ ਹੈ, ਜਿਨ੍ਹਾਂ 'ਚ 2700 (95.5 ਫੀਸਦੀ) ਮੁਸਲਮਾਨ ਹਨ। ਐੱਸ ਆਈ ਆਰ ਸ਼ੁਰੂ ਹੋਣ ਤੋਂ ਪਹਿਲਾਂ 7 ਕਰੋੜ 66 ਲੱਖ 37 ਹਜਾਰ 529 ਵੋਟਰ ਸਨ। ਚੋਣ ਕਮਿਸ਼ਨ ਵੱਲੋਂ 6 ਅਪ੍ਰੈਲ ਦੀ ਰਾਤ ਜਾਰੀ ਕੀਤੀ ਵੋਟਰ ਲਿਸਟ 'ਚ 6 ਕਰੋੜ 77 ਲੱਖ 20 ਹਜ਼ਾਰ 728 ਵੋਟਰ ਸਨ। 60 ਲੱਖ 6 ਹਜ਼ਾਰ 675 ਵੋਟਰਾਂ ਦੇ ਨਾਂਅ ਐਡਜੁਡੀਸ਼ਨ ਰੱਖੇ ਗਏ ਸਨ ਅਤੇ ਇਨ੍ਹਾਂ 'ਚੋਂ 32 ਲੱਖ 68 ਹਜਾਰ 119 ਨਾਂਅ ਕਲੀਅਰ ਕੀਤੇ ਗਏ। 27 ਲੱਖ 16 ਹਜ਼ਾਰ 393 ਵੋਟਰਾਂ ਦੇ ਨਾਂਅ ਕੱਟੇ ਗਏ ਹਨ। ਡਰਾਫਟ ਲਿਸਟ ਤੋਂ ਪਹਿਲਾਂ 58 ਲੱਖ ਅਤੇ ਬਾਅਦ 'ਚ ਤਕਰੀਬਨ 7 ਲੱਖ ਵੋਟਰਾਂ ਦੇ ਨਾਂਅ ਕੱਟੇ ਗਏ ਸਨ। ਇਸ ਤਰਾਂ 90 ਲੱਖ ਤੋਂ ਵੱਧ ਵੋਟਰਾਂ ਦੇ ਨਾਂਅ ਵੋਟਰ ਲਿਸਟ ਤੋਂ ਬਾਹਰ ਚਲੇ ਗਏ ਹਨ। 58 ਲੱਖ 20 ਹਜ਼ਾਰ 899 ਵੋਟਰਾਂ ਦਾ ਨਾਂਅ ਡ੍ਰਾਫਟ ਲਿਸਟ ਤੋਂ ਪਹਿਲਾਂ ਕੱਟਿਆ ਗਿਆ ਸੀ, ਉਨਾਂ ਨੂੰ ਗੈਰ-ਹਾਜਰ, ਦੂਜੀ ਥਾਂ ਚਲੇ ਜਾਣ ਵਾਲੇ, ਮ੍ਰਿਤਕ ਅਤੇ ਡੁਪਲੀਕੇਟ ਵੋਟਰ ਦੱਸਿਆ ਗਿਆ ਸੀ। ਤ੍ਰਿਣਮੂਲ ਕਾਂਗਰਸ ਵਲੋਂ ਦਿੱਲੀ ਚ ਤਕਰੀਬਨ 50 ਮ੍ਰਿਤ ਵੋਟਰਾਂ ਨੂੰ ਲੈ ਕੇ ਪ੍ਰੈਸ ਕਾਨਫਰੰਸ ਕੀਤੀ ਗਈ ਸੀ। ਦੂਜੇ ਪਾਸੇ 60 ਲੱਖ ਤੋਂ ਵੱਧ ਜਿਨ੍ਹਾਂ ਵੋਟਰਾਂ ਨੂੰ ਐਡਜੁਡੀਸ਼ਨ ਰੱਖਿਆ ਗਿਆ ਸੀ, ਉਨ੍ਹਾਂ ਦੇ ਨਾਂਅ 2002 ਦੀ ਵੋਟਰ ਲਿਸਟ 'ਚ ਮੈਪਿੰਗ 'ਚ ਸ਼ਾਮਲ ਸਨ। ਇਹ ਸਾਰੇ ਯੋਗ ਵੋਟਰ ਸਨ, ਵੋਟਰ ਲਿਸਟ 'ਚ ਨਾਂਅ ਦਰਜ ਕਰਵਾਉਣ ਲਈ ਹੁਣ ਕਤਾਰਾਂ 'ਚ ਵੇਖੇ ਜਾ ਸਕਦੇ ਹਨ।

ਰਾਜ ਚ 12 ਫੀਸਦੀ ਵੋਟਰਾਂ ਦੇ ਨਾਂਅ ਕੱਟੇ ਗਏ ਹਨ। ਉਤਰ ਕੋਲਕਾਤਾ 'ਚ 29.7 ਫੀਸਦੀ ਅਤੇ ਦੱਖਣੀ ਕੋਲਕਾਤਾ 'ਚ 27.5 ਫੀਸਦੀ ਵੋਟਰਾਂ ਦੇ ਨਾਂਅ ਕੱਟੇ ਗਏ ਹਨ। ਕੋਲਕਾਤਾ ਦੀਆਂ ਸਾਰੀਆਂ 11 ਵਿਧਾਨ ਸਭਾ ਸੀਟਾਂ 'ਤੇ 2021 'ਚ ਤ੍ਰਿਣਮੂਲ ਕਾਂਗਰਸ ਨੇ ਜਿੱਤ ਹਾਸਿਲ ਕੀਤੀ ਸੀ। ਇਥੇ 7 ਲੱਖ ਵੋਟਰਾਂ ਦੇ ਨਾਂਅ ਕੱਟੇ ਗਏ ਹਨ। ਉਤਰੀ 24 ਪਰਗਨਾ ਜ਼ਿਲ੍ਹੇ 'ਚ 12 ਲੱਖ 30 ਹਜਾਰ ਤੋਂ ਵੱਧ ਨਾਂਅ ਕੱਟੇ ਗਏ ਹਨ। ਦੱਖਣੀ 24 ਪਰਗਨਾ ਜਿਲ੍ਹੇ 'ਚ 10 ਲੱਖ 40 ਹਜਾਰ ਤੋਂ ਵੱਧ ਨਾਂਅ ਕੱਟੇ ਗਏ ਹਨ। ਜਿਲ੍ਹੇ ਦੀਆਂ 31 ਵਿਧਾਨ ਸਭਾ ਸੀਟਾਂ 'ਚੋਂ ਤ੍ਰਿਣਮੂਲ ਨੇ 2021 'ਚ 30 ਅਤੇ ਆਈ ਐੱਸ ਐੱਫ ਨੇ ਇਕ 'ਤੇ ਜਿੱਤ ਹਾਸਿਲ ਕੀਤੀ ਸੀ।

ਸਭ ਤੋਂ ਵੱਧ ਨਦੀਆ ਜ਼ਿਲ੍ਹੇ 'ਚ 27 ਫੀਸਦੀ ਨਾਂਅ ਕੱਟੇ ਗਏ ਹਨ। 10 ਜਿਲ੍ਹਿਆਂ ਤੇ 50 ਫੀਸਦੀ ਵਿਚਾਰ ਅਧੀਨ ਵੋਟਰਾਂ ਦੇ ਨਾਂਅ ਲਿਸਟ 'ਚੋਂ ਕੱਟੇ ਗਏ ਹਨ। ਐੱਸ ਆਈ ਆਰ ਤੋਂ ਪਹਿਲਾਂ ਜਿਲ੍ਹੇ 'ਚ 44 ਲੱਖ 18 ਹਜਾਰ 838 ਵੋਟਰ ਸਨ, ਹੁਣ 39 ਲੱਖ 36 ਹਜ਼ਾਰ 381 ਵੋਟਰ ਰਹਿ ਗਏ ਹਨ। ਨਿਊ ਟਾਊਨ ਦੇ ਨਵੀਨ ਵਿਸ਼ਵਾਸ ਦੇ ਘਰ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਾਲ ਦਿਲੀਪ ਘੋਸ਼, ਰਾਹੁਲ ਘੋਸ਼, ਕੈਲਾਸ਼ ਵਿਜੈਵਰਗੀਆ ਨੇ ਫਰਸ਼ 'ਤੇ ਬੈਠ ਕੇ ਖਾਣਾ ਖਾਣ ਦੀਆਂ ਤਸਵੀਰਾਂ ਨਵੰਬਰ 2020 ਚ ਦੇਸ਼-ਵਿਦੇਸ਼ ਦੇ ਸਾਰੇ ਅਖਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ। ਇਲਾਕੇ ਦੇ 6 ਹਜ਼ਾਰ ਮਤੂਆ ਵੋਟਰਾਂ ਦਾ ਨਾਂਅ ਲਿਸਟ ਤੋਂ ਕੱਟਿਆ ਗਿਆ ਹੈ, ਜਿਸ ਵਿੱਚ ਨਵੀਨ ਵੀ ਸ਼ਾਮਲ ਹੈ। ਨਵਾਬ ਮੀਰ ਜਾਫਰ ਦੀ 15ਵੀਂ ਪੀੜ੍ਹੀ ਦੇ ਛੋਟੇ ਨਵਾਬ ਸਈਦ ਰਜ਼ਾ ਅਲੀ ਮਿਰਜ਼ਾ, ਉਨ੍ਹਾਂ ਦੇ ਕੌਂਸਲਰ ਬੇਟੇ ਸਈਦ ਮੁਹੰਮਦ ਫਾਹੀਮ ਮਿਰਜ਼ਾ ਸਮੇਤ ਮੁਰਸ਼ੀਦਾਬਾਦ ਦੇ ਨਵਾਬ ਖਾਨਦਾਨ ਦੇ 346 ਵੋਟਰਾਂ ਦਾ ਨਾਂਅ ਵੋਟਰ ਲਿਸਟ ਤੋਂ ਬਾਹਰ ਹੋ ਗਿਆ ਹੈ। ਮਿਰਜ਼ਾ ਦਾ ਕਹਿਣਾ ਹੈ ਕਿ ਸਾਡੇ ਪੁਰਖੇ ਲੋਕਾਂ ਦੇ ਭਵਿੱਖ ਦਾ ਫੈਸਲਾ ਕਰਦੇ ਸਨ, ਹੁਣ ਅਸੀਂ ਲੋਕਾਂ ਦੇ ਫੈਸਲੇ ਦੇ ਮੋਹਤਾਜ਼ ਹਾਂ।

ਭਵਾਨੀਪੁਰ ਸਮੇਤ ਇਕ ਵਿਧਾਨ ਸਭਾ ਹਲਕੇ 'ਚ ਜਿੱਥੇ ਪਹਿਲਾਂ ਤਕਰੀਬਨ 2 ਲੱਖ ਦੇ ਨੇੜੇ ਵੋਟਰ ਸਨ, ਸੁਧਾਈ ਤੋਂ ਬਾਅਦ ਡੇਢ ਲੱਖ ਵੋਟਰ ਰਹਿ ਗਏ ਹਨ। ਭਾਜਪਾ ਦਾ ਮੰਨਣਾ ਹੈ ਕਿ ਵੱਧ ਤੋਂ ਵੱਧ ਇਕ ਲੱਖ 20 ਹਜ਼ਾਰ ਮਤਦਾਤਾ ਵੋਟ ਕਰਨਗੇ ਅਤੇ ਸੌਖੀ ਤਰ੍ਹਾਂ ਬੰਗਾਲ 'ਤੇ ਕਾਬਜ਼ ਹੋ ਜਾਣਗੇ। ਦੂਜੇ ਪਾਸੇ ਤ੍ਰਿਣਮੂਲ ਦਾ ਕਹਿਣਾ ਹੈ ਕਿ ਜੇਕਰ ਇਕ ਲੱਖ 40 ਹਜ਼ਾਰ ਵੋਟਰਾਂ ਨੂੰ ਮਤਦਾਨ ਕੇਂਦਰ 'ਚ ਪਹੁੰਚਾਉਣ 'ਚ ਸਫਲ ਹੁੰਦੇ ਹਾਂ ਤਾਂ ਭਾਜਪਾ ਦੀ ਚਾਲ ਫੇਲ੍ਹ ਕੀਤੀ ਜਾ ਸਕਦੀ ਹੈ। ਇਹ ਤਾਂ ਸਮਾਂ ਦੱਸੇਗਾ ਕਿ ਪਾਸਾ ਕਿਧਰ ਨੂੰ ਜਾਂਦਾ ਹੈ। ਐਪਰ, ਇਹ ਸੱਚ ਹੈ ਕਿ ਮੁਕਾਬਲਾ ਜ਼ੋਰਦਾਰ ਹੈ ਅਤੇ ਲੋਕਾਂ ਦਾ ਮੰਨਣਾ ਹੈ ਕਿ ਖੇਲਾ ਹੋਬੇ।

**# ਸੰਪਰਕ** : 098311-94329

# ਸਰਕਾਰਾਂ ਲੋਕਾਂ ਨੂੰ ਮੁਫ਼ਤਖੋਰੇ ਬਣਾਉਣ ਦੀ ਥਾਂ ਕੰਮ ਦੇ ਮੌਕੇ ਪੈਦਾ ਕਰਨ



ਚਾਨਣਦੀਪ ਸਿੰਘ ਔਲਖ

ਅਜੋਕੇ ਸਮੇਂ ਵਿੱਚ ਭਾਰਤ ਦੀ ਰਾਜਨੀਤੀ ਵਿੱਚ ਇੱਕ ਨਵਾਂ ਰੁਝਾਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਨੂੰ ਆਮ ਭਾਸ਼ਾ ਵਿੱਚ ਮੁਫ਼ਤ ਸਹੂਲਤਾਂ ਜਾਂ ਰੇਵੜੀ ਸੱਭਿਆਚਾਰ ਕਿਹਾ ਜਾਂਦਾ ਹੈ। ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਤਾਂ ਸਿਆਸੀ ਪਾਰਟੀਆਂ ਜਨਤਾ ਨੂੰ ਲੁਭਾਉਣ ਲਈ ਕਈ ਤਰ੍ਹਾਂ ਦੇ ਵਾਅਦੇ ਕਰਨੇ ਸ਼ੁਰੂ ਕਰ ਦਿੰਦੀਆਂ ਹਨ। ਕੋਈ ਪਾਰਟੀ ਮੁਫ਼ਤ ਬਿਜਲੀ ਦੇਣ ਦੀ ਗੱਲ ਕਰਦੀ ਹੈ, ਕੋਈ ਹਰ ਮਹੀਨੇ ਲੋਕਾਂ ਦੇ ਖਾਤਿਆਂ ਵਿੱਚ ਨਕਦ ਪੈਸੇ ਪਾਉਣ ਦਾ ਵਾਅਦਾ ਕਰਦੀ ਹੈ ਅਤੇ ਕੋਈ ਹੋਰ ਚੀਜ਼ਾਂ ਮੁਫ਼ਤ ਦੇਣ ਦਾ ਲਾਲਚ ਦਿੰਦੀ ਹੈ। ਹਾਲਾਂਕਿ ਕਿਸੇ ਵੀ ਦੇਸ਼ ਵਿੱਚ ਗਰੀਬਾਂ ਦੀ ਮਦਦ ਕਰਨਾ ਸਰਕਾਰ ਦਾ ਫਰਜ਼ ਹੁੰਦਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਮੁਫ਼ਤ ਦੀਆਂ ਸਹੂਲਤਾਂ ਸੱਚਮੁੱਚ ਸਾਡੇ ਦੇਸ਼ ਦਾ ਭਵਿੱਖ ਸੁਧਾਰ ਰਹੀਆਂ ਹਨ ਜਾਂ ਫਿਰ ਸਾਨੂੰ ਇੱਕ ਅਜਿਹੀ ਮੁਸੀਬਤ ਵੱਲ ਲੈ ਕੇ ਜਾ ਰਹੀਆਂ ਹਨ, ਜਿੱਥੋਂ ਨਿਕਲਣਾ ਔਖਾ ਹੋ ਜਾਵੇਗਾ।

ਇੱਕ ਬਹੁਤ ਪੁਰਾਣੀ ਅਤੇ ਸਿਆਣੀ ਕਹਾਵਤ ਹੈ ਕਿ ਕਿਸੇ ਭੁੱਖੇ ਬੰਦੇ ਨੂੰ ਰੋਜ਼ਾਨਾ ਮੱਛੀ ਫੜ ਕੇ ਦੇਣ ਨਾਲੋਂ ਚੰਗਾ ਹੈ ਕਿ ਉਸ ਨੂੰ ਮੱਛੀ ਫੜਨਾ ਸਿਖਾ ਦਿੱਤਾ ਜਾਵੇ। ਜੇ ਤੁਸੀਂ ਕਿਸੇ ਨੂੰ ਮੱਛੀ ਖੁਆਉਂਦੇ ਹੋ ਤਾਂ ਉਸ ਦਾ ਪੇਟ ਸਿਰਫ਼ ਇੱਕ ਦਿਨ ਲਈ ਭਰੇਗਾ, ਪਰ ਜੇ ਤੁਸੀਂ ਉਸ ਨੂੰ ਮੱਛੀ ਫੜਨ ਦਾ ਹੁਨਰ ਸਿਖਾ ਦਿੰਦੇ ਹੋ ਤਾਂ ਉਹ ਸਾਰੀ ਉਮਰ ਆਪਣੀ ਮਿਹਨਤ ਨਾਲ ਰੋਟੀ ਕਮਾ ਸਕਦਾ ਹੈ। ਅੱਜ ਸਾਡੀਆਂ ਸਰਕਾਰਾਂ ਨੂੰ ਬਿਲਕੁਲ ਇਸੇ ਸੋਚ ਦੀ ਲੋੜ ਹੈ। ਜਦੋਂ ਸਰਕਾਰਾਂ ਹਰ ਚੀਜ਼ ਮੁਫ਼ਤ ਦੇਣ ਲੱਗਦੀਆਂ ਹਨ ਤਾਂ ਲੋਕ ਹੌਲੀ-ਹੌਲੀ ਸਰਕਾਰ 'ਤੇ ਨਿਰਭਰ ਹੋ ਜਾਂਦੇ ਹਨ। ਇਸ ਨਾਲ ਸਮਾਜ ਵਿੱਚ ਮਿਹਨਤ ਕਰਨ ਦੀ ਆਦਤ ਘਟਣ ਲੱਗਦੀ ਹੈ।

ਇਸ ਦਾ ਸਭ ਤੋਂ ਵੱਡਾ ਨੁਕਸਾਨ ਦੇਸ਼ ਦੇ ਖ਼ਜ਼ਾਨੇ ਅਤੇ ਆਰਥਿਕਤਾ ਨੂੰ ਹੁੰਦਾ ਹੈ। ਜਦੋਂ ਸਰਕਾਰ ਆਪਣਾ ਬਹੁਤ ਸਾਰਾ ਪੈਸਾ ਮੁਫ਼ਤ ਦੀਆਂ ਚੀਜ਼ਾਂ ਅਤੇ ਸਬਸਿਡੀਆਂ 'ਤੇ ਖਰਚ ਕਰ ਦਿੰਦੀ ਹੈ, ਤਾਂ ਵਿਕਾਸ ਦੇ ਵੱਡੇ ਕੰਮਾਂ ਲਈ ਪੈਸਾ ਘਟ ਜਾਂਦਾ ਹੈ। ਦੇਸ਼ ਨੂੰ ਚੰਗੇ ਸਕੂਲ, ਵੱਡੇ ਹਸਪਤਾਲ, ਪੱਕੀਆਂ ਸੜਕਾਂ ਅਤੇ ਨਵੀਆਂ ਫੈਕਟਰੀਆਂ ਦੀ ਲੋੜ ਹੁੰਦੀ ਹੈ। ਜੇ ਪੈਸਾ ਇਹਨਾਂ ਚੀਜ਼ਾਂ 'ਤੇ ਖਰਚ ਹੋਵੇਗਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਫਾਇਦਾ ਹੋਵੇਗਾ, ਪਰ ਜਦੋਂ ਸਰਕਾਰ ਸਾਰਾ ਪੈਸਾ ਮੁਫ਼ਤ ਦੀਆਂ ਵਸਤਾਂ ਵਿੱਚ ਵੰਡ ਦਿੰਦੀ ਹੈ ਤਾਂ ਵਿਕਾਸ ਦੇ ਕੰਮ ਰੁਕ ਜਾਂਦੇ ਹਨ। ਸਰਕਾਰਾਂ ਨੂੰ ਇਨ੍ਹਾਂ ਸਹੂਲਤਾਂ ਲਈ ਕਈ ਵਾਰ ਕਰਜ਼ਾ ਵੀ ਲੈਣਾ ਪੈਂਦਾ ਹੈ ਅਤੇ ਉਸ ਕਰਜ਼ੇ ਦਾ ਬੋਝ ਵੀ ਅਖੀਰ ਵਿੱਚ ਆਮ ਲੋਕਾਂ 'ਤੇ ਟੈਕਸ ਦੇ ਰੂਪ ਵਿੱਚ ਹੀ ਪੈਂਦਾ ਹੈ। ਇਸ ਤਰ੍ਹਾਂ ਅਸੀਂ ਅੱਜ ਦੀ ਛੋਟੀ ਜਿਹੀ ਸਹੂਲਤ ਲਈ ਆਪਣਾ ਆਉਣ ਵਾਲਾ ਕੱਲ੍ਹ ਖ਼ਰਾਬ ਕਰ ਰਹੇ ਹਾਂ।

ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਵੋਟਾਂ ਲੈਣ ਦੀ ਰਾਜਨੀਤੀ ਨਾ ਕਰਨ, ਸਗੋਂ ਦੇਸ਼ ਨੂੰ ਮਜ਼ਬੂਤ ਬਣਾਉਣ ਬਾਰੇ ਸੋਚਣ। ਲੋਕਾਂ ਨੂੰ ਸਹਾਰੇ ਦੇਣ ਦੀ ਥਾਂ ਅਜਿਹਾ ਮਾਹੌਲ ਬਣਾਇਆ ਜਾਵੇ, ਜਿੱਥੇ ਹਰ ਇੱਕ ਨੂੰ ਕੰਮ ਮਿਲ ਸਕੇ। ਜਦੋਂ ਕੋਈ ਨੌਜਵਾਨ ਆਪਣੀ ਪੜ੍ਹਾਈ ਅਤੇ ਹੁਨਰ ਦੇ ਹਿਸਾਬ ਨਾਲ ਨੌਕਰੀ ਕਰਦਾ ਹੈ ਜਾਂ ਕੋਈ ਕੰਮ ਸ਼ੁਰੂ ਕਰਦਾ ਹੈ, ਤਾਂ ਉਹ ਆਰਥਿਕ ਤੌਰ 'ਤੇ ਮਜ਼ਬੂਤ ਹੁੰਦਾ ਹੈ ਅਤੇ ਉਸ ਦਾ ਆਤਮ-ਵਿਸ਼ਵਾਸ ਵੀ ਵਧਦਾ ਹੈ। ਮਿਹਨਤ ਨਾਲ ਕਮਾਇਆ ਪੈਸਾ ਇਨਸਾਨ ਨੂੰ ਇੱਜ਼ਤ ਦੀ ਜ਼ਿੰਦਗੀ ਦਿੰਦਾ ਹੈ। ਇੱਕ ਮਿਹਨਤਕਸ਼ ਇਨਸਾਨ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਂਦਾ ਹੈ, ਜਦਕਿ ਮੁਫ਼ਤ ਚੀਜ਼ਾਂ ਦੀ ਆਸ ਰੱਖਣ ਵਾਲਾ ਬੰਦਾ ਹੌਲੀ-ਹੌਲੀ ਸਿਸਟਮ 'ਤੇ ਬੋਝ ਬਣਨ ਲੱਗਦਾ ਹੈ।

ਸਾਡੀ ਸਿੱਖਿਆ ਪ੍ਰਣਾਲੀ ਵਿੱਚ ਵੀ ਵੱਡੇ ਸੁਧਾਰਾਂ ਦੀ ਲੋੜ ਹੈ। ਸਰਕਾਰਾਂ ਨੂੰ ਸਿਰਫ਼ ਡਿਗਰੀਆਂ ਵੰਡਣ ਵਾਲੇ ਕਾਲਜਾਂ ਦੀ ਥਾਂ ਅਜਿਹੇ ਸੈਂਟਰ ਖੋਲ੍ਹਣੇ ਚਾਹੀਦੇ ਹਨ ਜਿੱਥੇ ਨੌਜਵਾਨਾਂ ਨੂੰ ਕੋਈ ਹੁਨਰ ਸਿਖਾਇਆ ਜਾ ਸਕੇ। ਜੇਕਰ ਬੱਚਿਆਂ ਨੂੰ ਤਕਨੀਕੀ ਕੰਮ ਜਾਂ ਕੋਈ ਹੋਰ ਪੇਸ਼ੇਵਰ ਸਿਖਲਾਈ ਦਿੱਤੀ ਜਾਵੇਗੀ ਤਾਂ ਉਹ ਪੜ੍ਹਾਈ ਖ਼ਤਮ ਕਰਕੇ ਆਪਣਾ ਕੰਮ ਸ਼ੁਰੂ ਕਰ ਸਕਣਗੇ। ਛੋਟੇ ਉਦਯੋਗਾਂ ਅਤੇ ਕਾਰੋਬਾਰਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।

ਸੱਚੀ ਭਲਾਈ ਇਸ ਵਿੱਚ ਨਹੀਂ ਕਿ ਲੋਕਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਉਨ੍ਹਾਂ ਨੂੰ ਕਮਜ਼ੋਰ ਬਣਾਇਆ ਜਾਵੇ। ਸੱਚੀ ਸੇਵਾ ਇਹ ਹੈ ਕਿ ਲੋਕਾਂ ਨੂੰ ਏਨਾ ਕਾਬਲ ਬਣਾਇਆ ਜਾਵੇ ਕਿ ਉਹ ਖ਼ੁਦ ਆਪਣੇ ਪਰਵਾਰ ਦਾ ਢਿੱਡ ਭਰ ਸਕਣ। ਜੇਕਰ ਸਰਕਾਰਾਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਅਤੇ ਕੰਮ ਕਰਨ ਵਾਲਿਆਂ ਲਈ ਚੰਗਾ ਮਾਹੌਲ ਬਣਾਉਣ, ਤਾਂ ਦੇਸ਼ ਦਾ ਹਰ ਨਾਗਰਿਕ ਮਾਣ ਨਾਲ ਜੀਅ ਸਕੇਗਾ। ਦੇਸ਼ ਦੀ ਤਰੱਕੀ ਮੁਫ਼ਤ ਦੀਆਂ ਸਹੂਲਤਾਂ ਨਾਲ ਨਹੀਂ, ਸਗੋਂ ਨਾਗਰਿਕਾਂ ਦੀ ਮਿਹਨਤ ਅਤੇ ਹੁਨਰ ਨਾਲ ਹੁੰਦੀ ਹੈ।

**# ਸੰਪਰਕ** : 98768-88177

# ਮੁੱਖ ਮੰਤਰੀ ਦੇ ਉਪਰਾਲਿਆਂ ਸਦਕਾ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ : ਖੁੱਡੀਆਂ

## ਤੱਪਾ ਖੇੜਾ, ਕੱਟਿਆਂਵਾਲੀ, ਛਾਪਿਆਂਵਾਲੀ, ਬੁਰਜ ਸਿੱਧਵਾਂ ਤੇ ਕਬਰਵਾਲਾ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ




**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਮਾਨਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਦੀ ਯੋਗ ਰਹਿਨੁਮਾਈ ਹੇਠ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਵੱਖ ਵੱਖ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਨ੍ਹਾਂ ਵਿਕਾਸ ਕੰਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਅੱਜ ਖੇਤੀਬਾੜੀ ਮੰਤਰੀ ਪੰਜਾਬ ਸ੍ਰ. ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ, ਸਰਕਾਰੀ ਹਾਈ ਸਕੂਲ ਤੇ ਸੀਨੀਅਰ ਸੈਕੰਡਰੀ ਸਕੂਲ ਵਿਖੇ 113.95 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟ ਲੋਕਾਂ ਨੂੰ ਸਮਰਪਤ ਕੀਤੇ।ਸ੍ਰ. ਖੁੱਡਿਆਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਤੱਪਾ ਖੇੜਾ ਵਿਖੇ ਕਲਾਸ ਰੂਮ ਲਈ 9.55 ਰੁਪਏ, ਚਾਰਦੀਵਾਰੀ ਦੀ ਮੁਰੰਮਤ ਤੇ ਲੈਬ ਲਈ 20.81 ਲੱਖ ਰੁਪਏ ਅਤੇ ਸਰਕਾਰੀ ਹਾਈ ਸਕੂਲ ਦੀ ਸਾਇੰਸ ਰੂਮ, ਜੋ 11 ਲੱਖ ਰੁਪਏ ਨਾਲ ਤਿਆਰ ਹੋਇਆ ਹੈ, ਦਾ ਉਦਘਾਟਨ ਕੀਤਾ।ਇਸੇ ਤਰ੍ਹਾਂ ਸ੍ਰ. ਖੁੱਡੀਆ ਨੇ ਸਰਕਾਰੀ ਹਾਈ ਸਕੂਲ ਛਾਪਿਆਂਵਾਲੀ ਦੀ ਸਾਇੰਸ ਲੈਬ ਦਾ 11.00 ਲੱਖ ਰੁਪਏ, ਸਰਕਾਰੀ ਸੀਨੀਅਰ ਸਕੂਲ ਬੁਰਜ ਸਿੱਧਵਾਂ ਵਿਖੇ 24.57 ਲੱਖ ਰੁਪਏ ਦੀ ਲਾਗਤ ਨਾਲ ਦੋ ਕਮਰਿਆਂ ਤੇ ਸਾਇੰਸ ਲੈਬ ਦਾ ਉਦਘਾਟਨ ਕੀਤਾ।ਸਿੱਖਿਆ ਕ੍ਰਾਂਤੀ ਤਹਿਤ ਸ੍ਰ. ਖੁੱਡੀਆ ਨੇ ਦੱਸਿਆ ਕੱਟਿਆਂਵਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਕਲਾਸ ਰੂਮ 7.51 ਲੱਖ ਰੁਪਏ ਨਾਲ ਤਿਆਰ ਕਰਵਾਇਆ ਗਿਆ ਹੈ, ਜਦਕਿ ਸਰਕਾਰੀ ਹਾਈ ਸਕੂਲ ਦੀ ਤੇ ਸਾਇੰਸ ਲੈਬ 11.00 ਰੁਪਏ ਖਰਚ ਕੀਤੇ ਗਏ ਹਨ।ਇਸੇ ਤਰ੍ਹਾਂ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਬਰਵਾਲਾ ਦਾ ਇੱਕ ਕਮਰਾ ਬਣਾਉਣ ਲਈ ਤੇ ਸਾਇੰਸ ਲੈਬ ਬਨਾਉਣ ਲਈ ਪੰਜਾਬ ਸਰਕਾਰ ਵੱਲੋਂ 18.51 ਲੱਖ ਰੁਪਏ ਖਰਚ ਕੀਤੇ ਗਏ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫਸਰ ਯਾਦਵਿੰਦਰ ਸਿੰਘ ਮਾਨ, ਸਿੱਖਿਆ ਕੋਆਰਡੀਨੇਟਰ ਗੁਰਮਨ ਸਿੰਘ ਲਾਲ ਬਾਈ, ਸ੍ਰੀ ਗੁਰਲਾਲ ਸਿੰਘ ਵੜਿੰਗ, ਸੀਨੀਅਰ ਆਗੂ ਸੁਖਪਾਲ ਸਿੰਘ ਬੁਰਜਾਂ, ਸੁਰਿੰਦਰ ਸਿੰਘ ਸਰਪੰਚ ਭਾਗੂ, ਹਰਜਿੰਦਰ ਸਿੰਘ ਖੁੱਡੀਆ, ਨਰਜੀਤ ਸਿੰਘ ਸਰਪੰਚ ਤੱਪਾ ਖੇੜਾ, ਰਵੀ ਬਰਾੜ, ਜੋਗਿੰਦਰ ਸਿੰਘ ਸੰਧੂ, ਮਨਜਿੰਦਰ ਸਿੰਘ ਬਰਾੜ, ਪੋਪੀ ਬਰਾੜ, ਕਰਨ ਅਰੋੜਾ ਕੋਆਰਡੀਨੇਟ ਆਮ ਆਦਮੀ ਪਾਰਟੀ, ਕੁਲਦੀਪ ਕੌਰ ਪ੍ਰਿੰਸੀਪਲ ਸਰਕਾਰੀ ਪ੍ਰਾਇਮਰੀ ਸਕੂਲ ਤੱਪਾ ਖੇੜਾ, ਪੀ ਏ ਗੁਰਬਾਜ ਖੁੱਡੀਆ ਤੇ ਮੋਹਿਤ ਸੋਨੀ ਮੀਡੀਆ ਇੰਚਾਰਜ ਆਦਿ ਹਾਜ਼ਰ ਸਨ।

## ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ 'ਚ ਦੋ ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਆਰਿਫ ਕੇ ਵਿਖੇ ਇਕ ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ ਵਿਚ ਥਾਣਾ ਆਰਿਫ ਕੇ ਪੁਲਿਸ ਨੇ ਇਕ ਨੌਜਵਾਨ ਅਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਨਾਬਾਲਿਗ ਲੜਕੀ ਦੀ ਮਾਂ ਨੇ ਦੱਸਿਆ ਕਿ ਮਿਤੀ 11 ਅਪ੍ਰੈਲ 2026 ਨੂੰ ਕਰੀਬ 12.30 ਵਜੇ ਉਸ ਨੇ ਆਪਣੇ ਘਰ ਕਮਰੇ ਵਿਚ ਉੱਠ ਕੇ ਵੇਖਿਆ ਤਾਂ ਉਸ ਦੀ ਨਾਬਾਲਿਗ ਲੜਕੀ ਘਰ ਵਿਚ ਨਹੀਂ ਸੀ, ਜਿਸ ਦੀ ਆਂਢ ਗੁਆਂਢ ਵਿਚ ਭਾਲ ਕੀਤੀ, ਪਰ ਉਸ ਨੂੰ ਉਸ ਦੀ ਲੜਕੀ ਨਹੀਂ ਮਿਲੀ।

ਬਾਅਦ ਵਿਚ ਉਨ੍ਹਾਂ ਨੂੰ ਪਤਾ ਲੱਗਾ ਕਿ ਉਸ ਦੀ ਨਾਬਾਲਿਗ ਲੜਕੀ ਨੂੰ ਉਸ ਦਾ ਗੁਆਂਢੀ ਕਰਨ ਪੁੱਤਰ ਮੰਗਾ ਅਤੇ ਇਕ ਅਣਪਛਾਤਾ ਵਿਅਕਤੀ ਜੋ ਕਿ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ ਤੇ ਬਿਠਾ ਕੇ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਕਰਨ ਅਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਨਵੀਂ ਉੱਨਤ ਤਕਨੀਕ ਦੀ ਵਰਤੋਂ ਮਨੁੱਖ ਨੂੰ ਮਾਰਨ ਲਈ ਨਹੀਂ, ਬਲਕਿ ਉਸ ਦਾ ਜੀਵਨ ਸੰਵਾਰਨ ਲਈ ਕੀਤੀ ਜਾਵੇ : ਬਲਕਰਨ ਮੋਗਾ

### ਹਰ ਇੱਕ ਨੂੰ ਰੁਜ਼ਗਾਰ ਦੇਣ ਲਈ ਸਮਾਜਿਕ ਪੈਦਾਵਾਰ ਦੇ ਸਨਮੁੱਖ ਕੁੱਲ ਸਮਾਜਿਕ ਕਿਰਤ ਸਮੇਂ ਦੀ ਬਰਾਬਰ ਵੰਡ ਕੀਤੀ ਜਾਵੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਪ੍ਰਗਤੀਸ਼ੀਲ ਮੰਚ ਦੇ ਸੂਬਾ ਪ੍ਰਧਾਨ ਬਲਕਰਨ ਮੋਗਾ ਨੇ ਪ੍ਰੈੱਸ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਬੁਰੀ ਤਰਾਂ ਅਸਫਲ ਰਹੀਆਂ ਹਨ।ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਨੇ ਨਵੇਂ ਰੁਜ਼ਗਾਰ ਦੇ ਮੌਕੇ ਬੇਹੱਦ ਘਟਾ ਦਿੱਤੇ ਹਨ।ਮੌਤ ਦੇ ਸੌਦਾਗਰ ਬੇਰੁਜ਼ਗਾਰ ਨੌਜਵਾਨਾਂ ਨੂੰ ਸਮਾਜਿਕ ਅਲਾਮਤਾਂ ਲਈ ਵਰਤ ਰਹੇ ਹਨ।ਦੇਸ਼ ਭਰ ਵਿੱਚ ਸਨਅਤੀ ਮਜ਼ਦੂਰਾਂ ਦਾ ਫੁੱਟ ਰਿਹਾ ਗੁੱਸਾ ਚਿੰਤਾ ਦਾ ਵਿਸ਼ਾ ਹੈ।ਅੱਜ ਨੋਇਡਾ, ਗੁੜਗਾਓ, ਮਾਨੇਸਰ, ਪਾਣੀਪਤ ਆਦਿ ਖੇਤਰਾਂ ਦੇ ਮਜ਼ਦੂਰ ਸੜਕਾਂ ਤੇ ਹਨ।ਬੇਸ਼ੱਕ ਉਨ੍ਹਾਂ ਦੇ ਸੰਘਰਸ਼ ਦੇ ਤਰੀਕੇ ਸਹੀ ਨਾ ਵੀ ਹੋਣ, ਪਰ ਉਨ੍ਹਾਂ ਦੀ ਕੰਮ ਹਾਲਤਾਂ ਸੁਧਾਰਨ, ਮਿਹਨਤਾਨੇ ਵਿੱਚ ਵਾਧੇ ਤੇ ਨਵਾਂ ਰੁਜ਼ਗਾਰ ਪੈਦਾ ਕਰਨ ਦੀ ਮੰਗ ਬਿਲਕੁਲ ਜਾਇਜ਼ ਹੈ।ਬਲਕਰਨ ਮੋਗਾ ਨੇ ਕਿਹਾ ਕਿ ਭਾਰਤ ਸਮੇਤ ਦੁਨੀਆਂ ਦੇ ਬਹੁਤ ਸਾਰੇ ਦੇਸ਼ ਜਲਦ ਬਹੁਤ ਵੱਡੀ ਮੁਸੀਬਤ ਵਿੱਚ ਆ ਰਹੇ ਹਨ।ਵਰਲਡ ਬੈਂਕ ਦੇ ਚੇਅਰਮੈਨ ਅਜੇ ਬੰਗਾ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਜੋ ਦੇਸ਼ ਵਿਕਸਤ ਹੋਣ ਦੀ ਰੇਸ 'ਚ ਹਨ।ਉਨ੍ਹਾਂ ਨੂੰ ਹੁਣ ਤੋਂ ਹੀ ਉਹੋ ਜਿਹੀਆਂ ਨੀਤੀਆਂ ਬਣਾਉਣ ਵੱਲ ਧਿਆਨ ਦੇਣ ਦੀ ਲੋੜ ਹੈ, ਜਿਸ ਨਾਲ ਨਵੀਆਂ ਨੌਕਰੀਆਂ ਵੱਧ ਮਿਲ ਸਕਣ, ਨਹੀਂ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਫੈਲ ਜਾਵੇਗੀ।ਭਾਰਤ ਨੂੰ ਕਿਹਾ ਕਿ ਆਉਂਦੇ ਕੁੱਝ ਸਾਲਾਂ 'ਚ 1.2 ਅਰਬ ਲੋਕਾਂ ਨੂੰ ਨੌਕਰੀਆਂ ਚਾਹੀਦੀਆਂ ਹੋਣਗੀਆਂ।ਜੇ ਹੁਣ ਵਾਰੀ ਰਫ਼ਤਾਰ ਰਹੀ ਤਾਂ ਸਿਰਫ 40 ਕਰੋੜ ਨੌਕਰੀਆਂ ਹੀ ਪੈਦਾ ਕਰ ਪਾਵੋਗੇ, ਮਤਲਬ 70/80 ਕਰੋੜ ਲੋਕ ਬੇਰੁਜ਼ਗਾਰ ਹੋਣਗੇ।ਇਸ ਲਈ ਹਰ ਇਕ ਨੂੰ ਰੁਜ਼ਗਾਰ ਦੇਣ ਲਈ ਕੁੱਲ ਸਮਾਜਿਕ ਪੈਦਾਵਾਰ ਦੇ ਟੀਚਿਆਂ ਦੇ ਸਨਮੁੱਖ ਲੋੜੀਂਦੇ ਕੁੱਲ ਸਮਾਜਿਕ ਕਿਰਤ ਸਮੇਂ ਦੀ ਬਰਾਬਰ ਕਾਨੂੰਨੀ ਵੰਡ ਕੀਤੀ ਜਾਵੇ।ਨਵੀਂ ਉੱਨਤ ਤਕਨਾਲੋਜੀ ਦੀ ਵਰਤੋਂ ਮਨੁੱਖ ਨੂੰ ਮਾਰਨ ਲਈ, ਨਹੀਂ ਬਲਕਿ ਉਸ ਦਾ ਜੀਵਨ ਪੱਧਰ ਸੰਵਾਰਨ ਲਈ ਕੀਤੀ ਜਾਵੇ।

## ਭੋਗ 'ਤੇ ਵਿਸ਼ੇਸ਼

# ਮਮਤਾ ਦੀ ਮੂਰਤ ਤੇ ਸਾਦਗੀ ਦਾ ਪ੍ਰਤੀਕ ਮਾਤਾ ਕੁਸ਼ੱਲਿਆ ਦੇਵੀ



ਸੰਸਾਰ ਵਿੱਚ ਮਾਂ ਦਾ ਰਿਸ਼ਤਾ ਸਭ ਤੋਂ ਪਵਿੱਤਰ ਤੇ ਨਿਰਸਵਾਰਥ ਹੁੰਦਾ ਹੈ।ਮਾਤਾ ਕੁਸ਼ੱਲਿਆ ਦੇਵੀ ਜੀ ਇੱਕ ਅਜਿਹੀ ਹੀ ਸ਼ਖਸੀਅਤ ਸਨ, ਜਿਨ੍ਹਾਂ ਦਾ ਜੀਵਨ ਤਿਆਗ, ਸੇਵਾ ਤੇ ਪਰਿਵਾਰਕ ਕਦਰਾਂ-ਕੀਮਤਾਂ ਦਾ ਇੱਕ ਸੁਮੇਲ ਸੀ।ਲੰਘੀ 5 ਅਪ੍ਰੈਲ ਨੂੰ ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਗੁਪਤਾ ਪਰਿਵਾਰ ਤੇ ਧੂਰੀ ਇਲਾਕੇ ਨੂੰ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਮਾਤਾ ਜੀ ਦਾ ਜਨਮ ਸਾਲ 1943 ਵਿੱਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਧਬਲਾਨ ਵਿਖੇ ਪਿਤਾ ਸ੍ਰੀ ਬਨਾਰਸੀ ਦਾਸ ਜੀ ਦੇ ਘਰ ਮਾਤਾ ਸ੍ਰੀਮਤੀ ਪੂਰਨੀ ਦੇਵੀ ਦੀ ਕੁੱਖੋਂ ਹੋਇਆ।ਸਾਲ 1960 ਵਿੱਚ ਉਹ ਧੂਰੀ ਨਿਵਾਸੀ ਲਾਲਾ ਇੰਦਰ ਸੈਨ ਜੀ ਨਾਲ ਵਿਆਹੇ ਗਏ।ਉਨ੍ਹਾਂ ਨੇ ਆਪਣੇ ਗ੍ਰਹਿਸਥ ਜੀਵਨ ਨੂੰ ਬੜੀ ਨਿਪੁੰਨਤਾ ਤੇ ਧਾਰਮਿਕ ਅਕੀਦਤ ਨਾਲ ਨਿਭਾਇਆ।ਉਨ੍ਹਾਂ ਦੀ ਕੁੱਖੋਂ ਚਾਰ ਬੱਚਿਆਂ ਨੇ ਜਨਮ ਲਿਆ, ਜਿਨ੍ਹਾਂ ਨੂੰ ਉਨ੍ਹਾਂ ਨੇ ਉੱਚ ਸੰਸਕਾਰ ਦਿੱਤੇ।ਭਾਵੇਂ ਕਿ ਸਾਲ 2002 ਵਿੱਚ ਉਨ੍ਹਾਂ ਦੇ ਵੱਡੇ ਸਪੁੱਤਰ ਤੇ ਪੰਜਾਬੀ ਪੱਤਰਕਾਰੀ ਦੇ ਜਾਣੇ-ਪਛਾਣੇ ਚਿਹਰੇ ਪਵਨ ਗੁਪਤਾ ਦਾ ਅਕਾਲ ਚਲਾਣਾ ਪਰਿਵਾਰ ਲਈ ਇੱਕ ਡੂੰਘਾ ਸਦਮਾ ਸੀ, ਪਰ ਮਾਤਾ ਜੀ ਨੇ ਹੌਂਸਲੇ ਤੇ ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿ ਕੇ ਪਰਿਵਾਰ ਨੂੰ ਸੰਭਾਲਿਆ। ਅੱਜ ਉਨ੍ਹਾਂ ਦੇ ਛੋਟੇ ਸਪੁੱਤਰ ਵਿਨੋਦ ਗੁਪਤਾ, ਜੋ 'ਪ੍ਰੈੱਸ ਟਰੱਸਟ ਪੰਜਾਬ' ਦੇ ਸੂਬਾ ਕਾਰਜਕਾਰੀ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਹਨ, ਮਾਤਾ ਜੀ ਵੱਲੋਂ ਦਿੱਤੀ ਗਈ ਇਮਾਨਦਾਰੀ ਤੇ ਲੋਕ-ਸੇਵਾ ਦੀ ਗੁੜ੍ਹਤੀ ਨੂੰ ਅੱਗੇ ਵਧਾ ਰਹੇ ਹਨ।ਮਾਤਾ ਕੁਸ਼ੱਲਿਆ ਦੇਵੀ ਜੀ ਦਾ ਸੁਭਾਅ ਬੇਹੱਦ ਮਿੱਠਾ ਤੇ ਮਿਲਣਸਾਰ ਸੀ।ਉਹ ਜਿਸ ਨੂੰ ਵੀ ਮਿਲਦੇ, ਆਪਣੀ ਨਿਮਰਤਾ ਨਾਲ ਉਸ ਦਾ ਦਿਲ ਜਿੱਤ ਲੈਂਦੇ ਸਨ।ਧਾਰਮਿਕ ਬਿਰਤੀ ਦੇ ਮਾਲਕ ਹੋਣ ਕਰਕੇ ਉਨ੍ਹਾਂ ਦਾ ਜ਼ਿਆਦਾਤਰ ਸਮਾਂ ਪ੍ਰਭੂ ਭਗਤੀ ਤੇ ਪਰਿਵਾਰ ਦੀ ਭਲਾਈ ਮੰਗਣ ਵਿੱਚ ਗੁਜ਼ਰਦਾ ਸੀ।ਉਨ੍ਹਾਂ ਦੇ ਚਿਹਰੇ ਦਾ ਜਲੌਅ ਤੇ ਸ਼ਬਦਾਂ ਦੀ ਮਿਠਾਸ ਹਮੇਸ਼ਾ ਯਾਦ ਰਹੇਗੀ।

ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਦੀ ਕਥਾ ਦਾ ਭੋਗ 17 ਅਪ੍ਰੈਲ ਨੂੰ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਸ੍ਰੀ ਸਨਾਤਨ ਧਰਮ ਸਭਾ ਆਸ਼ਰਮ, ਧੂਰੀ ਪਿੰਡ ਰੋਡ, ਧੂਰੀ ਵਿਖੇ ਪਵੇਗਾ।

-ਮੋਹਿਤ ਗਰਗ

## ਕਾਤਰਾਂ

### ਸੰਦੀਪ ਮਹਿਤਾ ਜ਼ਿਲ੍ਹਾ ਵਾਈਸ ਪ੍ਰਧਾਨ ਤੇ ਡਾ. ਸੁਲਤਾਨ ਸ਼ਾਹ ਜ਼ਿਲ੍ਹਾ ਸਕੱਤਰ ਨਿਯੁਕਤ



**ਭੀਖੀ (ਗੁਰਿੰਦਰ ਸਿੰਘ ਔਲਖ)**-ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦੇਸ਼ਾਂ ਨਿਰਦੇਸ਼ਾਂ ਤੇ ਸੰਗਠਨ ਸਿਰਜਨ ਅਭਿਆਨ ਪਾਰਟੀ ਦੇ ਜਨਰਲ ਸਕੱਤਰ ਸੰਗਠਨ ਇੰਚਾਰਜ ਕੈਪਟਨ ਸੰਦੀਪ ਸੰਧੂ ਦੇ ਦਸਤਖ਼ਤਾਂ ਹੇਠ ਜਾਰੀ ਕੀਤੀ ਚਿੱਠੀ ਮੁਤਾਬਕ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਨਿਯੁਕਤੀ ਸੂਚੀ ਜਾਰੀ ਕੀਤੀ ਗਈ ਹੈ, ਜਿਸ ਤਹਿਤ ਕਸਬਾ ਭੀਖੀ ਦੇ ਕਾਂਗਰਸੀ ਆਗੂ ਸੰਦੀਪ ਮਹਿਤਾ ਨੂੰ ਜ਼ਿਲ੍ਹਾ ਵਾਈਸ ਪ੍ਰਧਾਨ ਤੇ ਡਾਕਟਰ ਸੁਲਤਾਨ ਸ਼ਾਹ ਨੂੰ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ ਗਿਆ।ਇਸ ਨਿਯੁਕਤੀ 'ਤੇ ਕਸਬੇ ਦੇ ਕਾਂਗਰਸੀ ਆਗੂਆਂ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ।

### ਦੇਸ਼ ਭਗਤ ਗਲੋਬਲ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ

**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਨੇ ਸੈਸ਼ਨ 2025-26 ਦੀ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ 100% ਸਫਲਤਾ ਹਾਸਲ ਕਰਕੇ ਇਕ ਵੱਡੀ ਉਪਲਬਧੀ ਦਰਜ ਕੀਤੀ ਹੈ।ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਦੱਸਿਆ ਕਿ ਸਕੂਲ ਦੇ ਟਾਪਰ ਵਿਦਿਆਰਥੀਆਂ ਵਿੱਚ ਆਰਯਨ ਨੇ ਪਹਿਲਾ, ਯਸ਼ਪ੍ਰੀਤ ਕੌਰ ਨੇ ਦੂਜਾ ਤੇ ਜਸ਼ਨਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਪ੍ਰਬੰਧਨ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ।ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਵਿਦਿਆਰਥੀਆਂ ਦੀ ਸਫਲਤਾ 'ਤੇ ਖੁਸ਼ੀ ਜਤਾਉਂਦੇ ਹੋਏ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਦੇਸ਼ ਭਗਤ ਕੈਂਪਸ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾ. ਜੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਸਕੂਲ ਹਮੇਸ਼ਾ ਉੱਚ ਗੁਣਵੱਤਾ ਵਾਲੀ ਸਿੱਖਿਆ ਦੇਣ ਲਈ ਵਚਨਬੱਧ ਹੈ ਤੇ ਅੱਗੇ ਵੀ ਇਸੇ ਤਰ੍ਹਾਂ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਰਹੇਗਾ।

### ਅੱਖਾਂ ਦਾ ਕੈਂਪ 19 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨੇਤਰਦਾਨ ਮਹਾਦਾਨ ਦੇ ਸੰਕਲਪ ਨੂੰ ਹੋਰ ਬੁਲੰਦੀਆਂ ਤੇ ਲਿਜਾਣ ਵਾਲੀ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਰਾਮਪੁਰਾਫੂਲ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ 152ਵਾਂ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ (ਲੈਂਜ) ਕੈਂਪ 19 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਸਥਾਨਕ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਬੱਸ ਸਟੈਂਡ ਰੋਡ ਨੇੜੇ ਨਗਰ ਕੌਂਸਲ ਦਫਤਰ ਰਾਮਪੁਰਾ ਫੂਲ ਵਿਖੇ ਲਗਾਇਆ ਜਾ ਰਿਹਾ ਹੈ।ਇਸ ਦੀ ਹੋਰ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਆਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ।

## ਸਿੱਖਿਆ ਸਮਾਜ ਦੇ ਵਿਕਾਸ ਦਾ ਧੁਰਾ ਹੈ : ਵਿਧਾਇਕ ਬੁੱਧ ਰਾਮ

### ਸਰਕਾਰੀ ਸਕੂਲ ਗੁਰਨੇ ਕਲਾਂ 'ਚ ਕੀਤਾ ਵਿਕਾਸ ਕਾਰਜਾਂ ਦਾ ਉਦਘਾਟਨ



**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਤੇ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਲਈ ਚਲਾਈ ਗਈ ਸਿੱਖਿਆ ਕ੍ਰਾਂਤੀ ਤਹਿਤ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਸਰਕਾਰੀ ਹਾਈ ਸਕੂਲ ਗੁਰਨੇ ਕਲਾਂ ਵਿਖੇ ਆਧੁਨਿਕ ਕਲਾਸ ਰੂਮ, ਕੰਪਿਊਟਰ ਲੈਬ, ਲਾਇਬ੍ਰੇਰੀ ਤੇ ਕਮਰਿਆਂ ਦੇ ਨਵੀਨੀਕਰਨ ਦਾ ਉਦਘਾਟਨ ਕੀਤਾ।ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਇਸ ਸਕੂਲ ਦੇ ਇਨ੍ਹਾਂ ਕੰਮਾਂ 'ਤੇ 20 ਲੱਖ 55 ਹਜ਼ਾਰ ਰੁਪਏ ਦੀ ਲਾਗਤ ਆਈ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਸਮਾਜ ਦੇ ਵਿਕਾਸ ਦਾ ਧੁਰਾ ਹੈ।ਚਾਹੇ ਮੁੰਡਾ ਹੋਵੇ ਜਾਂ ਕੁੜੀ, ਕਿਸੇ ਨੂੰ ਵੀ ਸਿੱਖਿਆ ਤੋਂ ਵਾਂਝਾ ਰੱਖਣਾ ਗੁਨਾਹ ਹੈ।ਪੰਜਾਬ ਸਰਕਾਰ ਦੀ ਤਰਜੀਹ ਹੈ ਕਿ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਪ੍ਰਣਾਲੀ ਮੁਹੱਈਆ ਕਰਵਾਈ ਜਾਵੇ, ਜਿਸ ਦੇ ਆਧਾਰ 'ਤੇ ਸਿੱਖਿਆ ਕ੍ਰਾਂਤੀ ਮੁਹਿੰਮ ਚਲਾ ਕੇ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਗਏ ਹਨ ਤੇ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਕ ਅਧਿਆਪਕ ਹੋਣ ਦੇ ਨਾਂਅ 'ਤੇ ਉਹ ਸਮਾਜ ਵਿੱਚ ਸਿੱਖਿਆ ਦੀ ਅਹਿਮੀਅਤ ਤੋਂ ਚੰਗੀ ਤਰ੍ਹਾਂ ਜਾਣੂ ਹਨ।ਸਿੱਖਿਆ ਵਿਦਿਆਰਥੀ ਨੂੰ ਇਕ ਚੰਗਾ ਨਾਗਰਿਕ ਤਾਂ ਬਣਾਉਂਦੀ ਹੀ ਹੈ ਬਲਕਿ ਚੰਗਾ ਰੁਤਬਾ ਵੀ ਪ੍ਰਦਾਨ ਕਰਦੀ ਹੈ।ਉਨ੍ਹਾਂ ਕਿਹਾ ਕਿ ਇਹ ਸਕੂਲ ਵਿਦਿਆਰਥੀਆਂ ਦੀ ਗਿਣਤੀ ਤੇ ਸਿੱਖਿਆ ਵਿੱਚ ਗੁਣਵੱਤਾ ਪੱਖੋਂ ਪੰਜਾਬ ਦਾ ਮੋਹਰੀ ਸਕੂਲ ਹੈ।ਇਸ ਦੀ ਪੜ੍ਹਾਈ ਤੇ ਇਮਾਰਤ ਦੋਵੇਂ ਸਮਾਰਟ ਹਨ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ।

## ਡਾ. ਦੇਵ ਰਾਜ ਡੀ ਏ ਵੀ ਸਕੂਲ ਦਾ ਨਤੀਜਾ ਸ਼ਾਨਦਾਰ

**ਲਹਿਰਾਗਾਗਾ (ਪਵਨ ਸ਼ਰਮਾ)**-ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਵਿੱਚੋਂ ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾਗਾਗਾ ਦੇ ਸੁਚੱਜੇ ਪ੍ਰਬੰਧਾਂ ਹੇਠ ਚਲਾਏ ਜਾ ਰਹੇ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ, ਖਾਈ/ਲਹਿਰਾਗਾਗਾ ਦੇ ਵਿਦਿਆਰਥੀਆਂ ਨੇ ਅਗਲੇਰੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਅਪਣੇ ਤੇ ਸਕੂਲ ਦੇ ਨਾਂਅ ਨੂੰ ਚਾਰ ਚੰਨ ਲਾਏ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਐੱਮ.ਡੀ. ਪ੍ਰਵੀਨ ਖੋਖਰ, ਪ੍ਰਧਾਨ ਲੱਕੀ ਖੋਖਰ, ਕਾਨੂੰਨੀ ਸਲਾਹਕਾਰ ਐਡਵੋਕੇਟ ਅਨਿਰੁੱਧ ਕੌਸ਼ਲ ਤੋਂ ਇਲਾਵਾ ਪ੍ਰਿੰਸੀਪਲ ਦੇਵ ਪਰਾਸ਼ਰ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਇਸ ਕਲਾਸ ਦੇ ਨਤੀਜੇ ਵਿੱਚੋਂ ਬਹੁਤ ਵੱਡੀ ਸਫਲਤਾ ਹਾਸਲ ਕਰਕੇ ਲਹਿਰਾਗਾਗਾ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਦੱਸਿਆਂ ਕਿ ਸਕੂਲ ਦੇ ਵਿਦਿਆਰਥੀ ਜਸ਼ਨਦੀਪ ਸਿੰਗਲਾ ਸਪੁੱਤਰ ਗਗਨਦੀਪ ਸਿੰਗਲਾ/ਨਿਸ਼ਾ ਰਾਣੀ ਨੇ 97%, ਨਵਨੀਤ ਕੌਰ ਸਪੁੱਤਰੀ ਸਤਵੀਰ ਸਿੰਘ/ਹਰਪ੍ਰੀਤ ਕੌਰ ਨੇ 93.6%, ਅਭਿਸ਼ੇਕ ਗੋਇਲ ਸਪੁੱਤਰ ਰਾਜਿੰਦਰ ਕੁਮਾਰ/ਰਮਾ ਰਾਣੀ ਨੇ 93.4%, ਅਰੂਸ਼ੀ ਸਪੁੱਤਰੀ ਮਨੋਜ ਕੁਮਾਰ/ਵੀਰਪਾਲ ਨੇ 91.6%, ਪੁਲਕਿਤ ਸਿੰਗਲਾ ਸਪੁੱਤਰ ਨਰਿੰਦਰ ਕੁਮਾਰ/ਮੋਨਿਕਾ ਰਾਣੀ ਨੇ 89%, ਹਰਸ਼ ਗਰਗ ਸਪੁੱਤਰ ਵਿਜੈ ਕੁਮਾਰ/ਪੱਲਵੀ ਨੇ 86%, ਜਾਨਵੀ ਸਪੁੱਤਰੀ ਰਮਨ ਕੁਮਾਰ/ਅਨੀਤਾ ਰਾਣੀ ਨੇ 83%, ਈਸ਼ ਗਰਗ ਸਪੁੱਤਰ ਪੰਕਜ ਕੁਮਾਰ/ਕੰਚਨ ਗਰਗ ਨੇ 82%, ਪਲਕ ਰਾਣੀ ਸਪੁੱਤਰੀ ਰਾਜੀਵ ਕਮਾਰ/ਰਜਨੀ ਰਾਣੀ ਨੇ 81.6%, ਦਿਲਪ੍ਰੀਤ ਸਿੰਘ ਸਪੁੱਤਰ ਤੇਜਿੰਦਰਪਾਲ ਸਿੰਘ/ਸੁਖਵੀਰ ਕੌਰ ਨੇ 81.6%, ਸੁਪ੍ਰਿਆ ਸਪੁੱਤਰੀ ਸੁਰਿੰਦਰ ਪਾਲ/ਡਿੰਪਲ ਰਾਣੀ ਨੇ 81.2% ਅੰਕ ਪ੍ਰਾਪਤ ਕਰਕੇ ਪ੍ਰੀਖਿਆ ਪਾਸ ਕੀਤੀ ਹੈ।




## ਨਸ਼ੀਲੀਆਂ ਗੋਲੀਆਂ ਸਮੇਤ ਪੁਲਸ ਅੜਿੱਕੇ

**ਰਾਜਪੁਰਾ (ਰਮੇਸ਼ ਕਟਾਰੀਆ)**-ਰਾਜਪੁਰਾ ਪੁਲਸ ਨੇ 8100 ਨਸ਼ੀਲੀਆ ਗੋਲੀਆ ਸਮੇਤ ਇਕ ਵਿਆਕਤੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਇੰਸਪੈਕਟਰ ਕਿਰਪਾਲ ਸਿੰਘ ਮੁੱਖ ਅਫਸਰ ਥਾਣਾ ਸਦਰ ਰਾਜਪੁਰਾ ਨੇ ਦੱਸਿਆ ਕਿ ਮਿਲੀ ਗੁਪਤ ਸੂਚਨਾ ਦੇ ਅਧਾਰ 'ਤੇ ਵੱਖ-ਵੱਖ ਟੀਮਾਂ ਬਣਾ ਕੇ ਕੀਤੀ ਨਾਕਾਬੰਦੀ ਦੌਰਾਨ ਪੁਲਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ, ਜਦੋਂ ਨੇੜੇ ਏ.ਜੀ.ਐੱਮ. ਰਿਜ਼ੋਰਟ ਬਾ-ਹੱਦ ਪਿੰਡ ਬਸੰਤਪੁਰਾ ਵਿਖੇ ਬੈਰੀਗੇਟ ਲਗਾ ਕੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਨਾਕੇ 'ਤੇ ਭੀੜ ਹੋਣ ਕਰਕੇ ਭੀੜ ਵਿੱਚੋਂ ਇੱਕ ਵਿਅਕਤੀ ਸਾਹਮਣੇ ਖੜੀ ਪੁਲਸ ਪਾਰਟੀ ਨੂੰ ਦੇਖ ਕੇ ਤੇਜ਼ ਕਦਮੀ ਪਿੱਛੇ ਵੱਲ ਨੂੰ ਤੁਰ ਪਿਆ, ਜਿਸ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਇੰਸਪੈਕਟਰ ਕਿਰਪਾਲ ਸਿੰਘ ਮੁੱਖ ਅਫਸਰ ਥਾਣਾ ਸਦਰ ਰਾਜਪੁਰਾ ਨੇ ਉਸ ਦਾ ਨਾਮ ਪਤਾ ਪੁਛਿਆ, ਜਿਸ ਨੇ ਆਪਣਾ ਨਾਮ ਬੇਅੰਤ ਸਿੰਘ ਪੁੱਤਰ ਸਿੰਗਾਰ ਸਿੰਘ ਵਾਸੀ ਪਿੰਡ ਟੋਸਾ ਥਾਣਾ ਸਦਰ ਖੰਨਾ ਜ਼ਿਲ੍ਹਾ ਲੁਧਿਆਣਾ ਹਾਲ ਵਾਸੀ ਕਿਰਾਏਦਾਰ ਭਾਦਲਾ ਟੋਟਾ, ਇਕਬਾਲ ਨਗਰ ਗੋਬਿੰਦਗੜ੍ਹ ਦੱਸਿਆ, ਜਿਸ ਦੀ ਪਿੱਠ 'ਤੇ ਟੰਗੇ ਹੋਏ ਪਿੱਠੂ ਬੈਗ ਨੂੰ ਥੱਲੇ ਉਤਰਵਾ ਕੇ ਚੈੱਕ ਕੀਤਾ ਤਾਂ ਬੈਗ ਦੀ ਤਲਾਸ਼ੀ ਦੌਰਾਨ ਪੁਲਸ ਨੂੰ 8100 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਖਿਲਾਫ ਥਾਣਾ ਸਦਰ ਰਾਜਪੁਰਾ ਵਿਖੇ ਕੇਸ ਦਰਜ ਕੀਤਾ ਗਿਆ।

## ਮਿਮਿਟ ਦੇ ਬੀ ਬੀ ਏ ਤੇ ਬੀ ਕਾਮ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਦੁਆਰਾ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਮਲੋਟ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ (ਮਿਮਿਟ), ਮਲੋਟ ਦੇ ਬੀ ਬੀ ਏ ਤੇ ਬੀ. ਕਾਮ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਸੰਸਥਾ ਵਿਖੇ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ ਗਿਆ ਤੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਵੱਖ ਵੱਖ ਪੋਸਟਰ ਬਣਾਏ ਗਏ।ਇਸ ਪ੍ਰੋਗਰਾਮ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਸੰਸਥਾ ਦੇ ਬੀ.ਬੀ.ਏ./ਬੀ.ਕਾਮ ਵਿਭਾਗ ਦੇ ਮੁਖੀ ਡਾ. ਮਨੀਸ਼ ਬਾਂਸਲ ਨੇ ਦੱਸਿਆ ਕਿ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਸਟੀਕ ਜਾਣਕਾਰੀ ਪਹੁੰਚਾਉਣ ਦੇ ਉਪਰਾਲੇ ਤਹਿਤ ਬੀ ਬੀ ਏ ਤੇ ਬੀ. ਕਾਮ ਵਿਭਾਗ ਵੱਲੋਂ ਨਸ਼ੇ ਨੂੰ ਨਾਂਹ ਤੇ ਜ਼ਿੰਦਗੀ ਨੂੰ ਹਾਂ, ਮੁਹਿੰਮ ਤਹਿਤ ਇਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸੰਸਥਾ ਦੇ ਮੁਖੀ ਡਾ. ਜਸਕਰਨ ਸਿੰਘ ਭੁੱਲਰ ਨੇ ਵਿਦਿਆਰਥੀਆਂ ਨਸ਼ੇ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਡਾ. ਭੁੱਲਰ ਵੱਲੋਂ ਵਿਦਿਆਰਥੀਆਂ ਨੂੰ ਨਸ਼ਾ ਕਰਨ ਨਾਲ ਹੋਣ ਵਾਲੇ ਜਾਨੀ-ਮਾਲੀ ਨੁਕਸਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤੇ ਨਾਲ ਹੀ ਨਸ਼ਾ ਮੁਕਤ ਜੀਵਨ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।

ਇਸ ਮੌਕੇ ਬੀ. ਕਾਮ ਦੀ ਵਿਦਿਆਰਥਣ ਨਵਦੀਪ ਕੌਰ ਤੇ ਪ੍ਰਨੀਤ ਕੌਰ ਨੇ ਨਸ਼ਿਆਂ ਬਾਰੇ ਭਾਸ਼ਣ ਦਿੱਤਾ।ਇਸ ਉਪਰੰਤ ਸੰਸਥਾ ਦੇ ਵਿਦਿਆਰਥੀ ਓਂਕਾਰ ਸਿੰਘ ਨੇ ਨਸ਼ਿਆਂ ਵਿਰੁਧ ਗੀਤ ਗਾ ਕੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਤੇ ਸਟਾਫ ਨੇ ਨਸ਼ਾ ਨਾ ਕਰਨ ਦਾ ਪ੍ਰਣ ਲਿਆ।ਇਸ ਮੌਕੇ ਵਿਭਾਗ ਦੇ ਡਿਪਟੀ ਡੀਨ ਡਾ. ਸੁਖਵੀਰ ਕੌਰ ਤੇ ਡਾ. ਨਵਦੀਪ ਲਤਾ ਤੇ ਫੈਕਲਟੀ ਮੈਂਬਰ ਰਸ਼ੀਮਾ, ਨਵਦੀਪ ਕੌਰ, ਪੂਜਾ ਖੁਰਾਣਾ ਤੇ ਮਨਪ੍ਰੀਤ ਕੌਰ ਅਤੇ ਯਾਦਵਿੰਦਰ ਸਿੰਘ ਹਾਜ਼ਰ ਸਨ।

### ਰਜਵਾਹੇ 'ਤੇ ਬਣਨ ਵਾਲੇ ਓਵਰ ਬਰਿੱਜ ਦਾ ਮਾਮਲਾ ਵਿਵਾਦਾਂ 'ਚ ਘਿਰਿਆ

## ਰਜਵਾਹੇ 'ਤੇ ਪੁਲ ਬਣਨ ਕਾਰਨ ਸੈਂਕੜੇ ਦਰੱਖਤਾਂ ਦਾ ਹੋਵੇਗਾ ਉਜਾੜਾ

### ਲੋਹਾ ਬਾਜ਼ਾਰ ਵਾਲੇ ਰੇਲ ਫਾਟਕਾਂ 'ਤੇ ਅੰਡਰ ਬਰਿੱਜ ਬਣਾਉਣ ਦੀ ਮੰਗ



**ਧੂਰੀ (ਮਨੋਹਰ ਸਿੰਘ ਸੱਗੂ)**-ਸਥਾਨਕ ਸ਼ਹਿਰ ਅੰਦਰ ਸ਼ੇਰੋਂ ਰਜਵਾਹੇ 'ਤੇ ਕਰੀਬ 55 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਜਾ ਰਿਹਾ ਰੇਲਵੇ ਓਵਰ ਬਰਿੱਜ ਰਜਵਾਹੇ ਕਿਨਾਰੇ ਵਸਦੇ ਲੋਕਾਂ ਵੱਲੋਂ ਲਗਾਤਾਰ ਕੀਤੇ ਜਾ ਰਹੇ ਵਿਰੋਧ ਕਾਰਨ ਵਿਵਾਦਾਂ 'ਚ ਘਿਰਦਾ ਨਜ਼ਰ ਆ ਰਿਹਾ ਹੈ।

ਰਜਵਾਹੇ ਦੇ ਦੋਵੇਂ ਪਾਸੇ ਵਸਦੇ ਲੋਕਾਂ 'ਚ ਪ੍ਰਵੀਨ ਬਰੇਲੀ, ਰਾਕੇਸ਼ ਚੌਧਰੀ, ਮਿੱਠੂ, ਆਸ਼ੂ ਬਾਂਸਲ, ਕਾਕੂ, ਭੂਸ਼ਨ ਕੁਮਾਰ, ਦੀਪਕ ਗਰਗ, ਰਵੀ ਸਿੰਗਲਾ ਤੇ ਸਤੀਸ਼ ਗਰਗ ਨੇ ਸਾਥੀਆਂ ਸਮੇਤ ਰਜਵਾਹੇ 'ਤੇ ਬਣਨ ਜਾ ਰਹੇ ਓਵਰ ਬਰਿੱਜ ਦਾ ਵਿਰੋਧ ਕਰਦਿਆਂ ਕਿਹਾ ਕਿ ਜਿੱਥੇ ਪੁਲ ਦੇ ਨਿਰਮਾਣ ਕਾਰਨ ਰਜਵਾਹੇ ਦੀਆਂ ਪਟਰੀਆਂ 'ਤੇ ਖੜ੍ਹੇ ਸੈਂਕੜੇ ਹਰੇ ਭਰੇ ਦਰੱਖਤਾਂ ਦਾ ਉਜਾੜਾ ਹੋਵੇਗਾ, ਉਥੇ ਜੈਨ ਮੰਦਿਰ, ਦੁਰਗਾ ਮੰਦਿਰ, ਸ਼ਿਵ ਮੰਦਿਰ, ਜੈਨ ਸਥਾਨਕ ਤੋਂ ਇਲਾਵਾ ਸਥਿਤ ਤਿੰਨ ਸਿੱਖਿਆ ਸੰਸਥਾਵਾਂ ਵੀ ਪੁਲ ਨਿਰਮਾਣ ਕਾਰਨ ਪ੍ਰਭਾਵਿਤ ਹੋਣਗੀਆਂ ਅਤੇ ਬੱਚਿਆਂ ਨੂੰ ਸਕੂਲ ਆਉਣ-ਜਾਣ ਲਈ ਦਿੱਕਤਾਂ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪਵੇਗਾ।ਉਪਰੋਕਤ ਵਸਨੀਕਾਂ ਨੇ ਰਜਵਾਹੇ 'ਤੇ ਓਵਰ ਬਰਿੱਜ ਬਣਾਉਣ ਦਾ ਵਿਰੋਧ ਕਰਦਿਆਂ ਲੋਹਾ ਬਾਜ਼ਾਰ ਵਾਲੇ ਸਿੰਗਲ ਰੇਲ ਫਾਟਕਾਂ 'ਤੇ ਅੰਡਰ ਬਰਿੱਜ ਬਣਾਉਣ ਦੀ ਮੰਗ ਕਰਦਿਆਂ ਕਿਹਾ ਕਿ ਪਹਿਲਾਂ ਅੰਡਰ ਬਰਿੱਜ ਬਣਾਉਣ ਦੀ ਤਜਵੀਜ਼ ਕਥਿਤ ਨਾਜਾਇਜ਼ ਕਬਜ਼ਿਆਂ ਦੀ ਮਾਰ ਹੇਠ ਆਏ ਲੋਹਾ ਬਾਜ਼ਾਰ ਵਾਲੇ ਫਾਟਕਾਂ 'ਤੇ ਸੀ, ਪਰ ਕੁੱਝ ਸਿਆਸੀ ਆਸਰ ਰਸੂਖ ਵਾਲੇ ਦੁਕਾਨਦਾਰਾਂ ਵੱਲੋਂ ਕੀਤੇ ਗਏ ਵਿਰੋਧ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋਹਾ ਬਾਜ਼ਾਰ ਵਾਲੇ ਪਾਸੇ ਅੰਡਰ ਬਰਿੱਜ ਬਣਾਉਣ ਦੀ ਤਜਵੀਜ਼ ਤਿਆਗ ਕੇ ਰਜਵਾਹੇ ਉਪਰ ਓਵਰ ਬਰਿੱਜ ਬਣਾਉਣ ਦੀ ਤਜਵੀਜ਼ ਨੂੰ ਮੰਨਜ਼ੂਰੀ ਦੇ ਦਿੱਤੀ ਗਈ।ਲੋਕਾਂ ਅਨੁਸਾਰ ਮਾਲ ਵਿਭਾਗ ਦੇ ਰਿਕਾਰਡ ਮੁਤਾਬਿਕ ਸਟੇਟ ਹਾਈਵੇਅ-11 ਲੋਹਾ ਬਾਜ਼ਾਰ ਵਾਲੀ 80/85 ਫੁੱਟ ਚੌੜੀ ਸੜਕ ਕਥਿਤ ਨਾਜਾਇਜ਼ ਕਬਜ਼ਿਆਂ ਦੀ ਮਾਰ ਹੇਠ ਆਉਣ ਤੋਂ ਬਾਅਦ ਅੱਜਕੱਲ੍ਹ ਸੁੰਗੜ ਕੇ 30/35 ਫੁੱਟ ਤੱਕ ਸੀਮਤ ਹੋਈ ਸਾਫ਼ ਨਜ਼ਰ ਆ ਰਹੀ ਹੈ।ਦੱਸਣਯੋਗ ਹੈ ਕਿ ਰਜਵਾਹੇ ਕਿਨਾਰੇ ਰੇਲਵੇ ਲਾਈਨ ਦੇ ਦੂਜੇ ਪਾਸੇ ਵਸਦੇ ਅਮ੍ਰਿਤਰੂਪ ਸਿੰਘ ਧਾਲੀਵਾਲ ਵਗੈਰਾ ਵੱਲੋਂ ਰਜਵਾਹੇ 'ਤੇ ਬਣਨ ਵਾਲੇ ਤਜਵੀਜ਼ੀ ਓਵਰ ਬਰਿੱਜ ਦੇ ਨਿਰਮਾਣ ਦਾ ਵਿਰੋਧ ਕਰਦਿਆਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨੂੰ ਮੰਨਜ਼ੂਰ ਕਰਦਿਆਂ ਮਾਨਯੋਗ ਅਦਾਲਤ ਨੇ ਸਬੰਧਤ ਧਿਰਾਂ ਨੂੰ ਜਬਾਬ ਦਾਅਵਾ ਦਾਇਰ ਕਰਨ ਲਈ 'ਨੋਟਿਸ ਆਫ਼ ਮੋਸ਼ਨ' ਜਾਰੀ ਕਰਦਿਆਂ ਅਗਲੀ ਪੇਸ਼ੀ 20 ਅਪ੍ਰੈਲ ਨਿਰਧਾਰਤ ਕੀਤੀ ਹੋਈ ਹੈ।

## ਮਧੇਕੇ ਚੌਕ ਤੋਂ ਧੂੜਕੋਟ ਤੱਕ ਸੜਕ ਖਸਤਾ ਹਾਲ




**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮਧੇਕੇ ਚੌਕ ਤੋਂ ਧੂੜਕੋਟ ਨੂੰ ਜਾਂਦੀ ਸੜਕ ਦੀ ਹਾਲਤ ਦਿਨੋਂ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।ਸੜਕ ਉੱਪਰ ਥਾਂ-ਥਾਂ ਵੱਡੇ ਖੱਡੇ ਪਏ ਹੋਏ ਹਨ ਤੇ ਕਈ ਥਾਵਾਂ 'ਤੇ ਸੜਕ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ, ਜਿਸ ਕਾਰਨ ਆਵਾਜਾਈ ਕਰਨ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਖਰਾਬ ਸੜਕ ਕਾਰਨ ਹਰ ਰੋਜ਼ ਦੋਪਹੀਆ ਤੇ ਚਾਰ-ਪਹੀਆ ਵਾਹਨਾਂ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਹਾਦਸਿਆਂ ਦਾ ਖਤਰਾ ਵੀ ਲਗਾਤਾਰ ਬਣਿਆ ਹੋਇਆ ਹੈ।ਸਥਾਨਕ ਵਸਨੀਕਾਂ ਨੇ ਦੱਸਿਆ ਕਿ ਇਹ ਸੜਕ ਕਾਫੀ ਸਮੇਂ ਤੋਂ ਮੁਰੰਮਤ ਦੀ ਉਡੀਕ ਕਰ ਰਹੀ ਹੈ, ਪਰ ਸੜਕ ਮਹਿਕਮੇ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਖਾਸ ਕਰਕੇ ਮੀਂਹ ਦੇ ਦਿਨਾਂ ਵਿੱਚ ਸੜਕ ਦੇ ਖੱਡਿਆਂ ਵਿੱਚ ਪਾਣੀ ਭਰ ਜਾਣ ਕਾਰਨ ਲੋਕਾਂ ਲਈ ਲੰਘਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ।ਸਕੂਲੀ ਬੱਚਿਆਂ, ਕਿਸਾਨਾਂ ਤੇ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਨੂੰ ਇਸ ਕਾਰਨ ਬਹੁਤ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ।ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸਬੰਧਤ ਮਹਿਕਮੇ ਕੋਲੋਂ ਜਲਦ ਤੋਂ ਜਲਦ ਇਸ ਸੜਕ ਦੀ ਮੁਰੰਮਤ ਕਰਨ ਦੀ ਮੰਗ ਕੀਤੀ ਹੈ।

## 'ਆਪ' ਦੀ ਸਰਕਾਰ ਨੇ ਕਿਸਾਨਾਂ ਨੂੰ ਮੰਡੀਆਂ 'ਚ ਰੋਲ਼ਿਆ : ਭੱਟੀਆਂ

### ਸੀਨੀਅਰ ਕਾਂਗਰਸੀ ਆਗੂ ਵੱਲੋਂ ਦੂਧਨ ਸਾਧਾਂ ਅਨਾਜ ਮੰਡੀ ਦਾ ਦੌਰਾ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਸੀਨੀਅਰ ਕਾਂਗਰਸੀ ਆਗੂ ਨਿਰਮਲ ਸਿੰਘ ਭੱਟੀਆਂ ਨੇ ਦੂਧਨ ਸਾਧਾਂ ਅਨਾਜ ਮੰਡੀ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਕਿਸਾਨਾਂ ਤੇ ਆੜ੍ਹਤੀਆਂ ਨਾਲ ਮੁਲਾਕਾਤ ਕਰਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਨਿਰਮਲ ਸਿੰਘ ਭੱਟੀਆਂ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਸਮੇਂ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪੈਣਾ ਚਾਹੀਦਾ ਤੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਮੰਡੀਆਂ ਵਿੱਚ ਪੂਰੇ ਪ੍ਰਬੰਧ ਕੀਤੇ ਜਾਣ।ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਮੰਡੀ ਵਿੱਚ ਆ ਰਹੀ ਲਿਫਟਿੰਗ ਦੀ ਸਮੱਸਿਆਵਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ। ਭੱਟੀਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਕਿਸਾਨਾਂ ਦੇ ਹੱਕਾਂ ਲਈ ਖੜ੍ਹੀ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਉਨ੍ਹਾਂ ਦੀਆਂ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਪੰਜਾਬ ਸਰਕਾਰ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਪੰਜਾਬ ਦੀਆਂ ਮੰਡੀਆਂ ਵਿੱਚ ਆਈ ਕਣਕ ਦਾ ਇੱਕ ਇੱਕ ਦਾਣਾ ਚੁਕਾਵੇ। ਪਿਛਲੇ ਦਿਨਾਂ ਦੌਰਾਨ ਹੋਈ ਬੇਮੌਸਮੀ ਬਾਰਿਸ਼ ਨੇ ਕਿਸਾਨਾਂ ਦੀ ਚਿੰਤਾ ਵਧਾ ਦਿੱਤੀ ਹੈ ਇਸ ਦੇ ਬਾਵਜੂਦ ਦਾਣੇ ਦੇ ਬਦਰੰਗ ਹੋਣ ਦਾ ਬਹਾਨਾ ਬਣਾ ਕੇ ਖਰੀਦ ਵਿੱਚ ਦੇਰੀ ਕੀਤੀ ਜਾ ਰਹੀ ਹੈ, ਜੋ ਕਿ ਕਿਸਾਨਾਂ ਨਾਲ ਬੇਇਨਸਾਫ਼ੀ ਹੈ।

ਇਸ ਮੌਕੇ ਸਾਧੂ ਸਿੰਘ ਬੁੱਧਮੋਰ ਸਾਬਕਾ ਚੇਅਰਮੈਨ, ਧਰਮਪਾਲ ਸ਼ਰਮਾ ਆੜ੍ਹਤੀ, ਜਗਤਾਰ ਸਿੰਘ ਚੱਪਰਾੜ, ਭਜਨ ਸਿੰਘ ਆੜ੍ਹਤੀ, ਬੀਰਦਵਿੰਦਰ ਸਿੰਘ ਆੜ੍ਹਤੀ, ਗੁਰਮੀਤ ਸਿੰਘ ਆੜ੍ਹਤੀ, ਹੇਮ ਚੰਦ ਆੜ੍ਹਤੀ, ਸੁਰਜੀਤ ਸਿੰਘ ਬਿੱਲੂ ਰੋਹੜ, ਦੇਵ ਰਾਜ, ਕਰੀਸਨ ਸਿੰਘ, ਸਤਿਨਾਮ ਸਿੰਘ ਜਨਰਲ ਸੈਕਟਰੀ, ਤੇਜਾ ਸਿੰਘ ਬਾਹਲ, ਕੁਲਦੀਪ ਕਾਲਾ ਸਨੌਰ, ਗੁਰਨਾਮ ਸਿੰਘ ਸੈਕਟਰੀ, ਕਾਹਨ ਸਿੰਘ ਮੰਜਾਲ ਕਲਾਂ, ਰਿੰਕੂ ਮਿੱਤਲ, ਗੁਰਮੀਤ ਬਾਵਾ, ਦਰਸ਼ਨ ਸਿੰਘ ਹੰਢਾਣਾ ਆਦਿ ਮੌਜੂਦ ਸਨ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਡਿਗਰੀ ਵੰਡ ਸਮਾਰੋਹ




**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਡਾ. ਈਸ਼ਵਰ ਸਿੰਘ ਯਾਦਗਾਰੀ ਹਾਲ ਵਿਖੇ ਡਿਗਰੀਆਂ ਵੰਡਣ ਲਈ ਕਾਨਵੋਕੇਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਸ਼ਿਸ਼ਟ ਸੇਵਾ ਮੈਡਲ ਨਾਲ਼ ਸਨਮਾਨਤ ਕਰਨਲ ਹਰਵਿੰਦਰਪਾਲ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਡਿਗਰੀ ਵੰਡ ਸਮਾਰੋਹ ਵਿੱਚ ਵੱਖ-ਵੱਖ ਕਲਾਸਾਂ ਦੇ 133 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।ਸਮਾਰੋਹ ਦੇ ਆਰੰਭ ਵਿੱਚ ਕਾਲਜ ਦੇ ਸੰਸਥਾਪਕ ਪ੍ਰਧਾਨ ਡਾ. ਈਸ਼ਵਰ ਸਿੰਘ ਦੇ ਬੁੱਤ ਨੂੰ ਮੁੱਖ ਮਹਿਮਾਨ, ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਤੇ ਕਾਲਜ ਪ੍ਰਿੰਸੀਪਲ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਉਪਰੰਤ ਕਾਲਜ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ।ਇਸ ਮੌਕੇ ਮੁੱਖ-ਮਹਿਮਾਨ ਦਾ ਸਵਾਗਤ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਕਾਲਜ ਦੀਆਂ ਅਕਾਦਮਿਕ ਪ੍ਰਾਪਤੀਆਂ ਦੀ ਮੁਕੰਮਲ ਰਿਪੋਰਟ ਪੇਸ਼ ਕੀਤੀ। ਕੋ-ਆਰਡੀਨੇਟਰ ਪ੍ਰੋ. ਰਣਜੀਤ ਕੌਰ, ਸਹਾਇਕ ਕੋ-ਆਰਡੀਨੇਟਰ ਡਾ. ਨਿਰਲੇਪ ਕੌਰ ਤੇ ਡਾ. ਅਮਨਦੀਪ ਕੁਲਾਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਡਿਗਰੀ ਵੰਡ ਸਮਾਰੋਹ ਵਿੱਚ ਵਿੱਦਿਅਕ ਸੈਸ਼ਨਾਂ 2024-2025 ਦੌਰਾਨ ਪ੍ਰੀਖਿਆਵਾਂ ਪਾਸ ਕਰਨ ਵਾਲੇ ਵਿਭਿੰਨ ਫ਼ੈਕਲਟੀਆਂ ਦੇ 133 ਗ੍ਰੈਜੂਏਟ ਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਦਿੱਤੀਆਂ ਗਈਆਂ।ਡਿਗਰੀਆਂ ਤੋਂ ਇਲਾਵਾ ਅਕਾਦਮਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰਨ ਵਾਲੇ ਕਾਲਜ ਵਿਦਿਆਰਥੀਆਂ ਮਨਿਕਾ ਨੂੰ 'ਰੋਲ ਆਫ਼ ਆਨਰ', ਨਵਨੀਤ ਕੌਰ ਤੇ ਸਾਕਸ਼ੀ ਨਿਥਾਨੀ ਨੂੰ 'ਸਟੂਡੈਂਟ ਆਫ਼ ਦਾ ਯੀਅਰ' ਤੇ ਰੋਹਿਤ ਕੁਮਾਰ, ਯੁਵਰਾਜ ਸਿੰਘ, ਅਦਿਤਯ, ਸੁਰੀਤਾ ਮਸੀਹ, ਅਨੀਰੁਧ, ਅਭਿਯ, ਗੋਬਿੰਦ ਕੁਮਾਰ, ਬਲਜਿੰਦਰ ਸਿੰਘ ਤੇ ਸ਼ਿਵਮ ਕੁਮਾਰ ਨੂੰ 'ਕਾਲਜ ਕਲਰ' ਨਾਲ਼ ਸਨਮਾਨਿਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਮੁੱਖ-ਮਹਿਮਾਨ ਕਰਨਲ ਹਰਵਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਨਵੇਂ ਤਕਨੀਕੀ ਤੇ ਮਸਨੂਈ ਬੁੱਧੀ ਦੇ ਦੌਰ ਵਿੱਚ ਆਪਣੇ ਆਪ ਨੂੰ ਨਵੀਨ ਸੰਭਾਵਨਾਵਾਂ ਦੇ ਹਾਣ ਦਾ ਬਣਨ ਲਈ ਪ੍ਰੇਰਿਆ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਸੀਨੀਅਰ ਮੀਤ ਪ੍ਰਧਾਨ ਸ਼੍ਰੀਮਤੀ ਸਰਤਾਜ ਢਿੱਲੋਂ, ਮੀਤ ਪ੍ਰਧਾਨ ਸ਼੍ਰੀਮਤੀ ਮਾਨਿਕ ਰੰਧਾਵਾ, ਜਰਨਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਤੇ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਮੁੱਖ-ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਇਸ ਮੌਕੇ ਪੰਜਾਬੀ ਵਿਭਾਗ ਵੱਲੋਂ ਪਿਛਲੇ ਵਿੱਦਿਅਕ ਵਰ੍ਹੇ ਦੌਰਾਨ ਕਰਵਾਏ ਗਏ ਸੈਮੀਨਾਰ ਦੀ ਕਿਤਾਬ ਮੁੱਖ ਸੰਪਾਦਕ ਡਾ. ਸਰਵਜੀਤ ਕੌਰ ਬਰਾੜ, ਸਹਿ-ਸੰਪਾਦਕਾਂ ਡਾ. ਸੋਮਪਾਲ ਹੀਰਾ, ਡਾ. ਗੁਰਪ੍ਰੀਤ ਸਿੰਘ ਤੇ ਪ੍ਰੋ. ਹਰਪ੍ਰੀਤ ਕੌਰ ਕਾਹਲੋਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤੀ ਗਈ।ਅੰਤ ਵਿੱਚ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ।ਮੰਚ-ਸੰਚਾਲਕ ਦੀ ਭੂਮਿਕਾ ਡਾ. ਲਵਲੀਨ ਬੈਂਸ, ਡਾ. ਨਿਧੀ ਸਰੂਪ ਤੇ ਪ੍ਰੋ. ਦੀਪਾਲੀ ਆਰੋੜਾ ਨੇ ਅਦਾ ਕੀਤੀ।ਇਸ ਸਮਾਰੋਹ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਮੈਂਬਰ ਸਾਹਿਬਾਨ ਤੋਂ ਇਲਾਵਾ ਗੋਬਿੰਦਗੜ੍ਹ ਪਬਲਿਕ ਕਾਲਜ ਦੇ ਪ੍ਰਿੰਸੀਪਲ ਡਾ. ਨੀਨਾ ਸੇਠ ਪਜਨੀ ਤੇ ਸੁਖਪਾਲ ਸਿੰਘ ਧਾਰਨੀ ਉਚੇਚੇ ਤੌਰ 'ਤੇ ਸ਼ਾਮਲ ਹੋਏ।

## ਪਨਗਰੇਨ ਦੇ ਚੇਅਰਮੈਨ ਵੱਲੋਂ ਚਚਰਾੜੀ ਤੇ ਹੰਸ ਕਲਾਂ ਦੀਆਂ ਮੰਡੀਆਂ ਦਾ ਦੌਰਾ

### ਕਣਕ ਖਰੀਦ ਦੀ ਰਸਮੀ ਸ਼ੁਰੂਆਤ ਵੀ ਕਰਵਾਈ



**ਜਗਰਾਉਂ (ਨਛੱਤਰ ਸੰਧੂ)**-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਲੋਕਾਂ ਦੀ ਸਰਕਾਰ ਵੱਲੋਂ ਪਿਛਲੇ 4 ਸਾਲਾਂ ਦੌਰਾਨ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਪਾਇਆ, ਜਿਸ ਸਦਕਾ ਹੁਣ ਅੰਨਦਾਤਾ ਨੇ ਵੀ ਸੁੱਖ ਦਾ ਸਾਹ ਲਿਆ ਹੈ, ਕਿਉਂਕਿ ਸਰਕਾਰ ਵੱਲੋਂ ਮੰਡੀਆਂ ਵਿੱਚ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਦੀ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਵੱਲੋਂ ਵਿਧਾਨ ਸਭਾ ਹਲਕਾ ਦਾਖਾ ਅਧੀਨ ਪਿੰਡ ਚਚਰਾੜੀ ਤੇ ਹੰਸ ਕਲਾਂ ਦੀਆਂ ਅਨਾਜ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਣਕ ਖਰੀਦ ਦੀ ਰਸਮੀ ਸ਼ੁਰੂਆਤ ਕਰਵਾਈ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।ਇਸ ਮੌਕੇ ਚੇਅਰਮੈਨ ਗਿੱਲ ਦੇ ਨਾਲ ਏ.ਐੱਫ.ਐੱਸ.ਓ. ਬੇਅੰਤ ਸਿੰਘ, ਵੱਖ-ਵੱਖ ਖਰੀਦ ਏਜੰਸੀਆਂ ਦੇ ਇੰਸਪੈਕਟਰ, ਪਿੰਡ ਚਚਰਾੜੀ ਦੇ ਸਰਪੰਚ ਤੇ ਆੜ੍ਹਤੀਏ ਮੌਜੂਦ ਸਨ।ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਕਿਹਾ ਕਿ ਕਿਸਾਨਾਂ ਦੀ ਉਪਜ ਦੇ ਇੱਕ-ਇੱਕ ਦਾਣੇ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਖਰੀਦ ਕੇ ਉਸ ਦੀ ਲਿਫਟਿੰਗ ਨੂੰ ਯਕੀਨੀ ਬਣਾਇਆ ਜਾਵੇਗਾ ਤੇ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵੇਲੇ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

## ਰੀਅਲ-ਟਾਈਮ ਜਿਓ-ਟੈਗ ਰਿਪੋਰਟਿੰਗ ਨਾਲ ਸ਼ਹਿਰੀ ਪ੍ਰਬੰਧਨ 'ਚ ਤੇਜ਼ੀ ਆਵੇਗੀ : ਅਰਜਨ ਸਿੰਘ

**ਫਿਰੋਜ਼ਪੁਰ (ਜਸਬੀਰ ਸਿੰਘ ਕੰਬੋਜ)**

ਫਿਰੋਜ਼ਪੁਰ ਤੇ ਫਾਜ਼ਿਲਕਾ ਵਿੱਚ ਸ਼ਹਿਰੀ ਪ੍ਰਬੰਧਨ ਨੂੰ ਨਵੀਂ ਦਿਸ਼ਾ ਦੇਣ ਲਈ ਸਵੱਛ ਭਾਰਤ ਮਿਸ਼ਨ ਹੇਠ ਰੀਅਲ-ਟਾਈਮ ਡਿਜ਼ਿਟਲ ਨਿਗਰਾਨੀ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਉਪਰਾਲੇ ਦਾ ਉਦੇਸ਼ ਮੈਦਾਨੀ ਹਾਲਾਤਾਂ ਤੇ ਪ੍ਰਸ਼ਾਸਨਕ ਕਾਰਵਾਈ ਵਿਚਕਾਰ ਪੈ ਰਹੇ ਪਾੜੇ ਨੂੰ ਘਟਾਉਣਾ ਹੈ, ਜਿਸ ਨਾਲ ਨਾਗਰਿਕਾਂ ਨੂੰ ਪੇਸ਼ ਆ ਰਹੇ ਮਸਲਿਆਂ ਦੀ ਪਛਾਣ ਤੇ ਨਿਪਟਾਰਾ ਹੋਰ ਤੇਜ਼ ਅਤੇ ਪਾਰਦਰਸ਼ੀ ਬਣੇਗਾ।ਇਸ ਸਬੰਧੀ ਜਾਣਕਾਰੀ ਦੇਂਦੇ ਹੋਏ ਇਸ ਪ੍ਰਜੈਕਟ ਦੀ ਅਗਵਾਈ ਕਰ ਰਹੇ ਸਕੁਆਡਰਨ ਲੀਡਰ ਅਰਜੁਨ ਸਿੰਘ, ਡਿਪਟੀ ਜਨਰਲ ਮੈਨੇਜਰ, ਫਿਰੋਜ਼ਪੁਰ ਤੇ ਫਾਜ਼ਿਲਕਾ ਨੇ ਦੱਸਿਆ ਕਿ ਇਹ ਪ੍ਰਜੈਕਟ ਨਯਨ ਟੈਕ ਵੱਲੋਂ ਲਾਗੂ ਕੀਤਾ ਗਿਆ ਹੈ ਤੇ ਇਸ ਅਧੀਨ ਮੈਦਾਨੀ ਟੀਮਾਂ ਨੂੰ ਡਿਜੀਟਲ ਸੰਦਾਂ ਨਾਲ ਲੈਸ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਤੁਰੰਤ ਤੇ ਸਹੀ ਰਿਪੋਰਟਿੰਗ ਲਈ ਪ੍ਰਸ਼ਿਕਸ਼ਤ ਕੀਤਾ ਗਿਆ ਹੈ।ਉਨ੍ਹਾ ਦੱਸਿਆ ਕਿ ਇਸ ਯੋਜਨਾ ਦਾ ਕੇਂਦਰ ਭਾਰਤੀ ਸ਼ਸਤਰ ਬਲਾਂ ਦੇ ਸਾਬਕਾ ਸੈਨਿਕ ਹਨ, ਜੋ ਪੰਜਾਬ ਪੂਰਵ ਸੈਨਿਕ ਨਿਗਮ ਰਾਹੀਂ ਤਾਇਨਾਤ ਕੀਤੇ ਗਏ ਹਨ।ਉਹ ਆਪਣੇ ਨਾਲ ਅਨੁਸ਼ਾਸਨ, ਸੰਰਚਨਾ ਤੇ ਨਤੀਜਾ-ਕੇਂਦਰਤ ਕਾਰਜਸ਼ੈਲੀ ਲੈ ਕੇ ਆਏ ਹਨ, ਜਿਸ ਨਾਲ ਮੈਦਾਨੀ ਨਿਗਰਾਨੀ ਹੋਰ ਮਜ਼ਬੂਤ ਹੋਵੇਗੀ।ਉਨ੍ਹਾ ਦੱਸਿਆ ਕਿ ਫਿਰੋਜ਼ਪੁਰ ਵਿੱਚ ਨਿਗਰਾਨੀ ਦਾ ਕੰਮ ਸੁਪਰਵਾਈਜ਼ਰ ਬਲਦੇਵ ਸਿੰਘ ਤੇ ਹੋਰ ਚਾਰ ਸੁਪਰਵਾਈਜ਼ਰਾਂ ਵੱਲੋਂ ਸੰਭਾਲਿਆ ਜਾ ਰਿਹਾ ਹੈ, ਜੋ ਪੂਰੇ ਜ਼ਿਲ੍ਹੇ ਵਿੱਚ ਨਿਗਰਾਨੀ ਯਕੀਨੀ ਬਣਾ ਰਹੇ ਹਨ।ਫਾਜ਼ਿਲਕਾ ਵਿੱਚ ਤਿੰਨ ਸੁਪਰਵਾਈਜ਼ਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਨਾਗਰਿਕ ਮਸਲਿਆਂ ਦੀ ਨਿਗਰਾਨੀ ਤੇ ਰਿਪੋਰਟਿੰਗ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।ਉਨ੍ਹਾ ਦੱਸਿਆ ਕਿ ਇਸ ਪ੍ਰਣਾਲੀ ਦੀ ਖਾਸ ਗੱਲ ਇਹ ਹੈ ਕਿ ਇਹ ਮੈਦਾਨੀ ਹਾਲਾਤਾਂ ਨੂੰ ਤੁਰੰਤ ਕੈਪਚਰ ਕਰਦੀ ਹੈ। ਸੁਪਰਵਾਈਜ਼ਰ ਸਮਾਰਟਫੋਨ ਰਾਹੀਂ ਜਿਓ-ਟੈਗ ਕੀਤੀਆਂ ਤਸਵੀਰਾਂ ਤੇ ਵੀਡੀਓਆਂ ਅੱਪਲੋਡ ਕਰਦੇ ਹਨ, ਜਿਸ ਨਾਲ ਮਸਲਿਆਂ ਦੀ ਸਹੀ ਸਥਿਤੀ ਦੀ ਪਛਾਣ ਹੋ ਸਕਦੀ ਹੈ ਤੇ ਤੁਰੰਤ ਕਾਰਵਾਈ ਕਰਨੀ ਸੰਭਵ ਹੁੰਦੀ ਹੈ।ਉਨ੍ਹਾ ਦੱਸਿਆ ਕਿ ਇਨ੍ਹਾਂ ਦਿਨਾਂ ਵਿੱਚ ਇਨ੍ਹਾਂ ਦੋਹਾਂ ਸ਼ਹਿਰਾਂ ਦੇ ਸਫਾਈ, ਠੋਸ ਕਚਰਾ ਪ੍ਰਬੰਧਨ, ਟੁੱਟੀਆਂ ਸੜਕਾਂ ਤੇ ਗੈਰਕਾਨੂੰਨੀ ਨਿਰਮਾਣ ਵਰਗੇ ਕਈ ਮਸਲੇ ਇਸ ਪ੍ਰਣਾਲੀ ਹੇਠ ਕਵਰ ਕੀਤੇ ਜਾ ਰਹੇ ਹਨ।ਰੀਅਲ-ਟਾਈਮ ਡਾਟਾ ਦੇ ਆਧਾਰ 'ਤੇ ਅਧਿਕਾਰੀ ਮੈਦਾਨੀ ਹਾਲਾਤਾਂ 'ਤੇ ਨਜ਼ਰ ਰੱਖ ਸਕਦੇ ਹਨ ਤੇ ਫ਼ੈਸਲੇ ਤੇਜ਼ੀ ਨਾਲ ਲਏ ਜਾ ਸਕਦੇ ਹਨ।



ਸਕੁਆਡਰਨ ਲੀਡਰ ਅਰਜੁਨ ਸਿੰਘ ਨੇ ਕਿਹਾ ਕਿ ਜਿਵੇਂ-ਜਿਵੇਂ ਸ਼ਹਿਰ ਸਮਾਰਟ ਗਵਰਨੈਂਸ ਵੱਲ ਵੱਧ ਰਹੇ ਹਨ, ਇਹ

## ਮੰਡੌਰ ਦੇ ਮਜ਼ਦੂਰਾਂ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿੰਡ ਮੰਡੌਰ ਦੇ ਮਜ਼ਦੂਰਾਂ ਵੱਲੋਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਡੀ ਸੀ ਦਫਤਰ ਪਟਿਆਲਾ ਅੱਗੇ ਧਰਨਾ ਲਗਾਇਆ ਗਿਆ। ਡੀ ਸੀ ਪਟਿਆਲਾ ਅਤੇ ਡੀ ਡੀ ਪੀ ਓ ਪਟਿਆਲਾ ਖ਼ਿਲਾਫ਼ ਜਮਕੇ ਨਾਅਰੇਬਾਜ਼ੀ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ, ਇਕਾਈ ਪ੍ਰਧਾਨ ਪਰਮਜੀਤ ਸਿੰਘ ਅਤੇ ਸਕੱਤਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਤੀਜੇ ਹਿੱਸੇ ਦੀ ਜ਼ਮੀਨ ਚਕੋਤੇ 'ਤੇ ਲੈਣ ਲਈ ਪਿੰਡ ਮੰਡੌਰ ਦੇ 27 ਮਜ਼ਦੂਰਾਂ ਵੱਲੋਂ 10 ਹਜ਼ਾਰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ 2 ਲੱਖ, 70 ਹਜਾਰ ਰੁਪਏ ਸਿਕਿਊਰਟੀ ਡੀ ਡੀ ਪੀ ਓ ਪਟਿਆਲਾ ਨੂੰ ਜਮਾਂ ਕਰਵਾਈ ਸੀ ਪਰ ਨਾ ਤਾਂ ਡੀ ਡੀ ਪੀ ਓ ਪਟਿਆਲਾ ਵੱਲੋਂ ਮਜ਼ਦੂਰਾਂ ਦੇ ਸਿਕਿਊਰਟੀ ਦੇ ਪੈਸੇ ਵਾਪਸ ਕੀਤੇ ਗਏ ਅਤੇ ਨਾਂ ਹੀ ਜਮੀਨ ਦਿੱਤੀ ਗਈ।ਇਹ ਪੈਸੇ ਵਾਪਸ ਲੈਣ ਲਈ ਪਿਛਲੇ ਸਾਲ ਤੋਂ ਹੀ ਲਗਾਤਾਰ ਪ੍ਰਸ਼ਾਸਨ ਨੂੰ ਮਿਲ ਰਹੇ ਹਾਂ ਪਰ ਹਾਲੇ ਤੱਕ ਕੋਈ ਸੁਣਵਾਈ ਨਾ ਹੋਣ ਕਾਰਨ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਲਗਾ ਕੇ ਆਪਣੇ ਪੈਸੇ ਵਾਪਸ ਲੈਣ ਦੀ ਮੰਗ ਕੀਤੀ ਗਈ।ਡੀ ਸੀ ਪਟਿਆਲਾ ਦੀ ਗੈਰ ਮੌਜੂਦਗੀ ਕਾਰਨ ਏ.ਡੀ.ਸੀ ਜਨਰਲ ਵੱਲੋਂ ਮਜ਼ਦੂਰ ਆਗੂਆਂ ਨਾਲ ਮੀਟਿੰਗ ਕੀਤੀ ਗਈ ਅਤੇ ਇਸ ਮਸਲੇ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦੇਣ ਤੋਂ ਬਾਅਦ ਧਰਨਾ ਸਮਾਪਤ ਕੀਤਾ ਗਿਆ।ਇਸ ਮੌਕੇ ਜੀਤ ਸਿੰਘ, ਅਮਰਜੀਤ ਸਿੰਘ, ਰੇਖਾ ਕੌਰ, ਚੰਦ ਸਿੰਘ, ਸੁਖਵਿੰਦਰ ਕੌਰ ਅਤੇ ਪਿੰਡ ਦੇ ਹੋਰ ਮਜ਼ਦੂਰ ਹਾਜ਼ਰ ਰਹੇ।

## ਸੈਂਟੀਨਲ ਸਕੂਲ 'ਚ ਗ੍ਰੈਜੂਏਸ਼ਨ ਸੈਰਾਮਨੀ ਸਮਾਗਮ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਵਿਖੇ ਯੂ. ਕੇ. ਜੀ. ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਗ੍ਰੈਜੂਏਸ਼ਨ ਸੈਰਾਮਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਕਰਨਵੀਰ ਸਿੰਘ ਢਿੱਲੋਂ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ ਗਿਆ। ਗ੍ਰੈਜੂਏਸ਼ਨ ਸੈਰਾਮਨੀ ਵਿੱਚ ਪਹੁੰਚੇ ਮਾਪਿਆਂ ਤੇ ਪਤਵੰਤੇ ਸੱਜਣਾਂ ਨੂੰ ਜੀ-ਆਇਆਂ ਆਖਿਆ ਗਿਆ।ਇਸ ਮੌਕੇ ਬੱਚਿਆਂ ਨੇ ਡਾਂਸ, ਕੋਰੀਓਗ੍ਰਾਫੀ, ਪੰਜਾਬੀ ਡਾਂਸ ਆਦਿ ਪੇਸ਼ਕਾਰੀਆਂ ਰਾਹੀਂ ਹਾਜ਼ਰ ਦਰਸ਼ਕਾਂ ਨੂੰ ਮੰਤਰ ਮੁਗਧ ਕੀਤਾ।ਸਮਾਗਮ ਦੌਰਾਨ ਨੰਨ੍ਹੇ-ਮੁੰਨੇ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੇ ਖਿਤਾਬਾਂ ਦੇ ਨਾਲ ਨਿਵਾਜਿਆ ਗਿਆ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਬੱਚਿਆਂ ਨੇ ਆਪਣੇ ਪਿਆਰੇ ਬੋਲਾਂ ਰਾਹੀਂ ਸਕੂਲ ਵਿੱਚ ਬਿਤਾਏ ਆਪਣੇ ਪਿਆਰੇ ਪਲਾਂ ਤੇ ਸਕੂਲ ਬਾਰੇ ਆਪਣੀਆਂ ਭਾਵਨਾਵਾਂ ਨੂੰ ਆਪਣੇ ਵਿਚਾਰਾਂ ਰਾਹੀਂ ਪ੍ਰਕਟ ਕੀਤਾ।ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਤੇ ਡਾਂਸ ਰਾਹੀਂ ਕੀਤੀ ਗਈ।ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਤੇ ਮੁੱਖ ਮਹਿਮਾਨ ਕਰਨਵੀਰ ਸਿੰਘ ਢਿੱਲੋਂ ਵੱਲੋਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਸਤਿੰਦਰਪਾਲ ਸਿੰਘ ਪਦਉਨਤ ਹੋ ਕੇ ਬਣੇ ਹੌਲਦਾਰ, ਐੱਸ ਪੀ ਨੇ ਫੀਤੀਆਂ ਲਗਾ ਕੇ ਦਿੱਤੀ ਵਧਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੁਲਸ ਵਿਭਾਗ ਵਿੱਚ ਆਪਣੀਆਂ ਇਮਾਨਦਾਰ ਤੇ ਨਿਭਰਤਾਪੂਰਨ ਸੇਵਾਵਾਂ ਲਈ ਜਾਣੇ ਜਾਂਦੇ ਸਤਿੰਦਰਪਾਲ ਸਿੰਘ ਨੂੰ ਸਿਪਾਹੀ ਤੋਂ ਪਦਉਨਤ ਕਰਕੇ ਹੌਲਦਾਰ ਬਣਾਇਆ ਗਿਆ ਹੈ।ਇਸ ਮੌਕੇ ਇੱਕ ਸਧਾਰਨ ਸਮਾਗਮ ਦੌਰਾਨ ਐੱਸ ਪੀ ਹੈੱਡ ਕੁਆਰਟਰ ਸੰਦੀਪ ਮੰਡ ਤੇ ਜਸਵਿੰਦਰ ਸਿੰਘ ਵੱਲੋਂ ਉਨ੍ਹਾਂ ਦੇ ਮੋਢਿਆਂ 'ਤੇ ਤਰੱਕੀ ਦੀਆਂ ਫੀਤੀਆਂ ਲਗਾਈਆਂ ਗਈਆਂ ਅਤੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ ਗਈ।ਸਮਾਗਮ ਦੌਰਾਨ ਸੰਦੀਪ ਮੰਡ ਨੇ ਕਿਹਾ ਕਿ ਸਤਿੰਦਰਪਾਲ ਸਿੰਘ ਲੰਮੇ ਸਮੇਂ ਤੋਂ ਐੱਸ.ਐੱਸ.ਪੀ. ਦਫਤਰ ਵਿੱਚ ਅਕਾਊਂਟ ਬ੍ਰਾਂਚ ਵਿੱਚ ਤਾਇਨਾਤ ਰਹਿ ਕੇ ਬਹੁਤ ਹੀ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ।ਉਨ੍ਹਾਂ ਦੀ ਲਗਨ, ਮਿਹਨਤ ਤੇ ਸਾਫ-ਸੁਥਰੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਹੀ ਵਿਭਾਗ ਵੱਲੋਂ ਉਨ੍ਹਾਂ ਨੂੰ ਇਹ ਤਰੱਕੀ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਵਿਚ ਇਸ ਤਰ੍ਹਾਂ ਦੀਆਂ ਤਰੱਕੀਆਂ ਹੋਰ ਕਰਮਚਾਰੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੀਆਂ ਹਨ ਤੇ ਇਹ ਸੰਦੇਸ਼ ਦਿੰਦੀਆਂ ਹਨ ਕਿ ਇਮਾਨਦਾਰੀ ਤੇ ਮਿਹਨਤ ਦਾ ਫਲ ਜ਼ਰੂਰ ਮਿਲਦਾ ਹੈ।ਤਰੱਕੀ ਮਿਲਣ ਉਪਰੰਤ ਹੌਲਦਾਰ ਸਤਿੰਦਰਪਾਲ ਸਿੰਘ ਨੇ ਉੱਚ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਅੱਗੇ ਵੀ ਹੋਰ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣਗੇ ਤੇ ਵਿਭਾਗ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਨਗੇ।ਇਸ ਮੌਕੇ ਦਫਤਰ ਦੇ ਹੋਰ ਕਰਮਚਾਰੀਆਂ ਵੱਲੋਂ ਵੀ ਜਸਵਿੰਦਰ ਸਿੰਘ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਦੀ ਤਰੱਕੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਸਭ ਨੇ ਉਮੀਦ ਜਤਾਈ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਵੀ ਇਸੇ ਤਰ੍ਹਾਂ ਇਮਾਨਦਾਰੀ ਤੇ ਨਿਭਰਤਾਪੂਰਵਕ ਨਿਭਾਉਂਦੇ ਰਹਿਣਗੇ।

## ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦਾ ਨਤੀਜਾ 100 ਫੀਸਦੀ ਰਿਹਾ



**ਬਠਿੰਡਾ (ਰਾਜੀਵ ਗੋਇਲ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਸਲਾਨਾ ਨਤੀਜੇ ਵਿੱਚੋਂ ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦਾ ਨਤੀਜਾ 100 ਫੀਸਦੀ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਨੇ ਦੱਸਿਆ ਕਿ ਜਮਾਤ ਦੇ ਸਾਰੇ ਬੱਚਿਆਂ ਨੇ ਬਹੁਤ ਵਧੀਆ ਅੰਕ ਲੈ ਕੇ ਆਪਣੀ ਕਾਬਲੀਅਤ ਨੂੰ ਦਰਸਾਇਆ ਹੈ। ਉਹਨਾਂ ਦੱਸਿਆ ਕਿ ਬੱਚਿਆਂ ਨੇ ਅੰਗਰੇਜ਼ੀ ਮਾਧਿਅਮ ਦੇ ਰਾਹੀਂ ਸਾਰੇ ਵਿਸ਼ਿਆਂ ਵਿਚੋਂ ਵਧੀਆ ਅੰਕ ਪ੍ਰਾਪਤ ਕੀਤੇ ਹਨ। ਜਿਸ ਵਿਚ ਇੰਦਰਜੀਤ ਕੌਰ ਨੇ ਪੰਜਾਬੀ ਅਤੇ ਸਾਇੰਸ ਵਿਸ਼ੇ ਵਿਚੋਂ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਮਾਣ ਪ੍ਰਾਪਤ ਕੀਤਾ ਹੈ। ਜਸਮੀਤ ਕੌਰ ਪੁੱਤਰੀ ਬਖਸ਼ੀਸ਼ ਸਿੰਘ, ਇੰਦਰਜੀਤ ਕੌਰ ਪੁੱਤਰੀ ਸੁਖਮੰਦਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਨਵਜੋਤ ਕੌਰ ਪੁੱਤਰੀ ਲਖਵੀਰ ਸਿੰਘ, ਜਸਮੀਤ ਸਿੰਘ ਪੁੱਤਰ ਗੁਰਮੇਲ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਪਪਨਪ੍ਰੀਤ ਕੌਰ ਪੁੱਤਰੀ ਕੇਵਲ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਪ੍ਰੀਖਿਆ ਦੀ ਸਫਲਤਾ ਬੱਚਿਆਂ ਦੀ ਅਣਥੱਕ ਮਿਹਨਤ ਅਤੇ ਸਮੂਹ ਸਟਾਫ਼ ਦੇ ਯਤਨਾਂ ਦਾ ਨਤੀਜਾ ਹੈ। ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਪੁਲਸ ਪ੍ਰਸ਼ਾਸਨ ਸੁਰੱਖਿਆ ਪ੍ਰਬੰਧ ਮਜ਼ਬੂਤ ਕਰੇ : ਗੁਪਤਾ, ਗਰਗ



**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਪ੍ਰਦੇਸ਼ ਰਿਟੇਲ ਐਂਡ ਹੋਲਸੇਲ ਕਰਿਆਨਾ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਮੋਦ ਗੁਪਤਾ ਧੂਰੀ ਅਤੇ ਧੂਰੀ ਇਕਾਈ ਦੇ ਖਜਾਨਚੀ ਸੰਜੀਵ ਗਰਗ ਨੇ ਸ਼ਹਿਰ 'ਚ ਉਪਰੋਥਲੀ ਵਾਪਰ ਰਹੀਆਂ ਚੋਰੀ ਦੀਆਂ ਵਾਰਦਾਤਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਪੁਲਿਸ ਪ੍ਰਸ਼ਾਸਨ ਤੋਂ ਸ਼ਹਿਰ ਅੰਦਰ ਸੁਰੱਖਿਆ ਪ੍ਰਬੰਧ ਮਜਬੂਤ ਕਰਨ ਦੀ ਮੰਗ ਕੀਤੀ।ਵਪਾਰੀ ਆਗੂਆਂ ਨੇ ਜਿਲ੍ਹਾ ਪੁਲਿਸ ਮੁਖੀ ਸੰਗਰੂਰ ਸਰਤਾਜ ਸਿੰਘ ਚਾਹਲ ਨੂੰ ਸੌਂਪੇ ਮੰਗ ਪੱਤਰ 'ਚ ਕਿਹਾ ਕਿ ਪਿਛਲੇ ਦਿਨਾਂ 'ਚ ਸ਼ਹਿਰ ਦੇ ਰਿਹਾਇਸ਼ੀ ਖੇਤਰ ਅਤੇ ਦੁਕਾਨਾਂ 'ਤੇ ਲਗਾਤਾਰ ਵਾਪਰੀਆਂ ਚੋਰੀ ਦੀ ਵਾਰਦਾਤਾਂ ਕਾਰਨ ਆਮ ਲੋਕਾਂ ਅਤੇ ਵਪਾਰੀਆਂ 'ਚ ਸਹਿਮ ਵਾਲਾ ਮਾਹੌਲ ਹੈ।ਉਨ੍ਹਾਂ ਮੰਗ ਪੱਤਰ ਰਾਹੀਂ ਪੁਲਿਸ ਪ੍ਰਸ਼ਾਸਨ ਤੋਂ ਸ਼ਹਿਰ ਦੇ ਸੰਵੇਦਨਸ਼ੀਲ ਤੇ ਵਪਾਰਕ ਇਲਾਕਿਆਂ 'ਚ ਰਾਤ ਸਮੇਂ ਗਸ਼ਤ ਵਧਾਉਣ, ਵਿਸ਼ੇਸ਼ ਨਾਕਾਬੰਦੀ ਕਰਨ ਦੇ ਨਾਲ ਨਾਲ ਸੁਰੱਖਿਆ ਪ੍ਰਬੰਧ ਮਜਬੂਤ ਕਰਨ ਦੀ ਮੰਗ ਕੀਤੀ ਤਾਂ ਕਿ ਆਮ ਲੋਕ ਤੇ ਵਪਾਰੀ ਵਰਗ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ ਅਤੇ ਪੁਲਿਸ ਪ੍ਰਸ਼ਾਸਨ ਪ੍ਰਤੀ ਵਿਸ਼ਵਾਸ ਦੀ ਭਾਵਨਾ ਮਜਬੂਤ ਹੋ ਸਕੇ।

## ਹਰ ਸੰਘਰਸ਼ ਨੂੰ ਪੂਰੀ ਤਨਦੇਹੀ ਨਾਲ ਲੜਿਆ ਜਾਵੇਗਾ : ਇੰਜ. ਚੰਨਣਵਾਲ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਾਂਝੀ ਸੰਘਰਸ਼ ਕਮੇਟੀ ਸਬ ਡਿਵੀਜ਼ਨ ਮਹਿਲ ਕਲਾਂ ਦੀਆਂ ਸਮੂਹ ਜਥੇਬੰਦੀਆਂ ਵੱਲੋ ਇੰਜ: ਜਸਵਿੰਦਰ ਸਿੰਘ ਚੰਨਣਵਾਲ ਦੀ ਅਗਵਾਈ 'ਚ ਐਸ ਡੀ ਓ ਪਾਵਰਕਾਮ ਮਹਿਲ ਕਲਾਂ ਨੂੰ ਜੁਆਇੰਟ ਫੋਰਮ ਪੰਜਾਬ ਅਤੇ ਏਕਤਾ ਮੰਚ ਪੰਜਾਬ ਵੱਲੋ ਉਲੀਕੇ ਸੰਘਰਸ਼ ਪ੍ਰੋਗਰਾਮ 25 ਅਪ੍ਰੈਲ ਤੱਕ ਵਰਕ ਟੂ ਰੂਲ ਲਾਗੂ ਕਰਨ ਦਾ ਨੋਟਿਸ ਦਿੱਤਾ ਗਿਆ।ਸਾਥੀ ਚੰਨਣਵਾਲ ਨੇ ਦੱਸਿਆ ਕਿ ਮਹਿਲ ਕਲਾਂ ਦੇ ਬਿਜਲੀ ਕਾਮੇ ਪੂਰੀ ਤਨਦੇਹੀ ਨਾਲ ਵਰਕ ਟੂ ਰੂਲ ਲਾਗੂ ਕਰ ਰਹੇ ਹਨ।ਐਮ ਐਸ ਯੂ ਆਗੂ ਅਮਰਿੰਦਰ ਸਿੰਘ ਵੜੈਚ ਨੇ ਦੱਸਿਆ ਕਿ ਪਾਵਰਕਾਮ ਦੀ ਮਨੈਜਮੈਂਟ ਵੱਲੋ ਬਿਜਲੀ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਤੋ ਪਾਸਾ ਵੱਟਣ ਦੇ ਵਿਰੋਧ 'ਚ, ਸਮੁੱਚੇ ਪੰਜਾਬ ਅੰਦਰ ਬਿਜਲੀ ਮੁਲਾਜ਼ਮ ਆਪਣੀ ਬਣਦੀ ਡਿਊਟੀ ਅੱਠ ਘੰਟੇ ਵਰਕ ਟੂ ਰੂਲ ਅਨੁਸਾਰ ਹੀ ਕਰ ਰਹੇ ਹਨ, ਇਸ ਤੋ ਇਲਾਵਾ ਕੋਈ ਵਾਧੂ ਕੰਮ ਨਹੀਂ ਕਰਨਗੇ।ਇਸ ਸਮੇ ਏ ਜੇ ਓ ਦੇ ਆਗੂ ਇੰਜ ਬਿਕਰਮਜੀਤ ਸਿੰਘ ਮੋਹਿਲ , ਟੀ ਐਸ ਯੂ ਸਰਕਲ ਬਰਨਾਲਾ ਦੇ ਸਕੱਤਰ ਕੁਲਵੀਰ ਸਿੰਘ ਔਲਖ, ਗਗਨਦੀਪ ਸਿੰਘ ਛੀਨੀਵਾਲ, ਸੁਖਵਿੰਦਰ ਸਿੰਘ ਚੁਹਾਨਕੇ, ਕਿਰਨਜੀਤ ਸਿੰਘ ਸੰਘੇੜਾ ਆਦਿ ਹਾਜ਼ਰ ਸਨ ।

## ਨੌਜਵਾਨ ਦਾ ਨਜਾਇਜ਼ ਸੰਬੰਧਾਂ ਦੇ ਸ਼ੱਕ 'ਚ ਕਤਲ, ਤਿੰਨ ਗ੍ਰਿਫ਼ਤਾਰ



**ਮਾਨਸਾ (ਆਤਮਾ ਸਿੰਘ ਪਮਾਰ)**-ਇੱਕ ਵਿਆਹੁਤਾ ਔਰਤ ਨਾਲ ਕਥਿਤ ਨਜਾਇਜ਼ ਸਬੰਧ ਹੋਣ ਦੇ ਸ਼ੱਕ 'ਚ ਲੋਕਾਂ ਦੇ ਇੱਕ ਸਮੂਹ ਨੇ ਇੱਕ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।ਨੌਜਵਾਨ ਨੂੰ ਕੁੱਝ ਦਿਨ ਪਹਿਲਾਂ ਕੁੱਟਿਆ ਗਿਆ ਸੀ ਤੇ ਫਿਰ ਉਸ ਨੂੰ ਮਾਨਸਾ ਹਸਪਤਾਲ ਤੋਂ ਏਮਜ਼, ਬਠਿੰਡਾ ਤਬਦੀਲ ਕਰ ਦਿੱਤਾ ਗਿਆ ਸੀ, ਜਿੱਥੇ ਪਿਛਲੇ ਦਿਨੀਂ ਉਸ ਦੀ ਮੌਤ ਹੋ ਗਈ ਸੀ।ਮਾਨਸਾ ਸਿਟੀ-1 ਪੁਲਸ ਸਟੇਸ਼ਨ ਦੀ ਪੁਲਸ ਨੇ ਸ਼ੁਰੂ 'ਚ ਹਮਲੇ ਵਜੋਂ ਦਰਜ ਕੀਤੇ ਗਏ ਮਾਮਲੇ ਨੂੰ ਕਤਲ ਦੇ ਮਾਮਲੇ 'ਚ ਅਪਗ੍ਰੇਡ ਕਰ ਦਿੱਤਾ ਹੈ।ਦੋ ਔਰਤਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਜਾਣਕਾਰੀ ਅਨੁਸਾਰ ਖੋਖਰ ਰੋਡ ਦੇ ਰਹਿਣ ਵਾਲੇ 20 ਸਾਲਾ ਜਸ਼ਨਦੀਪ ਸਿੰਘ 'ਤੇ ਮੂਸਾ ਚੁੰਗੀ ਵਿਖੇ ਕੁੱਝ ਲੋਕਾਂ ਨੇ ਹਮਲਾ ਕੀਤਾ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ।ਉਸ ਨੂੰ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿੱਥੋਂ ਉਸ ਨੂੰ ਏਮਜ਼ ਬਠਿੰਡਾ ਰੈਫਰ ਕਰ ਦਿੱਤਾ ਗਿਆ।ਏਮਜ਼ 'ਚ ਇਲਾਜ ਅਧੀਨ ਜਸ਼ਨਦੀਪ ਦੀ ਸੋਮਵਾਰ ਨੂੰ ਮੌਤ ਹੋ ਗਈ।ਸਿਟੀ-1 ਪੁਲਸ ਸਟੇਸ਼ਨ ਦੇ ਮੁਖੀ ਸੁਖਜੀਤ ਸਿੰਘ ਨੇ ਕਿਹਾ ਕਿ ਗੁਲਾਬ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਜਸ਼ਨਦੀਪ 'ਤੇ ਉਸ ਦੀ ਪਤਨੀ ਨਾਲ ਕਥਿਤ ਨਜਾਇਜ਼ ਸਬੰਧ ਹੋਣ ਦਾ ਸ਼ੱਕ ਸੀ ਤੇ ਉਸ 'ਤੇ ਹਮਲਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਮਾਮਲਾ ਪਹਿਲਾਂ ਹਮਲੇ ਵਜੋਂ ਦਰਜ ਕੀਤਾ ਗਿਆ ਸੀ, ਪਰ ਹੁਣ ਜਸ਼ਨਦੀਪ ਸਿੰਘ ਦੀ ਮੌਤ ਹੋ ਚੁੱਕੀ ਹੈ।ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ 'ਤੇ ਪੁਲਸ ਨੇ ਗੁਲਾਬ ਸਿੰਘ, ਲਵਪ੍ਰੀਤ ਸਿੰਘ, ਉਸ ਦੀ ਮਾਂ ਸੋਨਾ, ਜਸਕਰਨ ਸਿੰਘ, ਉਸ ਦੀ ਪਤਨੀ ਗੁਰਮੀਤ ਕੌਰ ਵਾਸੀ ਮਾਨਸਾ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਹੈ ਤੇ ਗੁਲਾਬ ਸਿੰਘ, ਲਵਪ੍ਰੀਤ ਸਿੰਘ ਤੇ ਜਸਕਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਥਾਣਾ ਮੁਖੀ ਨੇ ਕਿਹਾ ਕਿ ਬਾਕੀ ਮੁਲਜ਼ਮਾਂ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਆਕਸਫੋਰਡ ਸਕੂਲ ਦਾ ਨਤੀਜਾ ਸ਼ਾਨਦਾਰ



**ਬਠਿੰਡਾ (ਰਾਜੀਵ ਗੋਇਲ)**

'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ' ਭਗਤਾ ਭਾਈ ਕਾ ਇਲਾਕੇ ਦੀ ਇੱਕ ਅਜਿਹੀ ਨਾਮਵਰ ਵਿੱਦਿਅਕ ਸੰਸਥਾ ਹੈ, ਜਿਸ ਦੇ ਵਿਦਿਆਰਥੀ ਆਏ ਦਿਨ ਬੁਲੰਦੀਆਂ ਨੂੰ ਛੂਹਣ ਵਾਲੀਆਂ ਪ੍ਰਾਪਤੀਆਂ ਕਰਦੇ ਹਨ। ਇਸ ਸੰਸਥਾ ਦੇ ਵਿਦਿਆਰਥੀਆਂ ਨੇ ਇਸ ਵਾਰ ਵੀ ਦਸਵੀਂ ਜਮਾਤ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਦੇ ਹੋਏ ਪਿਛਲੇ ਸਾਲਾਂ ਦੇ ਰਿਕਾਰਡ ਨੂੰ ਮਾਤ ਪਾ ਦਿੱਤੀ ਹੈ। ਸਕੂਲ ਅਨੁਸਾਰ ਇਸ ਸਾਲ ਦਸਵੀਂ ਜਮਾਤ ਦੇ 154 ਵਿਦਿਆਰਥੀਆਂ ਨੇ 100% ਨਤੀਜਾ ਦਿੱਤਾ ਹੈ। ਇਸ ਪ੍ਰੀਖਿਆ ਵਿੱਚੋਂ ਹੋਣਹਾਰ ਵਿਦਿਆਰਥਣ ਜਸਮੀਨ ਕੌਰ ਪੁੱਤਰੀ ਸੁਖਚੈਨ ਸਿੰਘ ਵਾਸੀ ਜੀਦਾ ਨੇ 98.40% ਅੰਕ ਪ੍ਰਾਪਤ ਕਰਕੇ ਪਹਿਲਾ, ਹਰਿਤੀ ਸਿੰਗਲਾ ਪੁੱਤਰੀ ਨਵੀਨ ਕੁਮਾਰ ਵਾਸੀ ਭਗਤਾ ਭਾਈ ਕਾ ਅਤੇ ਮਨਵੀਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਮੱਲਾ ਨੇ 98% ਅੰਕ ਪ੍ਰਾਪਤ ਕਰਕੇ ਦੂਜਾ, ਅਭਿਨੂਰ ਕੌਰ ਪੁੱਤਰੀ ਬਲਵੰਤ ਸਿੰਘ ਵਾਸੀ ਕੋਠੇ ਮਹਿਲਰ ਫਤਹਿਗੜ੍ਹ ਨੇ 97.60% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕਰਦੇ ਸੰਸਥਾ ਦਾ ਨਾਮ ਚਮਕਾਇਆ ਹੈ। 9 ਵਿਦਿਆਰਥੀਆਂ ਨੇ 95% ਤੋਂ ਉਪਰ ਅੰਕ ਪ੍ਰਾਪਤ ਕੀਤੇ। ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਦੱਸਿਆ ਕਿ ਦਸਵੀਂ ਜਮਾਤ ਦੇ 154 ਵਿਦਿਆਰਥੀਆਂ 'ਚੋਂ 87 ਵਿਦਿਆਰਥੀਆਂ ਨੇ ਪੰਜਾਬੀ, 28 ਵਿਦਿਆਰਥੀਆਂ ਨੇ ਸੋਸ਼ਲ ਸਾਇੰਸ, 21 ਵਿਦਿਆਰਥੀਆਂ ਨੇ ਅੰਗਰੇਜ਼ੀ, 18 ਵਿਦਿਆਰਥੀਆਂ ਨੇ ਸਾਇੰਸ, 11 ਵਿਦਿਆਰਥੀਆਂ ਨੇ ਗਣਿਤ, 32 ਵਿਦਿਆਰਥੀਆਂ ਨੇ ਆਈ. ਟੀ. ਅਤੇ 10 ਵਿਦਿਆਰਥੀਆਂ ਨੇ ਹਿੰਦੀ ਦੇ ਵਿਸ਼ੇ ਵਿੱਚੋਂ 90% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਆਪਣੇ ਅਧਿਆਪਕਾਂ, ਮਾਪਿਆਂ ਅਤੇ ਸੰਸਥਾ ਦਾ ਨਾਮ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਦੀ ਰਿਕਾਰਡ ਤੋੜ ਸਫ਼ਲਤਾ ਪ੍ਰਾਪਤ ਕਰਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਬਾਕੀ ਵਿਦਿਆਰਥੀਆਂ ਨੂੰ ਵੀ ਇਸੇ ਤਰ੍ਹਾਂ ਸਖ਼ਤ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਸ. ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ ਸੋਢੀ (ਜਨਰਲ ਸਕੱਤਰ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਪ੍ਰਿੰਸੀਪਲ ਸਾਹਿਬ, ਕੋਆਰਡੀਨੇਟਰਜ਼ ਅਤੇ ਸਮੂਹ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।

## ਯੂ ਪੀ ਤੇ ਹਰਿਆਣਾ 'ਚ ਮਜ਼ਦੂਰਾਂ 'ਤੇ ਜਬਰ ਦੀ ਜਨਤਕ ਜਥੇਬੰਦੀਆਂ ਵੱਲੋਂ ਸਖ਼ਤ ਨਿੰਦਾ

### *ਮਜ਼ਦੂਰਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ*

**ਲੁਧਿਆਣਾ (ਸਤੀਸ਼ ਸਚਦੇਵਾ)**-ਲੁਧਿਆਣਾ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ, ਜਿਨ੍ਹਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਇਨਕਲਾਬੀ ਮਜ਼ਦੂਰ ਕੇਂਦਰ, ਤਰਕਸ਼ੀਲ ਸੁਸਾਇਟੀ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਸ਼ਾਮਲ ਹਨ, ਨੇ ਯੂ ਪੀ ਤੇ ਹਰਿਆਣਾ ਦੇ ਮਜ਼ਦੂਰਾਂ ਦੀ ਕੀਤੀ ਜਾਂਦੀ ਲੁੱਟ-ਖਸੁੱਟ ਤੇ ਪੁਲਸ ਜਬਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਜਥੇਬੰਦੀਆਂ ਦੇ ਆਗੂਆਂ ਜਸਵੰਤ ਜ਼ੀਰਖ, ਡਾ. ਹਰਬੰਸ ਗਰੇਵਾਲ, ਅਜਮੇਰ ਦਾਖਾ, ਕਾਮਰੇਡ ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਮਜ਼ਦੂਰਾਂ ਦੇ ਕੰਮ ਦੀਆਂ ਅਣ-ਮਨੁੱਖੀ ਕੰਮ ਹਾਲਤਾਂ ਤੇ ਘੱਟ ਤਨਖਾਹਾਂ ਵਿਰੁੱਧ ਮਜ਼ਦੂਰਾਂ ਅੰਦਰ ਲੰਮੇ ਸਮੇਂ ਤੋਂ ਪਨਪ ਰਹੀ ਬੇਚੈਨੀ ਸੰਘਰਸ਼ ਦੇ ਰੂਪ ਵਿੱਚ ਸਾਹਮਣੇ ਆਈ ਹੈ।ਉੱਤਰ ਪ੍ਰਦੇਸ਼ ਤੇ ਹਰਿਆਣਾ ਦੇ ਸ਼ਹਿਰਾਂ ਨੋਇਡਾ, ਮਾਨੇਸਰ, ਫਰੀਦਾਬਾਦ ਤੇ ਗੁੜਗਾਓਂ ਵਿੱਚ ਉਜਰਤਾਂ ਵਿੱਚ ਵਾਧੇ ਲਈ ਸੰਘਰਸ਼ ਕਰ ਰਹੇ ਮਜ਼ਦੂਰਾਂ ਦੀ ਹਾਲਤ ਸੁਧਾਰਨ ਦੀਆਂ ਮੰਗਾਂ ਮੰਨਣ ਦੀ ਥਾਂ ਸਰਕਾਰਾਂ ਵੱਲੋਂ ਜਬਰ ਦਾ ਰਾਹ ਫੜਿਆ ਗਿਆ।ਭਾਜਪਾ ਦੀ ਮਨੂੰਵਾਦੀ ਸਰਕਾਰ ਆਪਣੀ ਖ਼ਸਲਤ ਅਨੁਸਾਰ ਮਜ਼ਦੂਰਾਂ ਦੀਆਂ ਹੜਤਾਲਾਂ ਨੂੰ ਕੁਚਲਣ ਲਈ ਅੰਨ੍ਹੇ ਜਬਰ ਦੇ ਰਾਹ ਪੈ ਤੁਰੀ ਹੈ।ਇਹ ਹਮੇਸ਼ਾ ਹੀ ਮਜ਼ਦੂਰਾਂ ਉੱਪਰ ਜਬਰ ਢਾਹ ਕੇ ਪੂੰਜੀਪਤੀਆਂ ਦੀਆਂ ਤਿਜੋਰੀਆਂ ਮਾਲੋ ਮਾਲ ਕਰਨ ਨੂੰ ਤਰਜੀਹ ਦੇ ਰਹੀ ਹੈ।ਸਰਕਾਰ ਵੱਲੋਂ ਆਮ ਲੋਕਾਂ ਵਿੱਚ ਸੰਘਰਸ਼ ਪ੍ਰਤੀ ਸ਼ੰਕੇ ਖੜ੍ਹੇ ਕਰਨ ਲਈ ਇਹ ਜ਼ਹਿਰੀਲਾ ਬਿਰਤਾਂਤ ਸਿਰਜਿਆ ਗਿਆ ਹੈ ਕਿ ਇਨ੍ਹਾਂ ਹੜਤਾਲਾਂ ਪਿੱਛੇ ਨਕਸਲੀਆਂ ਤੇ ਪਾਕਿਸਤਾਨ ਦੀ ਆਈ ਐੱਸ ਆਈ ਦਾ ਹੱਥ ਹੈ।ਇਨ੍ਹਾਂ ਸ਼ਹਿਰਾਂ ਵਿਚ ਵੱਡੇ ਪੱਧਰ 'ਤੇ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਕੇ ਤੇ ਜੇਲ੍ਹਾਂ ਵਿਚ ਡੱਕ ਕੇ ਸੱਤਾ ਦਾ ਖ਼ੌਫ਼ ਪੈਦਾ ਕੀਤਾ ਜਾ ਰਿਹਾ ਹੈ।ਇਸੇ ਦੌਰਾਨ ਨੋਇਡਾ ਵਿੱਚ ਕਵੀ ਤਨੁਜ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਹੈ।ਇਸ ਹਕੂਮਤੀ ਦਹਿਸ਼ਤਵਾਦ ਵਿਰੁੱਧ ਸਾਰੀਆਂ ਹੀ ਜਮਹੂਰੀ, ਇਨਸਾਫ਼ਪਸੰਦ ਤਾਕਤਾਂ, ਲੇਖਕਾਂ-ਕਵੀਆਂ, ਕਲਾਕਾਰਾਂ, ਪੱਤਰਕਾਰਾਂ, ਵਕੀਲਾਂ ਆਦਿ ਨੂੰ ਡੱਟ ਕੇ ਆਵਾਜ਼ ਉਠਾਉਣ ਲਈ ਅੱਗੇ ਆਉਣਾ ਚਾਹੀਦਾ ਹੈ।ਆਗੂਆਂ ਨੇ ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਆਵਾਜ਼ ਉਠਾਉਂਦਿਆਂ ਨੋਇਡਾ, ਮਾਨੇਸਰ, ਫਰੀਦਾਬਾਦ ਤੇ ਗੁੜਗਾਓਂ ਵਿੱਚ ਗ੍ਰਿਫ਼ਤਾਰ ਕੀਤੇ ਕਾਰਕੁਨਾਂ ਤੇ ਮਜ਼ਦੂਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕਰਨ, ਉਜਰਤਾਂ ਵਿੱਚ ਮਾਮੂਲੀ ਵਾਧਾ ਕਰਨ ਦਾ ਐਲਾਨ ਕਰਕੇ ਮਜ਼ਦੂਰਾਂ ਦੇ ਗੁੱਸੇ ਨੂੰ ਠੰਡਾ ਕਰਨ ਦੀਆਂ ਚਾਲਾਂ ਬੰਦ ਕਰਨ, ਮਜ਼ਦੂਰ ਸੰਘਰਸ਼ਾਂ ਉੱਪਰ ਜਬਰ ਬੰਦ ਕਰਨ ਤੇ ਉਨ੍ਹਾਂ ਦੇ ਕੰਮ ਦੀਆਂ ਸਖ਼ਤ ਹਾਲਤਾਂ ਅਨੁਸਾਰ ਉਜਰਤਾਂ ਵਿੱਚ ਵਾਧਾ ਕਰਨ ਤੇ ਮਨੁੱਖੀ ਨਿਯਮਾਂ ਅਨੁਸਾਰ ਹਾਲਾਤਾਂ ਸੁਧਾਰੇ ਜਾਣ ਲਈ ਆਵਾਜ਼ ਉਠਾ ਕੇ ਮਜ਼ਦੂਰਾਂ ਦੀਆਂ ਮੰਗਾਂ ਮਨਵਾਉਣ ਦੀ ਹਮਾਇਤ ਦਾ ਸੱਦਾ ਦਿੱਤਾ ਹੈ।

## ਮਹਿਲ ਕਲਾਂ ਦੀ ਨੂੰਹ ਡਾ. ਪ੍ਰਵੀਨ ਕੌਰ ਟਿਵਾਣਾ ਨੇ ਪੀ ਐੱਚ ਡੀ ਕਰਕੇ ਰਚਿਆ ਇਤਿਹਾਸ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਸਬਾ ਮਹਿਲ ਕਲਾਂ ਦੇ ਜੰਮਪਲ ਅਤੇ ਪ੍ਰਸਿੱਧ ਗੀਤਕਾਰ ਮਨਪ੍ਰੀਤ ਟਿਵਾਣਾ ਦੀ ਧਰਮਪਤਨੀ ਪ੍ਰਵੀਨ ਕੌਰ ਟਿਵਾਣਾ ਨੇ ਪੰਜਾਬੀ ਵਿਸ਼ੇ ਵਿੱਚ ਡਾਕਟਰੇਟ (ਪੀਐੱਚ.ਡੀ.) ਦੀ ਡਿਗਰੀ ਹਾਸਲ ਕਰਕੇ ਨਾਂਅ ਰੌਸ਼ਨ ਕਰ ਦਿੱਤਾ।ਵਿਸ਼ੇਸ਼ ਜ਼ਿਕਰਯੋਗ ਅਤੇ ਮਾਣ ਵਾਲੀ ਗੱਲ ਇਹ ਹੈ ਕਿ ਡਾ. ਪ੍ਰਵੀਨ ਕੌਰ ਟਿਵਾਣਾ ਮਹਿਲ ਕਲਾਂ ਦੇ ਇਤਿਹਾਸ ਵਿੱਚ ਪਹਿਲੀ ਅਜਿਹੀ ਔਰਤ ਬਣ ਗਏ ਹਨ, ਜਿੰਨ੍ਹਾਂ ਨੇ ਵਿਦਿਆ ਦੇ ਖੇਤਰ ਵਿੱਚ ਇਸ ਸਰਵਉੱਚ ਮੁਕਾਮ ਨੂੰ ਹਾਸਲ ਕੀਤਾ ਹੈ।ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸਾਹਿਤ ਅਕਾਦਮੀ ਪੁਰਸਕ੍ਰਿਤ ਪੰਜਾਬੀ ਨਾਰੀ-ਕਾਵਿ ਦਾ ਚਿਹਨ-ਵਿਗਿਆਨਕ ਅਧਿਐਨ ਵਿਸ਼ੇ 'ਤੇ ਆਪਣਾ ਖੋਜ ਕਾਰਜ ਨਿਗਰਾਨ ਡਾ. ਸਤਪ੍ਰੀਤ ਸਿੰਘ ਜੱਸਲ ਦੀ ਰਹਿਨੁਮਾਈ ਹੇਠ ਮੁਕੰਮਲ ਕੀਤਾ, ਜਿਸ ਵਿੱਚ ਡਾ. ਸਤਨਾਮ ਸਿੰਘ ਜੱਸਲ, ਡਾ. ਗੁਰਸੇਵਕ ਲੰਬੀ ਤੇ ਕਈ ਹੋਰ ਸਖਸ਼ੀਅਤਾਂ ਦਾ ਵੀ ਅਹਿਮ ਸਹਿਯੋਗ ਰਿਹਾ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਵਿਸ਼ੇਸ਼ ਸਮਾਗਮ ਦੌਰਾਨ ਉਨ੍ਹਾਂ ਨੂੰ ਇਹ ਡਿਗਰੀ ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਚਾਂਸਲਰ ਗੁਲਾਬ ਚੰਦ ਕਟਾਰੀਆ ਅਤੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਵੱਲੋਂ ਪ੍ਰਦਾਨ ਕੀਤੀ ਗਈ। ਆਪਣੀ ਇਸ ਸਫ਼ਲਤਾ ਬਾਰੇ ਗੱਲ ਕਰਦਿਆਂ ਡਾ. ਪ੍ਰਵੀਨ ਕੌਰ ਟਿਵਾਣਾ ਨੇ ਦੱਸਿਆ ਕਿ ਵਿਦਿਆ ਦੇ ਇਸ ਉੱਚੇ ਮੁਕਾਮ ਨੂੰ ਹਾਸਲ ਕਰਨ ਵਿੱਚ ਉਨ੍ਹਾਂ ਦੇ ਸਮੁੱਚੇ ਸਹੁਰੇ ਪਰਿਵਾਰ ਦਾ ਵਿਸ਼ੇਸ਼ ਅਤੇ ਨਿਰੰਤਰ ਸਹਿਯੋਗ ਰਿਹਾ ਹੈ, ਜਿੰਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਉਹ ਆਪਣੀ ਪੜ੍ਹਾਈ ਨੂੰ ਜਾਰੀ ਰੱਖ ਸਕੇ। ਡਾ. ਪ੍ਰਵੀਨ ਕੌਰ ਟਿਵਾਣਾ ਨੇ ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਫਿਲ ਕੀਤੀ ਅਤੇ ਯੂ.ਜੀ.ਸੀ. ਨੈੱਟ ਸਮੇਤ ਟੀ ਈ ਟੀ ਦੀਆਂ ਪ੍ਰੀਖਿਆਵਾਂ ਪਾਸ ਕਰਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ।ਵਰਤਮਾਨ ਵਿੱਚ ਉਹ ਆਪਣੇ ਪਰਿਵਾਰ ਸਮੇਤ ਬਠਿੰਡਾ ਵਿਖੇ ਰਹਿ ਰਹੇ ਹਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੈ ਸਿੰਘ ਵਾਲਾ (ਬਠਿੰਡਾ) ਵਿਖੇ ਬਤੌਰ ਪੰਜਾਬੀ ਮਿਸਟ੍ਰੈਸ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ।

## ਨਸ਼ਾ ਸਪਲਾਈ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼, 8 ਗ੍ਰਿਫ਼ਤਾਰ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਚੱਲ ਰਹੀ ਮੁਹਿੰਮ ਤਹਿਤ ਖੰਨਾ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਨਸ਼ਾ ਸਪਲਾਈ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ।ਪੁਲਸ ਨੇ ਕਾਰਵਾਈ ਦੌਰਾਨ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 44 ਕਿਲੋਗ੍ਰਾਮ ਚੂਰਾ ਪੋਸਤ ਤੇ 4 ਕਿਲੋਗ੍ਰਾਮ ਅਫੀਮ ਬਰਾਮਦ ਕੀਤੀ ਹੈ।ਇਹ ਕਾਰਵਾਈ ਸੀਨੀਅਰ ਕਪਤਾਨ ਪੁਲਸ ਖੰਨਾ ਡਾ. ਦਰਪਨ ਅਹਲੂਵਾਲੀਆ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਪਤਾਨ ਪੁਲਸ (ਇੰਵੈਸਟਿਗੇਸ਼ਨ) ਪਵਨਜੀਤ ਸਿੰਘ ਦੀ ਅਗਵਾਈ ਹੇਠ ਡੀਐੱਸਪੀ ਮੋਹਿਤ ਕੁਮਾਰ ਸਿੰਗਲਾ, ਇੰਸਪੈਕਟਰ ਜਸਪ੍ਰੀਤ ਸਿੰਘ (ਇੰਚਾਰਜ 391) ਤੇ ਸਬ-ਇੰਸਪੈਕਟਰ ਸੁਖਦੀਪ ਸਿੰਘ (ਇੰਚਾਰਜ ਨਾਰਕੋਟਿਕ ਸੈੱਲ) ਸਮੇਤ ਪੁਲਸ ਟੀਮ ਨੇ ਸ਼ੱਕ ਦੇ ਆਧਾਰ 'ਤੇ ਇੱਕ ਟਰੈਕਟਰ-ਟਰਾਲੀ ਨੂੰ ਰੋਕ ਕੇ ਤਲਾਸ਼ੀ ਲਈ।ਤਲਾਸ਼ੀ ਦੌਰਾਨ ਟਰਾਲੀ ਵਿੱਚੋਂ ਵੱਡੀ ਮਾਤਰਾ ਵਿੱਚ ਨਸ਼ੀਲਾ ਸਾਮਾਨ ਬਰਾਮਦ ਹੋਇਆ।ਮੌਕੇ ਤੋਂ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਕਾਬੂ ਕਰ ਲਿਆ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਅਰਸ਼ਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ, ਗੁਰਵਿੰਦਰ ਸਿੰਘ, ਰੋਹਿਤ ਉਰਫ਼ ਆਰ. ਪੀ., ਬਲਵੰਤ ਸਿੰਘ ਉਰਫ਼ ਸਨੀ, ਕਰਨੈਲ ਸਿੰਘ ਤੇ ਅਮਰਜੀਤ ਸਿੰਘ ਵਜੋਂ ਹੋਈ ਹੈ।ਗ੍ਰਿਫ਼ਤਾਰ ਕੀਤੇ ਵਿਅਕਤੀਆਂ ਕੋਲੋਂ 04 ਕਿਲੋਗ੍ਰਾਮ ਅਫੀਮ ਤੇ 44 ਕਿੱਲੋ ਚੂਰਾ ਪੋਸਤ, 2 ਟਰੈਕਟਰ, 2 ਟਰਾਲੀਆਂ, 1 ਤੂੜੀ ਵਾਲਾ ਰੀਪਰ ਤੇ 1 ਸਕਾਰਪਿਓ ਕਾਰ ਬਰਾਮਦ ਕੀਤੀ ਗਈ। ਇਸ ਸਬੰਧੀ ਥਾਣਾ ਸਦਰ ਖੰਨਾ ਵਿੱਚ ਐੱਨ ਡੀ ਪੀ ਐੱਸ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ।ਪੁਲਸ ਵੱਲੋਂ ਮੁਲਜ਼ਮਾਂ ਪਾਸੋਂ ਡੂੰਘੀ ਪੁੱਛਗਿੱਛ ਜਾਰੀ ਹੈ ਤੇ ਹੋਰ ਮਹੱਤਵਪੂਰਨ ਖੁਲਾਸਿਆਂ ਦੀ ਉਮੀਦ ਹੈ।ਖੰਨਾ ਪੁਲਸ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਮੁਹਿੰਮ ਲਗਾਤਾਰ ਜਾਰੀ ਰਹੇਗੀ ਤੇ ਅਜਿਹੇ ਗਰੋਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।


CFM thoughtful regeneration

**ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ**

ਕਾਰਪੋਰੇਟ ਦਫਤਰ : ਪਹਿਲੀ ਮੰਜ਼ਲ, ਵੇਕਫੀਲਡ ਹਾਊਸ, ਸਪਰੌਟ ਰੋਡ, ਬੇਲਾਰਡ ਪੂਰਬੀ, ਮੁੰਬਈ-400038

**ਡਿਮਾਂਡ ਨੋਟਿਸ**

ਅਸੀਂ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਸੀ ਐੱਫ ਐੱਮ-ਏ ਆਰ ਸੀ) (ਅੰਮ੍ਰਿਤ ਮਾਲਵਾ ਕੈਪੀਟਲ-ਲਿਮਟਿਡ ਦਾ ਪ੍ਰਤੀਨਿਧੀ) ਕਾਰਪੋਰੇਟ ਦਫਤਰ ਪਹਿਲੀ ਮੰਜ਼ਲ, ਵੇਕਫੀਲਡ ਹਾਊਸ, ਸਪਰੌਟ ਰੋਡ, ਬੇਲਾਰਡ ਪੂਰਬੀ, ਮੁੰਬਈ-400038 ਸਕਿਉਰਡ ਕ੍ਰੈਡਿਟਰ ਦੀ ਹੈਸੀਅਤ ਵਜੋਂ ਉਕਤ ਐਕਟ ਦੇ ਸੈਕਸ਼ਨ 13 (2) ਅਧੀਨ ਇਸ ਦੁਆਰਾ ਫਿਰ ਤੋਂ ਨੋਟਿਸ ਜਾਰੀ ਕਰ ਰਹੇ ਹਾਂ।
ਜਦੋਂ ਕਿ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੇ ਹੇਠਾਂ ਦਰਸਾਏ ਅਨੁਸਾਰ ਅੰਮ੍ਰਿਤ ਮਾਲਵਾ ਕੈਪੀਟਲ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਰਕਮ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ।
ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੇਠਾਂ ਦਰਸਾਈਆਂ ਮਿਤੀਆਂ ਮੁਤਾਬਕ ਖਾਤੇ ਨਾਨ-ਪ੍ਰਫਾਰਮਿੰਗ ਐੱਸਟ ਵਜੋਂ ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਿੱਟੇ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ 2002 ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਅਨੁਸਾਰ ਸੀ ਐੱਫ ਐੱਮ-ਏ ਆਰ ਸੀ ਦੇ ਅਧਿਕਾਰਤ ਅਫਸਰ ਨੇ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਤਹਿਤ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਰਜ਼ਦਾਰ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੋਟਿਸ 'ਚ ਦਰਸਾਈ ਰਕਮ ਸਮੇਤ ਠੇਕਾ ਦਰ 'ਤੇ ਹੋਰ ਵਿਆਜ, ਲਾਗਤਾਂ, ਚਾਰਜਿਜ਼ ਅਤੇ ਅਚਨਚੇਤੀ ਖਰਚੇ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ, ਜੋ ਕਿ ਨੋਟਿਸ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਇਹ ਹੀ ਜਾਣਕਾਰੀ ਇਸ ਨੋਟਿਸ ਰਾਹੀਂ ਦਿੱਤੀ ਜਾ ਰਹੀ ਹੈ।

| ਕਰਜ਼ਦਾਰ/ਡਾਇਰੈਕਟਰ/ਰਹਿਣਕਾਰ/ਗਰੰਟਰ ਦਾ ਨਾਂਅ ਅਤੇ ਪਤਾ/ਕਰਜ਼ਾ ਖਾਤਾ ਨੰਬਰ | ਡਿਮਾਂਡ ਨੋਟਿਸ ਦੀ ਮਿਤੀ ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਕਮ | ਰਹਿਣ ਕੀਤੀ ਜਾਇਦਾਦ/ ਸਕਿਉਰਡ ਐੱਸਟਸ ਦਾ ਵੇਰਵਾ |
|---|---|---|---|
| 1. ਯਸ਼ਪਾਲ ਰੱਲ ਪੁੱਤਰ ਜਗਦੀਸ਼ ਕੁਮਾਰ (ਕਰਜ਼ਦਾਰ/ਰਹਿਣਕਾਰ)<br>2. ਜਗਦੀਸ਼ ਕੁਮਾਰ ਪੁੱਤਰ ਬੰਤਾ ਰਾਮ (ਸਹਿ-ਕਰਜ਼ਦਾਰ)<br>3. ਅਮਰਜੀਤ ਕੌਰ ਪਤਨੀ ਜਗਦੀਸ਼ ਕੁਮਾਰ (ਸਹਿ-ਕਰਜ਼ਦਾਰ)<br>4. ਨਿਤੀਸ਼ ਕੁਮਾਰ ਪੁੱਤਰ ਹਰਮੇਸ਼ ਕੁਮਾਰ (ਗਾਰੰਟਰ)<br>ਕਰਜ਼ਾ ਖਾਤਾ ਨੰਬਰ ਏਐੱਮਸੀ0044482 ਅਤੇ ਏਐੱਮਸੀ0044711 ਅਤੇ ਏਐੱਮਸੀ0049913<br>ਮਨਜ਼ੂਰ ਕਰਜ਼ਾ ਰਕਮ<br>ਰੁਪਏ 1,02,500/-, ਕਰਜ਼ਾ ਖਾਤਾ ਨੰਬਰ ਏਐੱਮਸੀ0044482, ਰੁਪਏ 1,00,000/- ਕਰਜ਼ਾ ਖਾਤਾ ਨੰ. ਏਐੱਮਸੀ0044711, ਰੁਪਏ 75,599/- ਕਰਜ਼ਾ ਖਾਤਾ ਨੰ. ਏਐੱਮਸੀ0049913 ਵਿਰੁੱਧ ਕਰਜ਼ਾ | 28-01-2026<br>10-03-2023 | ਕਰਜ਼ਾ ਖਾਤਾ ਨੰਬਰ ਏਐੱਮਸੀ0044482 ਵਿਰੁੱਧ ਮਿਤੀ 31-12-2025 ਨੂੰ ਰੁਪਏ 1,52,825/- (ਇੱਕ ਲੱਖ ਬਵੰਜਾ ਹਜ਼ਾਰ ਅੱਠ ਸੌ ਪੱਚੀ ਰੁਪਏ ਕੇਵਲ) ਅਤੇ ਕਰਜ਼ਾ ਖਾਤਾ ਨੰਬਰ ਏਐੱਮਸੀ0044711 ਵਿਰੁੱਧ ਮਿਤੀ 31-12-2025 ਨੂੰ ਰੁਪਏ 1,52,477/- (ਇੱਕ ਲੱਖ ਬਵੰਜਾ ਹਜ਼ਾਰ ਚਾਰ ਸੌ ਸਤੱਤਰ ਰੁਪਏ ਕੇਵਲ) ਅਤੇ ਕਰਜ਼ਾ ਖਾਤਾ ਨੰਬਰ ਏਐੱਮਸੀ0049913 ਵਿਰੁੱਧ ਮਿਤੀ 31-12-2025 ਨੂੰ ਰੁਪਏ 1,33,356/- (ਇੱਕ ਲੱਖ ਤੇਤੀ ਹਜ਼ਾਰ ਤਿੰਨ ਸੌ ਛਪੰਜਾ ਰੁਪਏ ਕੇਵਲ) | ਖੱਤਾ ਨੰ. 226/253, ਖਸਰਾ ਨੰ. 1357 (0-12), 1358 (1-8), 1359 (5-15), 1368 (1-12), 1369 (2-4) ਪਿੰਡ ਗੋਰਾਇਆ ਵਿਖੇ ਸਥਿਤ ਜ਼ਿਲ੍ਹਾ ਜਲੰਧਰ। ਹੱਦਾਂ ਸਾਈਟ ਅਨੁਸਾਰ :- ਪੂਰਬ: ਹੋਰ ਦਾ ਪਲਾਟ ਅਮਰੀਕ ਸਿੰਘ, ਪੱਛਮ: ਹੋਰ ਦਾ ਪਲਾਟ, ਉੱਤਰ: ਰਸਤਾ 20' ਚੌੜਾ, ਦੱਖਣ: ਹੋਰਾਂ ਦੀ ਜ਼ਮੀਨ |
| 1. ਪਰਗਟ ਸਿੰਘ ਪੁੱਤਰ ਦਰਬਾਰਾ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਕੁਲਦੀਪ ਸਿੰਘ ਪੁੱਤਰ ਦਰਬਾਰਾ ਸਿੰਘ (ਸਹਿ-ਕਰਜ਼ਦਾਰ)<br>3. ਰਾਜਬੀਰ ਕੌਰ ਪਤਨੀ ਦਰਬਾਰਾ ਸਿੰਘ (ਸਹਿ-ਕਰਜ਼ਦਾਰ)<br>4. ਪਰਮਿੰਦਰ ਸਿੰਘ ਪੁੱਤਰ ਜਗਤਾਰ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰਬਰ ਏਐੱਮਸੀ0160519 ਅਤੇ ਏਐੱਮਸੀ0049346<br>ਮਨਜ਼ੂਰ ਕਰਜ਼ੇ ਦੀ ਰਕਮ<br>ਰੁਪਏ 93507/- ਕਰਜ਼ਾ ਖਾਤਾ ਨੰਬਰ ਏਐੱਮਸੀ0160519, ਰੁਪਏ 1,00,000/- ਕਰਜ਼ੇ ਦੇ ਖਾਤੇ ਨੰਬਰ ਏਐੱਮਸੀ0049346 ਦੇ ਵਿਰੁੱਧ ਕਰਜ਼ਾ | 28-01-2026<br>10-05-2023 | ਕਰਜ਼ਾ ਖਾਤਾ ਨੰਬਰ ਏਐਮ ਸੀ0160519 ਵਿਰੁੱਧ ਮਿਤੀ 31-12-2025 ਨੂੰ ਰੁਪਏ 1,72,281/- (ਇੱਕ ਲੱਖ ਬਹੱਤਰ ਹਜ਼ਾਰ ਦੋ ਸੌ ਇਕਾਸੀ ਰੁਪਏ ਕੇਵਲ) ਅਤੇ ਕਰਜ਼ਾ ਖਾਤਾ ਨੰਬਰ ਏਐੱਮਸੀ0049346 ਵਿਰੁੱਧ ਮਿਤੀ 31-12-2025 ਨੂੰ ਰੁਪਏ 1,70,851/- (ਇੱਕ ਲੱਖ ਸੱਤਰ ਹਜ਼ਾਰ ਅੱਠ ਸੌ ਇਕਵੰਜਾ ਰੁਪਏ ਕੇਵਲ) | ਖੱਤਾ ਨੰ. 506/568, ਜਮ੍ਹਾਂਬੰਦੀ ਸਾਲ 2013-14, ਪਿੰਡ ਖਾਸੀ ਕਲਾਂ ਵਿਖੇ ਸਥਿਤ, ਹੱਦਬਸਤ ਨੰ. 183, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਸ੍ਰੀਮਤੀ ਰਾਜਬੀਰ ਪਤਨੀ ਸ੍ਰੀ ਦਰਬਾਰਾ ਸਿੰਘ ਦੇ ਨਾਂਅ, # 1005, ਗਲੀ ਨੰ. 4, ਪਟੇਲ ਨਗਰ, ਵਾਰਡ ਨੰ. 21, ਮਲੋਟ, ਸ੍ਰੀ ਮੁਕਤਸਰ ਸਾਹਿਬ ਵਾਸੀ ਮਲੋਟ, ਤਹਿਸੀਲ ਮਲੋਟ ਬੈਨਾਮਾ ਵਸੀਕਾ ਨੰ. 2020-21/106/1/19500 ਮਿਤੀ 30/03/2021 ਅਨੁਸਾਰ ਹੱਦਾਂ ਸਾਈਟ ਅਨੁਸਾਰ:- ਪੂਰਬ: ਖਾਲੀ ਪਲਾਟ 43'-0", ਪੱਛਮ: ਖਾਲੀ ਪਲਾਟ 43'-0", ਉੱਤਰ : ਖਾਲੀ ਪਲਾਟ 20'-0", ਦੱਖਣ: ਗਲੀ 20'-0" |
| 1. ਸਤਪਾਲ ਪੁੱਤਰ ਮੋਹਿੰਦਰ ਰਾਮ (ਕਰਜ਼ਦਾਰ/ਰਹਿਣਕਾਰ)<br>2. ਸੁਰੇਸ਼ ਰਾਣੀ ਪਤਨੀ ਸੱਤਪਾਲ (ਸਹਿ-ਕਰਜ਼ਦਾਰ)<br>3. ਸੁਨੀਲ ਕੁਮਾਰ ਪੁੱਤਰ ਸੁਭਾਸ਼ ਚੰਦ (ਗਰੰਟਰ)<br>ਕਰਜ਼ਾ ਖਾਤਾ ਨੰਬਰ ਏਐੱਮਸੀ0049340 ਅਤੇ ਏਐੱਮਸੀ0049829<br>ਮਨਜ਼ੂਰ ਕੀਤੇ ਕਰਜ਼ੇ ਦੀ ਰਕਮ<br>ਕਰਜ਼ਾ ਖਾਤਾ ਨੰਬਰ ਏਐੱਮਸੀ0049340, ਰੁਪਏ 85000/- ਕਰਜ਼ਾ ਖਾਤਾ ਨੰ. ਏਐੱਮਸੀ0049340, ਰੁਪਏ 173,346/- ਕਰਜ਼ਾ ਖਾਤਾ ਨੰਬਰ ਏਐੱਮਸੀ0049829 ਵਿਰੁੱਧ ਕਰਜ਼ਾ | 28-01-2026<br>10-08-2023 | ਕਰਜ਼ਾ ਖਾਤਾ ਨੰਬਰ ਏ ਐਮਸੀ0049340 ਵਿਰੁੱਧ ਮਿਤੀ 31-12-2025 ਨੂੰ ਰੁਪਏ 1,24,266/- (ਇੱਕ ਲੱਖ ਚੌਵੀ ਹਜ਼ਾਰ ਦੋ ਸੌ ਛਿਆਸਠ ਰੁਪਏ ਕੇਵਲ) ਕਰਜ਼ਾ ਖਾਤਾ ਨੰਬਰ ਏਐਮਸੀ0049829 ਵਿਰੁੱਧ 31-12-2025 ਨੂੰ ਰੁਪਏ 1,09,418/- (ਇੱਕ ਲੱਖ ਨੌ ਹਜ਼ਾਰ ਚਾਰ ਸੌ ਅਠਾਰਾਂ ਰੁਪਏ ਕੇਵਲ) | ਖੇਵਟ ਨੰ. 137/130, ਖਤੌਨੀ ਨੰ. 515, ਕਿਲਾ ਨੰ. 10 (8-0), ਜਮ੍ਹਾਂਬੰਦੀ ਸਾਲ 2014-2015, ਪਿੰਡ ਸ਼ੇਖੂ ਵਿਖੇ ਸਥਿਤ, ਤਹਿਸੀਲ ਮਲੋਟ, ਮੁਕਤਸਰ ਸ੍ਰੀ ਸਤਪਾਲ ਪੁੱਤਰ ਮਹਿੰਦਰ ਰਾਮ ਦੇ ਨਾਂਅ 'ਤੇ, ਵਾਸੀ ਵਾਰਡ ਨੰ. 7, ਬਾਬਾ ਦੀਪ ਸਿੰਘ ਨਗਰ, ਮਲੋਟ, ਮੁਕਤਸਰ ਪੰਜਾਬ-152107, ਬੈਨਾਮਾ ਵਸੀਕਾ ਨੰ. 1984 ਮਿਤੀ 03-08-2017 ਅਨੁਸਾਰ। ਹੱਦਾਂ ਸਾਈਟ ਅਨੁਸਾਰ : ਪੂਰਬ : ਗਲੀ 30'-0", ਪੱਛਮ: ਸ੍ਰੀ ਰਾਜੂ ਦੀ ਜਾਇਦਾਦ 30'-0", ਉੱਤਰ: ਸ੍ਰੀ ਬਿੱਟੂ ਦੀ ਜਾਇਦਾਦ 45'-0", ਦੱਖਣ: ਸ੍ਰੀ ਅਮਰ ਸਿੰਘ ਦੀ ਜਾਇਦਾਦ 45'-0" |
| 1. ਅਜੈਬ ਸਿੰਘ ਪੁੱਤਰ ਬਿਸ਼ਨ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਸਤਪਾਲ ਸਿੰਘ ਪੁੱਤਰ ਅਜੈਬ ਸਿੰਘ (ਸਹਿ-ਕਰਜ਼ਦਾਰ)<br>3. ਜੋਤੀ ਪਤਨੀ ਸਤਪਾਲ ਸਿੰਘ (ਸਹਿ-ਕਰਜ਼ਦਾਰ)<br>4. ਸੁਰਿੰਦਰ ਸਿੰਘ ਪੁੱਤਰ ਅਜੈਬ ਸਿੰਘ (ਸਹਿ-ਕਰਜ਼ਦਾਰ)<br>5. ਸਿਮਰਨ ਕੌਰ ਪਤਨੀ ਮੋਹਨ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰਬਰ ਏਐੱਮਸੀ0160167<br>ਮਨਜ਼ੂਰ ਕੀਤੇ ਕਰਜ਼ੇ ਦੀ ਰਕਮ<br>ਰੁਪਏ। 200000/- | 30-01-2026<br>04-11-2025 | ਮਿਤੀ 31-12-2025 ਰੁਪਏ 209384/- (ਦੋ ਲੱਖ ਨੌ ਹਜ਼ਾਰ ਤਿੰਨ ਸੌ ਚੁਰਾਸੀ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ ਕੁਲ ਜ਼ਮੀਨ 4.5 ਮਰਲਾ (2.5 ਮਰਲਾ 9/1036 ਹਿੱਸਾ) ਜੋ ਕਿ ਕੁਲ ਜ਼ਮੀਨ ਰਕਬਾ 12 ਕਨਾਲ 19 ਮਰਲੇ 'ਚੋਂ, ਖੇਵਟ ਨੰ. 790/763, ਖਤੌਨੀ ਨੰ. 886, ਖਸਰਾ ਨੰ. 837/1 (12-19), (2.5 ਮਰਲਾ 9/848 ਹਿੱਸਾ) ਜ਼ਮੀਨ ਰਕਬਾ 10 ਕਨਾਲ 12 ਮਰਲਾ 'ਚੋਂ, ਖੇਵਟ ਨੰ. 791/764, ਖਤੌਨੀ ਨੰ. 887, ਖਸਰਾ ਨੰ. 837/2 (10-12), ਕੁਲ ਜ਼ਮੀਨ, ਕੁਲ ਜ਼ਮੀਨ ਜਾਇਦਾਦ 4.5 ਮਰਲਾ, ਜੋ ਕਿ ਵੱਖ-ਵੱਖ ਖੇਵਟ/ਖਸਰਿਆਂ ਨੰ. 'ਚ ਹੈ, ਜਮ੍ਹਾਂਬੰਦੀ ਸਾਲ 2019-20, ਵਾਕਿਆ ਰਕਬਾ ਪਿੰਡ ਆਲਮਗੜ੍ਹ ਵਿਖੇ ਸਥਿਤ, ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਸ੍ਰੀ ਅਜੈਬ ਸਿੰਘ ਪੁੱਤਰ ਸ੍ਰੀ ਬਿਸ਼ਨ ਸਿੰਘ ਪੁੱਤਰ ਸ੍ਰੀ ਮੋਹਨ ਸਿੰਘ ਦੇ ਨਾਂਅ ਵਾਸੀ ਮਕਾਨ ਨੰ. 283, ਗਲੀ ਨੰ. 01, ਬਿਰਮਾ ਨਗਰੀ,ਅਬੋਹਰ, ਫਾਜ਼ਿਲਕਾ, ਬੈਨਾਮਾ ਵਸੀਕਾ ਨੰ. 1167 ਮਿਤੀ 30-05-2006 ਅਨੁਸਾਰ (ਇਸ ਤੋਂ ਬਾਅਦ ਉਕਤ ਜਾਇਦਾਦ ਵਜੋਂ ਹਵਾਲਾ) ਹੱਦਾਂ ਬੈਨਾਮੇ ਅਨੁਸਾਰ :- ਦੱਖਣ: ਜੱਟਾ ਸਿੰਘ, ਪੂਰਬ: ਅਵਤਾਰ ਸਿੰਘ ਗਲੀ, ਪੱਛਮ: ਮਹਿੰਦਰ ਕੌਰ, ਉੱਤਰ: ਹਸਬ ਅਰਾਬ ਜੇਲ੍ਹ। |
| 1. ਬਲਬੀਰ ਦਾਸ ਪੁੱਤਰ ਨਸੀਬ ਦਾਸ (ਕਰਜ਼ਦਾਰ/ਰਹਿਣਕਾਰ)<br>2. ਗੁਰਦੀਪ ਕੌਰ ਬਲਵੀਰ ਦਾਸ (ਸਹਿ-ਕਰਜ਼ਦਾਰ)<br>3. ਨਸੀਬ ਦਾਸ ਪੁੱਤਰ ਗੁਰਦਿਆਲ ਦਾਸ (ਸਹਿ-ਕਰਜ਼ਦਾਰ)<br>4. ਰਣਜੀਤ ਕੌਰ ਪਤਨੀ ਨਸੀਬ ਦਾਸ (ਸਹਿ-ਕਰਜ਼ਦਾਰ)<br>5. ਗੁਰਜੀਤ ਸਿੰਘ ਪੁੱਤਰ ਬਲਦੇਵ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. ਐੱਲਏਪੀ0000158<br>ਮਨਜ਼ੂਰ ਕਰਜ਼ਾ ਰਕਮ<br>ਰੁਪਏ 600000/- | 30-01-2026<br>04-05-2025 | ਮਿਤੀ 31-12-2025 ਨੂੰ ਰੁਪਏ 776628/- (ਰੁਪਏ ਸੱਤ ਲੱਖ ਛਿਅੱਤਰ ਹਜ਼ਾਰ ਛੇ ਸੌ ਅਠਾਈ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 0 ਕਨਾਲ 18.37 ਮਰਲਾ (41/964 ਹਿੱਸਾ) ਜ਼ਮੀਨ ਰਕਬਾ 21 ਕਨਾਲ 12 ਮਰਲਾ 'ਚੋਂ, ਖੇਵਟ ਨੰ. 544, ਖਤੌਨੀ ਨੰ. 704, ਖਸਰਾ ਨੰ. 185/125/8-0, 186//21/8-0, 22/1(5-12) ਜਮ੍ਹਾਂਬੰਦੀ ਸਾਲ 2020-21, ਵਾਕਿਆ ਰਕਬਾ ਪਿੰਡ ਲੌਂਗੋਵਾਲ, ਤਹਿਸੀਲ ਸੰਗਰੂਰ, ਜ਼ਿਲ੍ਹਾ ਸੰਗਰੂਰ, ਸ੍ਰੀ ਬਲਵੀਰ ਦਾਸ ਪੁੱਤਰ ਸ੍ਰੀ ਨਸੀਬ ਦਾਸ ਉਰਫ ਨਸੀਬ ਸਿੰਘ ਵਾਸੀ ਲੋਹਾ ਖੁਰਦ, ਸੰਗਰੂਰ, ਪੰਜਾਬ-148106, ਬੈਨਾਮਾ ਤਬਾਦਲਾ ਬੈਨਾਮਾ ਨੰ. 2023-24/120/1/453 ਮਿਤੀ 17.08.2023 ਅਨੁਸਾਰ। (ਇਸ ਤੋਂ ਬਾਅਦ ਉਕਤ ਜਾਇਦਾਦ ਵਜੋਂ ਹਵਾਲਾ) ਹੱਦਾਂ ਬੈਨਾਮੇ ਅਨੁਸਾਰ:-ਦੱਖਣ: 81'-8", ਬਾਹੀ ਪ੍ਰਿਥੀਦਾਸ ਪੁੱਤਰ ਗੁਰਦਿਆਲ ਦਾਸ, ਪੂਰਬ: 61'-3" ਬਾਹੀ ਬਲਵੀਰ ਦਾਸ, ਪੱਛਮ: 61'-3" ਬਾਹੀ ਗਲੀ, ਉੱਤਰ 81'-8" ਬਾਹੀ ਪ੍ਰਿਥੀਦਾਸ |
| 1. ਬਲਜੀਤ ਸਿੰਘ ਪੁੱਤਰ ਗੁਰਮੁਖ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਅਵਤਾਰ ਸਿੰਘ ਪੁੱਤਰ ਗੁਰਮੁਖ ਸਿੰਘ (ਸਹਿ-ਕਰਜ਼ਦਾਰ)<br>3. ਸੁਖਵਿੰਦਰ ਕੌਰ ਪਤਨੀ ਬਲਜੀਤ ਸਿੰਘ (ਸਹਿ-ਕਰਜ਼ਦਾਰ)<br>4. ਜਸਬੀਰ ਸਿੰਘ ਪੁੱਤਰ ਰਾਮ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. ਏਐੱਮਸੀ0127011<br>ਮਨਜ਼ੂਰ ਕਰਜ਼ਾ ਰਕਮ<br>ਰੁਪਏ 320000/- | 30-01-2026<br>10-12-2025 | ਮਿਤੀ 31-12-2025 ਨੂੰ ਰੁਪਏ 310726/- (ਤਿੰਨ ਲੱਖ ਦਸ ਹਜ਼ਾਰ ਸੱਤ ਸੌ ਛੱਬੀ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 87.66 ਵਰਗ ਗਜ਼ ਕੁਲ ਜ਼ਮੀਨ 92 ਕਨਾਲ 7 ਮਰਲਾ 'ਚੋਂ, ਖੇਵਟ ਨੰ. 29/29,ਖਤੌਨੀ ਨੰ. 30 ਅਤੇ ਖਸਰਾ ਨੰ. 1//17 (0-9), 1//18(4-16), 1//19 (1-18), 1//21 (0-0), 1//22 (6-5), 1//23 (8-0), 1//24 (7-3), 1//25 (2-11), 2//1 (5-18), 2//2 (1-9), 2//8 (0-4), 2//9 (6-18), 2//10 (8-0), 2//11(8-0), 2//12 (8-0), 2//13 (2-0), 2//18 (4-16), 2//19 (8-0), 2//20 (8-0) ਜਮ੍ਹਾਂਬੰਦੀ ਸਾਲ 2014-2015, ਜਗੀਰਪੁਰ ਵਿਖੇ ਸਥਿਤ, ਹੱਦਬਸਤ ਨੰ. 70, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਗੁਰਮੁਖ ਸਿੰਘ ਪੁੱਤਰ ਸ੍ਰੀ ਸਰਦਾਰ ਸਿੰਘ ਅਤੇ ਅਵਤਾਰ ਸਿੰਘ ਪੁੱਤਰ ਗੁਰਮੁਖ ਸਿੰਘ ਪੁੱਤਰ ਸ੍ਰੀ ਸਰਦਾਰ ਸਿੰਘ ਵਾਸੀ ਮਕਾਨ ਨੰ. 105-ਏ, ਗਲੀ ਨੰ. 3, ਮਾਡਲ ਟਾਊਨ ਕਲੋਨੀ, ਜਗੀਰਪੁਰ, ਲੁਧਿਆਣਾ, ਪੰਜਾਬ-141007, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 21927 ਮਿਤੀ 27.01.2012 ਅਨੁਸਾਰ। (ਇਸ ਤੋਂ ਬਾਅਦ ਉਕਤ ਜਾਇਦਾਦ ਵਜੋਂ ਹਵਾਲਾ) ਹੱਦਾਂ ਸਾਈਟ ਅਨੁਸਾਰ: ਪੂਰਬ: ਮਹਾਵੀਰ ਸਿੰਘ 22'-00", ਕਰਵ ਅੰਦਰਵਾਰ+28'-0", ਪੱਛਮ: ਖਾਲੀ ਪਲਾਟ 50'-00', ਉੱਤਰ: ਰਸਤਾ 10'-06", ਦੱਖਣ: ਹੋਰ 22'-06" |
| 1. ਗੁਰਪ੍ਰੀਤ ਸਿੰਘ ਪੁੱਤਰ ਹਰਚਰਨ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਸੰਦੀਪ ਕੌਰ ਪਤਨੀ ਗੁਰਪ੍ਰੀਤ ਸਿੰਘ (ਸਹਿ-ਕਰਜ਼ਦਾਰ)<br>3. ਹਰਚਰਨ ਸਿੰਘ ਪੁੱਤਰ ਦਲੀਪ ਸਿੰਘ (ਸਹਿ-ਕਰਜ਼ਦਾਰ)<br>4. ਧਨਵੰਤ ਸਿੰਘ ਪੁੱਤਰ ਅਜੈਬ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. ਏਐੱਮਸੀ0086682<br>ਮਨਜ਼ੂਰ ਕਰਜ਼ਾ ਰਕਮ<br>ਰੁਪਏ 202250/- | 30-12-2025<br>10-12-2025 | ਮਿਤੀ 31-12-2025 ਨੂੰ ਰੁਪਏ 131091/- (ਇੱਕ ਲੱਖ ਇਕੱਤੀ ਹਜ਼ਾਰ ਇਕਾਨਵੇ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 4-1/5 ਮਰਲਾ ਕੁੱਲ ਜ਼ਮੀਨ ਰਕਬਾ 2 ਕਨਾਲ 2 ਮਰਲਾ 'ਚੋਂ, ਖੇਵਟ ਨੰ. 178/168, ਖਤੌਨੀ ਨੰ. 474, ਖਸਰਾ ਨੰ. 29//16 (1-14), 29//19 (0-8), ਜਮ੍ਹਾਂਬੰਦੀ ਸਾਲ 2017-2018 ਪਿੰਡ ਖਾਈ ਵਿਖੇ ਸਥਿਤ, ਹੱਦਬਸਤ ਨੰ. 65, ਤਹਿਸੀਲ ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ, ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਹਰਚਰਨ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ ਦੇ ਨਾਂਅ, ਵਾਸੀ ਵਾਰਡ ਨੰ. 04, ਖਾਈ ਬਸਤੀ ਲਹਿਰਾਗਾਗਾ, ਸੰਗਰੂਰ, ਬੈਨਾਮਾ ਵਸੀਕਾ ਨੰ. 2020-21/132/1/1083 ਮਿਤੀ 01-10-2020 ਅਨੁਸਾਰ (ਇਸ ਤੋਂ ਬਾਅਦ ਉਕਤ ਜਾਇਦਾਦ ਵਜੋਂ ਹਵਾਲਾ) ਹੱਦਾਂ ਸਾਈਟ ਅਨੁਸਾਰ :- ਪੂਰਬ: 66'-6", ਭੋਲਾ ਸਿੰਘ ਦਾ ਮਕਾਨ, ਪੱਛਮ: 69'-6", ਮਰਦਾ ਸਿੰਘ ਦਾ ਮਕਾਨ, ਉੱਤਰ: 14'-0", ਗਲੀ 5' ਚੌੜੀ, ਦੱਖਣ: 15'-6", ਰਮੇਸ਼ਵਰ ਦਾ ਮਕਾਨ |
| 1. ਈਸ਼ਵਰਨਾਥ ਮਿਸ਼ਰਾ ਪੁੱਤਰ ਨਾਗੇਸ਼ਵਾ ਮਿਸ਼ਰਾ (ਕਰਜ਼ਦਾਰ/ਰਹਿਣਕਾਰ)<br>2. ਦਵਾਰਿਕਾ ਨਾਥ ਮਿਸ਼ਰਾ ਪੁੱਤਰ ਨਾਗੇਸ਼ਵਰ ਮਿਸ਼ਰਾ (ਸਹਿ-ਕਰਜ਼ਦਾਰ)<br>3. ਰਾਜੇਸ਼ ਮਿਸ਼ਰਾ ਪੁੱਤਰ ਈਸ਼ਵਰਨਾਥ ਮਿਸ਼ਰਾ (ਸਹਿ-ਕਰਜ਼ਦਾਰ)<br>4. ਗੀਤਾ ਮਿਸ਼ਰਾ ਪਤਨੀ ਈਸ਼ਵਰਨਾਥ ਮਿਸ਼ਰਾ (ਸਹਿ-ਕਰਜ਼ਦਾਰ)<br>5. ਜਸਵੀਰ ਸਿੰਘ ਪੁੱਤਰ ਦਿਲਬਾਗ ਸਿੰਘ (ਗਾਰੰਟਰ)<br>ਕਰਜ਼ਾ ਖਾਤਾ ਨੰਬਰ ਏਐੱਮਸੀ0159646<br>ਮਨਜ਼ੂਰ ਕਰਜ਼ੇ ਦੀ ਰਕਮ<br>ਰੁਪਏ 400000/- | 30-01-2026<br>10-10-2024 | ਮਿਤੀ 31-12-2025 ਨੂੰ ਰੁਪਏ 601258/- (ਛੇ ਲੱਖ ਇੱਕ ਹਜ਼ਾਰ ਦੋ ਸੌ ਅੱਠਵੰਜਾ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 0-02 ਬਿਸਵਾ ਜਾਂ 100 ਵਰਗ ਗਜ਼, ਖਸਰਾ ਨੰ. 100/1 ਮਿੰਨ (0-11), 104 ਮਿੰਨ (3-5), 105 ਮਿੰਨ (3-3), 106 ਮਿੰਨ (3-0), 110/3 ਮਿੰਨ (1-5), 100/1 ਮਿੰਨ (0-10), 104 ਮਿੰਨ (3-5), 106 ਮਿੰਨ (3-5) ਖੇਵਟ ਨੰ. 105/84, ਖਤੌਨੀ ਨੰ. 139, 139/1, ਜਮ੍ਹਾਂਬੰਦੀ ਸਾਲ 2013-14, ਪਿੰਡ ਜੈਪੁਰ ਵਿਖੇ ਸਥਿਤ, ਹੱਦਬਸਤ ਨੰ. 245, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ, ਸ੍ਰੀ ਦਵਾਰਕਾ ਦਾਸ ਮਿਸ਼ਰਾ ਅਤੇ ਸ੍ਰੀ ਈਸ਼ਵਰ ਨਾਥ ਮਿਸ਼ਰਾ ਦੋਵੇਂ ਪੁੱਤਰ ਨਗੇਸ਼ਵਰ ਨਾਥ ਮਿਸ਼ਰਾ, ਵਾਸੀ 32, ਪ੍ਰਸ਼ਾਂਤ ਇਨਕਲੇਵ, ਲੁਧਿਆਣਾ-141007, ਬੈਨਾਮਾ ਵਸੀਕਾ ਨੰ. 376 ਮਿਤੀ 24/05/2026 ਅਨੁਸਾਰ। (ਇਸ ਤੋਂ ਬਾਅਦ 'ਉਕਤ ਜਾਇਦਾਦ' ਵਜੋਂ ਹਵਾਲਾ) ਹੱਦਾਂ ਸਾਈਟ ਅਨੁਸਾਰ:-ਪੂਰਬ: ਕਰਮਸਰ 23'-03', ਪੱਛਮ: ਰਸਤਾ 20 ਫੁੱਟ ਚੌੜਾ 23'-03", ਉੱਤਰ ਫੌਜੀ 39'-05", ਦੱਖਣ: ਗਲੀ 20 ਫੁੱਟ ਚੌੜੀ 39'-05" |
| 1. ਕਮਲ ਕੁਮਾਰ ਪੁੱਤਰ ਪ੍ਰੇਮ ਕੁਮਾਰ (ਕਰਜ਼ਦਾਰ/ਰਹਿਣਕਾਰ)<br>2. ਰੁਚਿਕਾ ਮਾਰਫਤ ਕਮਲ ਕੁਮਾਰ (ਸਹਿ-ਕਰਜ਼ਦਾਰ)<br>3. ਰਾਜਨ ਕੁਮਾਰ ਪੁੱਤਰ ਓਮ ਪ੍ਰਕਾਸ਼ (ਗਰੰਟਰ)<br>ਕਰਜ਼ਾ ਖਾਤਾ ਨੰ. ਏਐੱਮਸੀ0167223<br>ਮਨਜ਼ੂਰ ਕੀਤੇ ਕਰਜ਼ੇ ਦੀ ਰਕਮ<br>ਰੁਪਏ 100000/- | 30-01-2026<br>04-03-2025 | ਮਿਤੀ 31-12-2025 ਨੂੰ ਰੁਪਏ 141766/- (ਇੱਕ ਲੱਖ ਇਕਤਾਲੀ ਹਜ਼ਾਰ ਸੱਤ ਸੌ ਛਿਆਹਠ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 4.1/4 ਮਰਲਾ (414/1000 ਹਿੱਸਾ) ਜ਼ਮੀਨ ਰਕਬਾ 5 ਕਨਾਲ 'ਚੋਂ, ਖੇਵਟ ਨੰ. 1/1, ਖਤੌਨੀ ਨੰ. 38, ਖਸਰਾ ਨੰ. 13//4 (5-0) ਜਮ੍ਹਾਂਬੰਦੀ ਸਾਲ 2018-19, ਵਾਕਿਆ ਰਕਬਾ ਪਿੰਡ ਜਸਵਾਲ ਲਹਿੜੀ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ, ਸ੍ਰੀਮਤੀ ਰੁਚਿਕਾ ਪਤਨੀ ਸ੍ਰੀ ਕਮਲ ਕੁਮਾਰ ਦੇ ਨਾਂਅ, ਵਾਸੀ ਪਿੰਡ ਜਸਵਾਲ ਲਹਿੜੀ, ਸਰਨਾ, ਪਠਾਨਕੋਟ, ਪੰਜਾਬ-145025, ਬੈਨਾਮਾ ਵਸੀਕਾ ਨੰ. 2021-22/44/1/872 ਮਿਤੀ 07-05-2021 ਅਨੁਸਾਰ (ਇਸ ਤੋਂ ਬਾਅਦ 'ਉਕਤ ਜਾਇਦਾਦ' ਵਜੋਂ ਹਵਾਲਾ) ਹੱਦਾਂ ਬੈਨਾਮੇ ਅਨੁਸਾਰ:- ਪੂਰਬ: (ਚੜ੍ਹਦਾ): ਸੜਕ (ਰਸਤਾ) 14' ਚੌੜਾ/ਲੰਬਾਈ 25'-7.5", ਪੱਛਣ (ਲਹਿੰਦਾ): ਸਰਕੁਲਰ ਰੋਡ (ਫਿਰਨੀ) 11' ਚੌੜੀ/ਲੰਬਾਈ 25'-7.5", ਉੱਤਰ: (ਪਹਾੜ): ਸੁੰਦਾ ਦੀ ਜਾਇਦਾਦ/ਲੰਬਾਈ 44', ਦੱਖਣ (ਦੱਖਣ) : ਸੁੰਦਾ ਦੀ ਜਾਇਦਾਦ/ਲੰਬਾਈ 44" |
| 1. ਮਨਜੀਤ ਕੌਰ ਪਤਨੀ ਜਸਵੀਰ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਜਸਬੀਰ ਸਿੰਘ ਪੁੱਤਰ ਗੁਰਬਖਸ਼ ਸਿੰਘ (ਸਹਿ-ਕਰਜ਼ਦਾਰ)<br>3. ਹਰਸਿਮਰਨ ਸਿੰਘ ਪੁੱਤਰ ਜਸਬੀਰ ਸਿੰਘ (ਸਹਿ-ਕਰਜ਼ਦਾਰ)<br>4. ਮਨਜੀਤ ਸਿੰਘ ਪੁੱਤਰ ਅਮਰੀਕ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. ਏਐੱਮਸੀ0167354<br>ਮਨਜ਼ੂਰ ਕੀਤੇ ਕਰਜ਼ੇ ਦੀ ਰਕਮ<br>ਰੁਪਏ 850000/- | 30-01-2026<br>04-11-2024 | ਮਿਤੀ 31-12-2025 ਨੂੰ ਰੁਪਏ 1227484/- (ਬਾਰਾਂ ਲੱਖ ਸਤਾਈ ਹਜ਼ਾਰ ਚਾਰ ਸੌ ਚੁਰਾਸੀ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 170 ਵਰਗ ਗਜ਼ (17/240 ਹਿੱਸਾ) ਕੁਲ ਜ਼ਮੀਨ ਰਕਬਾ 0 ਬਿਸਵਾ 16 ਬਿਸਵਾ 'ਚੋਂ, ਖੇਵਟ ਨੰ. 567/526, ਖਤੌਨੀ ਨੰ. 774, ਖਸਰਾ ਨੰ. 2045/1356/2/3(0-16) ਜਮ੍ਹਾਂਬੰਦੀ ਸਾਲ 2019-20,ਵਾਕਿਆ ਰਕਬਾ ਪਿੰਡ ਸਾਰੋਂ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ, ਮਨਜੀਤ ਕੌਰ ਪਤਨੀ ਸ੍ਰੀ ਜਸਵੀਰ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ ਦੇ ਨਾਂਅ ਵਾਸੀ ਤਹਿਸੀਲ ਧੂਰੀ, ਸਾਰੋਂ, ਸੰਗਰੂਰ, ਸਾਰੋਂ, ਪੰਜਾਬ-140034, ਬੈਨਾਮਾ ਵਸੀਕਾ ਨੰ. 2023-24/128/1/4408 ਮਿਤੀ 06-02-2024 ਅਨੁਸਾਰ। (ਇਸ ਤੋਂ ਬਾਅਦ 'ਉਕਤ ਜਾਇਦਾਦ' ਵਜੋਂ ਹਵਾਲਾ) ਹੱਦਾਂ ਸਾਈਟ ਅਨੁਸਾਰ :- ਪੂਰਬ: 31'-0" ਰਸਤਾ, ਪੱਛਮ: 31'-6", ਗਲੀ, ਉੱਤਰ: 49'-0" ਸੁਖਦੇਵ ਸਿੰਘ, ਦੱਖਣ: 49'-0" ਖਾਲੀ ਪਲਾਟ |
| 1. ਪਰਦੀਪ ਕੁਮਾਰ ਪੁੱਤਰ ਰਾਮ ਰਾਜ (ਕਰਜ਼ਦਾਰ/ਰਹਿਣਕਾਰ)<br>2. ਆਸ਼ਾ ਰਾਣੀ ਪਤਨੀ ਰਾਮ ਰਾਜਨ (ਸਹਿ-ਕਰਜ਼ਦਾਰ)<br>3. ਵਰੁਣ ਕੁਮਾਰ ਪੁੱਤਰ ਵਿਜੇ ਕੁਮਾਰ (ਗਰੰਟਰ)<br>ਕਰਜ਼ਾ ਖਾਤਾ ਨੰ. ਏਐੱਮਸੀ0211729<br>ਮਨਜ਼ੂਰ ਕੀਤੇ ਕਰਜ਼ੇ ਦੀ ਰਕਮ<br>ਰੁਪਏ 160000/- | 30-01-2026<br>10-05-2025 | ਮਿਤੀ 31-12-2025 ਨੂੰ ਰੁਪਏ 175309/- (ਇੱਕ ਲੱਖ ਪਝੱਤਰ ਹਜ਼ਾਰ ਤਿੰਨ ਸੌ ਨੌ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 1.1/2 ਮਰਲਾ (45 ਵਰਗ ਗਜ਼) ਕੁਲ ਜ਼ਮੀਨ ਰਕਬਾ 3 ਮਰਲਾ (90 ਵਰਗ ਗਜ਼) 'ਚੋਂ. ਖੇਵਟ ਨੰ. 1589, ਖਤੌਨੀ ਨੰ. 2200, ਖਸਰਾ ਨੰ. 20//3/1 ਮਿੰਨ, ਜਮ੍ਹਾਂਬੰਦੀ ਸਾਲ 2019-20, ਕੋਟ ਖਾਲਸਾ ਵਿਖੇ ਸਥਿਤ, ਸਬ-ਅਰਬਨ ਅਬਾਦੀ ਗੁਰੂ ਨਾਨਕਪੁਰਾ, ਅੰਮ੍ਰਿਤਸਰ, ਪੰਜਾਬ ਸ੍ਰੀਮਤੀ ਆਸ਼ਾ ਰਾਣੀ ਪਤਨੀ ਸ੍ਰੀ ਰਾਮ ਰਾਜ ਦੇ ਨਾਂਅ ਵਾਸੀ ਮਕਾਨ ਨੰ. 1141, ਦਸਮੇਸ਼ ਨਗਰ, ਗਲੀ ਨੰ. 5, ਕੋਟ ਖਾਲਸਾ ਅੰਮ੍ਰਿਤਸਰ, ਪੰਜਾਬ-143001, ਹੱਦਾਂ ਸਾਈਟ ਅਨੁਸਾਰ:- ਪੂਰਬ 9'-9" ਹੋਰਾਂ ਦੀ ਜਾਇਦਾਦ, ਪੱਛਮ: 9'-9", ਬਾਹੀ 11'-10" ਚੌੜੀ ਗਲੀ, ਉੱਤਰ: 39'-6" ਬਾਹੀ, ਹੋਰਾਂ ਦੀ ਜਾਇਦਾਦ, ਦੱਖਣ: 39'-6" ਬਾਹੀ, ਹੋਰਾਂ ਦੀ ਜਾਇਦਾਦ। |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਜਾਇਦਾਦ ਮਾਲਕਾਂ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਦਰਸਾਈ ਰਕਮ ਸਮੇਤ ਠੇਕਾ ਦਰ 'ਤੇ ਹੋਰ ਵਿਆਜ, ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਆਦਿ ਸੀ ਐੱਫ ਐੱਮ-ਏ ਆਰ ਸੀ ਨੂੰ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਜੇਕਰ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ ਉਕਤ ਰਕਮ ਸੀ ਐੱਫ ਐੱਮ-ਏ ਆਰ ਸੀ ਨੂੰ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਤਾਂ ਸੀ ਐੱਫ ਐੱਮ-ਏ ਆਰ ਸੀ ਵੱਲੋਂ ਐਕਟ ਦੇ ਸੈਕਸ਼ਨ 13 (4) ਅਧੀਨ ਉਕਤ ਦਰਸਾਏ ਸਕਿਉਰਡ ਐੱਸਟਸ ਵਿਰੁੱਧ ਅਗਲੇ ਕਦਮ ਉਠਾਏ ਜਾਣਗੇ ਅਤੇ ਇਹ ਸਾਰਾ ਕੁਝ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਦੀਆਂ ਲਾਗਤਾਂ ਅਤੇ ਸਿੱਟਿਆਂ ਦੇ ਜੋਖਮ 'ਤੇ ਹੋਵੇਗਾ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੂੰ ਸਰਫੇਸੀ ਐਕਟ 2002 ਦੇ ਸੈਕਸ਼ਨ 13 (13) ਤਹਿਤ ਸੀ ਐੱਫ ਐੱਮ-ਏ ਆਰ ਸੀ ਦੀ ਲਿਖਤੀ ਸਹਿਮਤੀ ਤੋਂ ਬਿਨਾਂ ਉਕਤ ਐੱਸਟਸ ਨੂੰ ਤਬਦੀਲ ਕਰਨ, ਵੇਚਣ, ਲੀਜ਼ 'ਤੇ ਦੇਣ ਜਾਂ ਕਿਸੇ ਹੋਰ ਢੰਗ ਰਾਹੀਂ ਤਬਦੀਲ ਕਰਨ ਦੀ ਮਨਾਹੀ ਹੈ।

ਮਿਤੀ : 17.04.2026, ਸਥਾਨ : ਪੰਜਾਬ — ਅਧਿਕਾਰਤ ਅਫਸਰ ਵਾਸਤੇ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਸੀ ਐੱਫ ਐੱਮ ਏ ਆਰ ਸੀ ਟਰੱਸਟ-181 ਦੇ ਟਰੱਸਟੀ ਦੀ ਹੈਸੀਅਤ 'ਚ)

# ਪਿਪਸ ਦਸਵੀਂ ਦਾ ਨਤੀਜਾ ਰਿਹਾ 100 ਫ਼ੀਸਦੀ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਦੀ ਸੀ.ਬੀ.ਐੱਸ.ਈ. ਦੀ ਦਸਵੀਂ ਜਮਾਤ ਦਾ ਨਤੀਜਾ 100 ਫ਼ੀਸਦੀ ਰਿਹਾ। ਸਕੂਲ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਦੱਸਿਆ ਕਿ ਸ਼ਗੁਨਪ੍ਰੀਤ




ਕੌਰ ਅਤੇ ਹਰਲੀਨ ਕੌਰ ਨੇ 98.6 ਫ਼ੀਸਦੀ ਅੰਕ ਹਾਸਲ ਕਰ ਕੇ ਸਮੁੱਚੀ ਦਸਵੀਂ ਜਮਾਤ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ, ਸ਼ੌਰਿਆ ਵਰਮਾ ਨੇ 98.2 ਫ਼ੀਸਦੀ ਅੰਕ ਹਾਸਲ ਕਰਕੇ ਦੂਜਾ , ਮਹਿਕਪ੍ਰੀਤ ਕੌਰ ਨੇ 97.8 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ, ਸਾਦਗੀ ਵਰਮਾ ਨੇ 97.4 ਫ਼ੀਸਦੀ ਅੰਕ ਹਾਸਲ ਕਰਕੇ ਚੌਥਾ ਤੇ ਹਿਮਾਨੀ ਨੇ 97 ਫ਼ੀਸਦੀ ਅੰਕ ਹਾਸਲ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ । ਸ਼ਗਨਪ੍ਰੀਤ ਕੌਰ ਨੇ 96.8 ਫ਼ੀਸਦੀ ਅੰਕ ਹਾਸਲ ਕਰਕੇ ਛੇਵਾਂ ਸਥਾਨ, ਸ਼ਹਿਜ਼ਪ੍ਰੀਤ ਕੌਰ ਨੇ 96.2 ਫ਼ੀਸਦੀ ਅੰਕ ਹਾਸਲ ਕਰਕੇ ਸੱਤਵਾਂ, ਵੰਸ਼ ਸ਼ਰਮਾ ਨੇ 95.8 ਫ਼ੀਸਦੀ ਅੰਕ ਹਾਸਲ ਕਰਕੇ ਅੱਠਵਾਂ , ਗਗਨਪ੍ਰੀਤ ਕੌਰ ਨੇ 95.4 ਫ਼ੀਸਦੀ ਅੰਕ ਹਾਸਲ ਕਰਕੇ ਨੌਵਾਂ ਤੇ ਸ੍ਰਿਸ਼ਟੀ ਸਰੀਨ ਮਹਿਰਾ ਨੇ 95.2 ਫੀਸਦੀ ਅੰਕ ਪ੍ਰਾਪਤ ਕਰਕੇ ਦਸਵਾਂ ਸਥਾਨ ਹਾਸਲ ਕੀਤਾ। ਇਨ੍ਹਾਂ ਤੋਂ ਇਲਾਵਾ ਜਸਕਰਨ ਸਿੰਘ ਨੇ 95 ਫੀਸਦੀ ਅੰਕ, ਇਸ਼ਮਜੋਤ ਕੌਰ ਨੇ 94.4 ਫੀਸਦੀ ਅੰਕ, ਸੁਖਮਨੀ ਨੇ 93.6 ਫੀਸਦੀ ਅੰਕ, ਰਵਲੀਨ ਕੌਰ ਨੇ 92.8 ਫੀਸਦੀ ਅੰਕ, ਨਵਜੋਤ ਕੌਰ ਨੇ 91.6 ਫੀਸਦੀ ਅੰਕ, ਜਸਮਨ ਕੌਰ ਨੇ 90.8 ਫੀਸਦੀ ਅੰਕ, ਸਿਮਰਨਜੀਤ ਕੌਰ ਨੇ 90 ਫੀਸਦੀ ਅੰਕ ਹਾਸਲ ਕਰ ਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਪੁਜੀਸ਼ਨ ਹਾਸਲ ਕਰਨ ਵਾਲੇ ਇਨ੍ਹਾਂ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ, ਸਕੂਲ ਦੇ ਪ੍ਰਧਾਨ ਸਰਦਾਰ ਗੁਰਦੇਵ ਸਿੰਘ ਅਟਵਾਲ ਅਤੇ ਡਾਇਰੈਕਟਰ ਮੈਡਮ ਸ਼ਿੰਦਰਪਾਲ ਕੌਰ ਅਟਵਾਲ ਵੱਲੋਂ ਵਧਾਈ ਅਤੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆ ਗਈਆਂ। ਸਕੂਲ ਦੇ ਮੈਨੇਜਰ ਮੈਡਮ ਪ੍ਰੀਤਪਾਲ ਕੌਰ ਅਟਵਾਲ , ਪ੍ਰਿੰਸੀਪਲ ਸੁਰਜੀਤ ਸਿੰਘ, ਵਾਈਸ ਪ੍ਰਿੰਸੀਪਲ ਮੈਡਮ ਮਨਦੀਪ ਕੌਰ ਮਾਹਲ ਤੇ ਸਮੁੱਚੇ ਸਟਾਫ ਵੱਲੋਂ ਵੀ ਇਨ੍ਹਾਂ ਵਿਦਿਆਰਥੀਆਂ ਅਤੇ ਇਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

# ਦਸਵੀਂ ਦੀ ਪ੍ਰੀਖਿਆ 'ਚ ਗੌਰੀ ਦੱਤਾ ਨੇ ਪਹਿਲਾ ਸਥਾਨ ਹਾਸਲ ਕੀਤਾ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਤੇ ਕਪੂਰਥਲਾ ਰੋਡ ਨੇ 2025-26 ਦੀ ਸੀ ਬੀ ਐੱਸ ਈ ਵੱਲੋਂ ਐਲਾਨ ਕੀਤੀ ਗਈ 10ਵੀਂ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਸਫਲਤਾ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। 5 ਵਿਦਿਆਰਥੀਆਂ ਨੇ 99% ਤੋਂ ਵੱਧ ਅੰਕ ਲੈ ਕੇ ਸਕੂਲ ਦਾ ਮਾਣ ਵਧਾਇਆ। 82 ਵਿਦਿਆਰਥੀਆਂ ਨੇ 95% ਤੋਂ ਵੱਧ, 152 ਵਿਦਿਆਰਥੀਆਂ ਨੇ 90% ਤੋਂ ਵੱਧ ਅਤੇ 277 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਗ੍ਰੀਨ ਮਾਡਲ ਟਾਊਨ ਦੀ ਗੌਰੀ ਦੱਤਾ ਨੇ 99.6% ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਆਦਿਤਿਆ ਵਰਮਾ ਤੇ ਸ਼ਾਂਭਵੀ ਨੇ 99.2% ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਜਾਹਨਵੀ ਸੁਨੇਜਾ ਨੇ 98.8% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਲੋਹਾਰਾਂ ਬ੍ਰਾਂਚ ਵਿੱਚ ਇਸ਼ਾਨਵੀ ਗੁਪਤਾ ਨੇ 99.4% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ, ਇਕਮਜੋਤ ਸਿੰਘੇਰਾ ਨੇ 99.2% ਅੰਕ ਲੈ ਕੇ ਦੂਜਾ ਸਥਾਨ ਅਤੇ ਦਿਵਾਂਸ਼ੀ ਵਿਗ



ਨੇ 98.2% ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਕਪੂਰਥਲਾ ਰੋਡ ਵਿੱਚ ਆਰਾਧਿਆ ਅਰੋੜਾ ਨੇ 94.6% ਅੰਕ ਅਤੇ ਖੁਸ਼ੀ ਬੱਤਰਾ ਨੇ 92.8% ਅੰਕ ਪ੍ਰਾਪਤ ਕੀਤੇ। ਨੂਰਪੁਰ ਰੋਡ ਵਿੱਚ ਹਰਪ੍ਰੀਤ ਕੌਰ ਨੇ 98.6% ਅੰਕ ਅਤੇ ਅਰਸ਼ਪ੍ਰੀਤ ਕੌਰ ਨੇ 98.4% ਅੰਕ ਪ੍ਰਾਪਤ ਕੀਤੇ। ਕੈਂਟ ਜੰਡਿਆਲਾ ਰੋਡ ਤੋਂ ਹਰਗੁਨ ਕੌਰ ਨੇ 91.8% ਅੰਕ ਪ੍ਰਾਪਤ ਕੀਤੇ। ਵੱਖ-ਵੱਖ ਵਿਸ਼ਿਆਂ ਵਿੱਚ 62 ਵਿਦਿਆਰਥੀਆਂ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ, ਜਿਨ੍ਹਾਂ ਦੀ ਗਿਣਤੀ ਇਸ ਤਰ੍ਹਾਂ ਹੈ–ਸੋਸ਼ਲ ਸਾਇੰਸ ਵਿੱਚ 7, ਪੰਜਾਬੀ ਵਿੱਚ 7, ਮੈਥ ਵਿੱਚ 7, ਮਾਰਕੀਟਿੰਗ ਵਿੱਚ 17, ਆਈ.ਟੀ. ਵਿੱਚ 20, ਅੰਗਰੇਜ਼ੀ ਵਿੱਚ 2, ਹਿੰਦੀ ਵਿੱਚ 1 ਅਤੇ ਸਾਇੰਸ ਵਿੱਚ 1 ਵਿਦਿਆਰਥੀ। ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਕੁਮਾਰੀ ਸ਼ਾਲੂ ਸਹਗਲ (ਲੋਹਾਰਾਂ), ਡਾਇਰੈਕਟਰ ਮੀਨਾਕਸ਼ੀ ਸ਼ਰਮਾ ਅਤੇ ਸ਼੍ਰੀਮਤੀ ਜਸਮੀਤ ਬਖ਼ਸ਼ੀ (ਨੂਰਪੁਰ ਰੋਡ), ਸ਼੍ਰੀਮਤੀ ਸੋਨਾਲੀ ਮਨੋਚਾ (ਕੈਂਟ ਜੰਡਿਆਲਾ ਰੋਡ) ਤੇ ਸ਼ੀਤੂ ਖੰਨਾ (ਕਪੂਰਥਲਾ ਰੋਡ) ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਉਨ੍ਹਾਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ। ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਸਾਰੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ ਪ੍ਰੋਤਸਾਹਿਤ ਕੀਤਾ।

# ਅਨਾਜ ਮੰਡੀ ਢਿਲਵਾਂ ਵਿਖੇ ਕਣਕ ਦੀ ਖਰੀਦ ਸ਼ੁਰੂ

**ਕਪੂਰਥਲਾ (ਮਨਜੀਤ ਮਾਨ)**- ਮਾਰਕੀਟ ਕਮੇਟੀ ਢਿਲਵਾਂ ਅਧੀਨ ਆਉਂਦੀ ਮੁੱਖ ਅਨਾਜ ਮੰਡੀ ਢਿਲਵਾਂ ਵਿਖੇ ਕਣਕ ਦੀ ਸਰਕਾਰੀ ਖਰੀਦ ਦਾ ਮਾਰਕੀਟ ਕਮੇਟੀ ਢਿਲਵਾਂ ਦੇ ਚੇਅਰਮੈਨ ਕੁਲਦੀਪ ਪਾਠਕ, ਲੇਖਾਕਾਰ ਸੁਖਦੇਵ ਸਿੰਘ, ਕਲਰਕ ਇਕਬਾਲ ਸਿੰਘ, ਕੋਮਲਪ੍ਰੀਤ ਸਿੰਘ ਰਾਮ ਲਾਲ ਸਾਰੇ ਦਫਤਰੀ ਸਟਾਫ ਤੇ ਵੱਡੀ ਗਿਣਤੀ 'ਚ ਆੜ੍ਹਤੀਏ ਕਣਕ ਵੇਚਣ ਆਏ ਕਿਸਾਨ ਤੇ ਆਮ ਆਦਮੀ ਪਾਰਟੀ ਦੇ



ਆਗੂ ਹਾਜ਼ਰ ਸਨ। ਸਰਕਾਰੀ ਏਜੰਸੀ ਮੁੱਖ ਅਨਾਜ ਮੰਡੀ ਢਿਲਵਾਂ ਦੇ ਇੰਸਪੈਕਟਰ ਪ੍ਰਗਟ ਸਿੰਘ, ਮੈਨੇਜਰ ਸੀ ਐੱਮ ਐੱਸ ਮਾਰਕਫੈਡ ਦੇ ਇੰਸਪੈਕਟਰ ਰਮਨਦੀਪ ਸਿੰਘ ਤੇ ਪਨਸਪ ਦੇ ਇੰਸਪੈਕਟਰ ਬਲਾਕ ਢਿਲਵਾਂ ਦੇ ਮਨਜੀਤ ਸਿੰਘ ਵੱਲੋਂ ਮੁੱਖ ਅਨਾਜ ਮੰਡੀ ਢਿਲਵਾਂ ਵਿਖੇ ਕਣਕ ਦੀ ਫਸਲ ਵੇਚਣ ਆਏ ਬਾਜਵਾ ਟਰੇਡਿੰਗ ਕੰਪਨੀ ਦੇ ਮਾਲਕ ਰਸਾਲ ਬਾਜਵਾ ਦੇ ਫੜ 'ਚ ਕਿਸਾਨ ਮੁਖਤਿਆਰ ਸਿੰਘ ਸੰਗੋਵਾਲ ਦੀ ਕਣਕ ਦੀ ਖਰੀਦ ਦਾ ਸ਼ੁਭ ਆਰੰਭ ਕੀਤਾ। ਚੇਅਰਮੈਨ ਕੁਲਦੀਪ ਪਾਠਕ ਤੇ ਸੈਕਟਰੀ ਸੁਖਦੀਪ ਸਿੰਘ ਨੇ ਕਿਸਾਨਾਂ ਨੂੰ ਕਿਹਾ ਕਿ ਕਿਸਾਨਾਂ ਨੂੰ ਮੰਡੀ ਵਿੱਚ ਕਣਕ ਸੁੱਕਾ ਕੇ ਲਿਆਉਣ ਤੇ ਸਭ ਤੋਂ ਜ਼ਰੂਰੀ ਹੈ ਕਿ ਕਣਕ ਦੀ ਫਸਲ ਦੀ ਕਟਾਈ ਕਰਨ ਉਪਰੰਤ ਖੇਤਾਂ ਚ ਵਾਧੂ ਰਹਿੰਦ ਖੂਹੰਦ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਉਣ। ਹਾੜ੍ਹੀ ਦੇ ਸੀਜਨ ਵਿੱਚ ਕੰਬਾਇਨਾਂ ਦੇ ਮਾਲਕ ਰਾਹਤ ਵੇਲੇ ਕੰਬਾਇਨਾ ਬਿਲਕੁਲ ਨਾ ਚਲਾਉਣ। ਉਹਨਾਂ ਮੁੱਖ ਅਨਾਜ ਮੰਡੀ ਦੇ 24 ਦੇ ਕਰੀਬ ਆੜ੍ਹਤੀਆਂ ਨੂੰ ਅਪੀਲ ਕੀਤੀ ਕਿ ਉਹਨਾਂ ਵੱਲੋਂ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਖਰੀਦਨਾਂ ਯਕੀਨੀ ਬਣਾਇਆ ਜਾਵੇ। ਉਹਨਾਂ ਕਿਹਾ ਕਿ ਮਾਰਕੀਟ ਕਮੇਟੀ ਵੱਲੋਂ ਢਿਲਵਾਂ ਮੁੱਖ ਅਨਾਜ ਮੰਡੀ ਸਮੇਤ ਲੱਖਣ ਕੇ ਪੱਡਾ, ਰਮੀਦੀ, ਧਾਲੀਵਾਲ ਬੇਟ ਭੰਡਾਲ ਬੇਟ, ਹਮੀਰਾ ਆਦਿ ਮੰਡੀਆਂ ਵਿੱਚ ਸਾਰੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ ਉਹਨਾਂ ਕਿਹਾ ਕਿ ਕਿਸਾਨਾਂ ਦੀ ਫਸਲ ਖਰੀਦਣ ਉਪਰੰਤ 24 ਘੰਟਿਆਂ ਚ ਬੈਂਕ ਖਾਤਿਆਂ ਰਾਹੀਂ ਅਦਾਇਗੀ ਕੀਤੀ ਜਾਵੇਗੀ।

# ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਸਰ ਮਾਰਸ਼ਲ ਸਕੂਲ ਬੈਂਸ ਅਵਾਨ ਦਾ ਦਸਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ, ਜਿਸ ਨਾਲ ਸਕੂਲ ਅਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਮਿਹਨਤ ਤੇ ਲਗਨ ਸਦਕਾ ਨਤੀਜਿਆਂ ਵਿੱਚ ਮੱਲਾਂ ਮਾਰੀਆਂ ਹਨ। ਸਕੂਲ ਪ੍ਰਬੰਧਕਾਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਮਨਜੋਤ ਸਿੰਘ ਨੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ।ਹਰਮਨਪ੍ਰੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ।ਅਨਮੋਲ ਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਮਾਪਿਆਂ ਤੇ ਅਧਿਆਪਕਾਂ ਦਾ ਮਾਣ ਵਧਾਇਆ।ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸੰਸਥਾ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ, ਪ੍ਰਿੰਸੀਪਲ ਗਾਇਤਰੀ ਤੇ ਸਮੁੱਚੀ ਮੈਨੇਜਮੈਂਟ ਨੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਸਖਤ ਮਿਹਨਤ ਅਤੇ ਅਧਿਆਪਕਾਂ ਦੇ ਸਹੀ ਮਾਰਗਦਰਸ਼ਨ ਦਾ ਸਿੱਟਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਵਿਦਿਆਰਥੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਫਲਤਾ ਹਾਸਿਲ ਕਰਦੇ ਰਹਿਣਗੇ।ਇਸ ਮੌਕੇ ਸਕੂਲ ਵਿੱਚ ਮਿਠਾਈ ਵੰਡੀ ਗਈ ਤੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

# ਬਾਬਾ ਸਾਹਿਬ ਦੀ ਸੋਚ ਸਾਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੰਦੀ ਰਹੇਗੀ : ਖੁਰਾਣਾ

**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ 135ਵੇਂ ਜਨਮ ਦਿਵਸ ਮੌਕੇ ਉਹਨਾਂ ਦੇ ਬੁੱਤ 'ਤੇ ਸ਼੍ਰੋਮਣੀ ਅਕਾਲੀ ਦਲ ਫਗਵਾੜਾ ਦੇ ਹਲਕਾ ਇੰਚਾਰਜ ਸ਼ਹਿਰੀ ਰਣਜੀਤ ਸਿੰਘ ਖੁਰਾਣਾ ਸੂਬਾ ਕੋਰ ਕਮੇਟੀ ਮੈਂਬਰ ਉਦਯੋਗ ਵਿੰਗ ਦੀ ਅਗਵਾਈ ਹੇਠ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਡਾ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਵਿਖੇ ਸਥਾਪਤ ਬਾਬਾ ਸਾਹਿਬ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਨ ਉਪਰੰਤ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਇੰਚਾਰਜ ਅਤੇ ਟਰੇਡ ਵਿੰਗ ਦੇ ਸੂਬਾ ਕੋਰ ਕਮੇਟੀ ਮੈਂਬਰ ਸ. ਰਣਜੀਤ ਸਿੰਘ ਖੁਰਾਣਾ ਸਾਬਕਾ ਡਿਪਟੀ ਮੇਅਰ ਫਗਵਾੜਾ ਨੇ ਕਿਹਾ ਕਿ ਬਾਬਾ ਸਾਹਿਬ ਨੇ ਉਚ-ਨੀਚ ਤੇ ਜਾਤੀ ਭੇਦ ਤੋਂ ਮੁਕਤ ਜਿਸ ਸਮਾਜ ਦੀ ਗੱਲ ਕੀਤੀ ਹੈ, ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਉਸ 'ਤੇ ਡਟ ਕੇ ਪਹਿਰਾ ਦੇ ਰਿਹਾ ਹੈ। ਕਿਉਂਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪੰਥ ਦੀ ਸਥਾਪਨਾ ਕਰਦੇ ਸਮੇਂ ਇਸੇ ਫਲਸਫੇ ਨੂੰ ਮੁੱਖ ਰੱਖਿਆ ਸੀ ਅਤੇ ਜਾਤੀਆਂ ਵਿੱਚ ਵੰਡੇ ਹੋਏ ਸਮਾਜ ਨੂੰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ਦਿਆਂ ਇੱਕ ਸੂਤਰ ਵਿੱਚ ਪਿਰੋਇਆ ਸੀ। ਸ. ਖੁਰਾਣਾ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਜਿੱਥੇ ਸਿਆਸੀ ਪਾਰਟੀਆਂ ਵੋਟ ਬੈਂਕ ਦੀ ਰਾਜਨੀਤੀ ਕਰਦੇ ਹੋਏ ਸਮਾਜ ਨੂੰ ਜਾਤਾਂ ਵਿੱਚ ਵੰਡਣ ਦਾ ਕੰਮ ਕਰਦੀਆਂ ਹਨ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਗੁਰੂ ਸਾਹਿਬਾਨ ਅਤੇ ਬਾਬਾ ਸਾਹਿਬ ਦੇ ਸਾਂਝੀਵਾਲਤਾ ਦੇ ਫਲਸਫੇ ਦੀ ਪਾਲਣਾ ਕਰਦੇ ਹੋਏ ਸਮਾਜ ਦੇ ਸਾਰੇ ਹੀ ਵਰਗਾਂ ਦੇ ਸੂਝਵਾਨ ਆਗੂਆਂ ਨੂੰ ਪਾਰਟੀ ਵਿੱਚ ਉੱਚੇ ਅਹੁਦਿਆਂ ਨਾਲ ਨਵਾਜਿਆ ਹੈ। ਉਨ੍ਹਾਂ ਕਿਹਾ ਕੇ ਬਾਬਾ ਸਾਹਿਬ ਜੀ ਦੀ ਸੋਚ ਅਤੇ ਸਿੱਖਿਆ ਸਾਨੂੰ ਹਮੇਸ਼ਾ ਅੱਗੇ ਵੱਧਣ ਦੀ ਪ੍ਰੇਰਨਾ ਦਿੰਦੀ ਰਹੇਗੀ। ਇਸ ਮੌਕੇ ਬੀਬੀ ਸਰਬਜੀਤ ਕੌਰ, ਸਰੂਪ ਸਿੰਘ ਖਲਵਾੜਾ, ਅਵਤਾਰ ਸਿੰਘ



ਭੁੰਗਰਨੀ, ਬਲਜਿੰਦਰ ਸਿੰਘ ਠੇਕੇਦਾਰ, ਬਹਾਦਰ ਸਿੰਘ ਸੰਗਤਪੁਰ, ਸੁਖਬੀਰ ਸਿੰਘ ਕਿੰਨੜਾ, ਪਰਮਿੰਦਰ ਸਿੰਘ ਜੰਡੂ, ਬਲਜੀਤ ਸਿੰਘ ਵਾਲੀਆਂ, ਹਰਜੋਤ ਸਿੰਘ ਪਾਹਵਾ, ਪਰਮਜੀਤ ਸਿੰਘ ਆਜਾਦ, ਕੁਲਵਿੰਦਰ ਸਿੰਘ ਕਿੰਦਾ, ਝਿਰਮਲ ਸਿੰਘ ਭਿੰਡਰ, ਗੁਰਸਿਮਰ ਸਿੰਘ, ਸੁਖਦੀਪ ਸਿੰਘ ਵਾਲੀਆਂ, ਜਸਵਿੰਦਰ ਸਿੰਘ ਭਗਤਪੁਰਾ, ਅਮਨਦੀਪ ਸਿੰਘ, ਸੁਰਿੰਦਰ ਪਾਹਵਾ, ਬਲਵੀਰ ਖਲਵਾੜਾ, ਪ੍ਰਦੀਪ ਸਿੰਘ, ਵਿਸ਼ੂ ਆਦਿ ਹਾਜ਼ਰ ਸਨ।

# ਸੜਕ ਦੁਰਘਟਨਾ 'ਚ ਅਧਿਆਪਕਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਠਠਾਂ ਦਲੇਰ ਸਿੰਘ ਵਾਲਾ' ਦੇ ਦੋ ਅਧਿਆਪਕ ਸਕੂਲ ਜਾਂਦੇ ਸਮੇਂ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ। ਇਸ ਦਰਦਨਾਕ ਹਾਦਸੇ ਵਿੱਚ ਮਹਿਲਾ ਅਧਿਆਪਕਾ ਕਾਜਲ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ, ਜਦਕਿ ਐੱਫ ਐੱਫ ਸੀ ਈ ਈ ਟੀ ਟੀ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਇਸ ਘਟਨਾ 'ਤੇ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਅਧਿਆਪਕਾਂ ਦੀ ਸੁਰੱਖਿਆ ਅਤੇ ਮਾਨਸਿਕ ਸਿਹਤ ਪ੍ਰਤੀ ਸਰਕਾਰ ਦੀ ਬੇਰੁਖ਼ੀ ਦੀ ਸਖ਼ਤ ਨਿਖੇਧੀ ਕੀਤੀ ਹੈ।ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਧਿਆਪਕਾਂ ਨਾਲ ਵਾਪਰ ਰਹੇ ਇਹ ਹਾਦਸੇ ਮਹਿਜ਼ ਇਤਫ਼ਾਕ ਨਹੀਂ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾ ਕਾਜਲ ਤੋਂ ਪਹਿਲਾਂ, ਸਾਲ 2023 ਵਿੱਚ ਫ਼ਾਜ਼ਿਲਕਾ ਜ਼ਿਲ੍ਹੇ ਦੇ ਤਿੰਨ ਅਧਿਆਪਕ ਅਤੇ ਨਵੰਬਰ 2025 ਵਿੱਚ ਚੋਣ ਡਿਊਟੀ ਦੌਰਾਨ ਅਧਿਆਪਕ ਜੋੜਾ ਜਸਕਰਨ ਭੁੱਲਰ ਤੇ ਕੰਵਲਜੀਤ ਕੌਰ ਵੀ ਆਪਣੀ ਜਾਨ ਗਵਾ ਚੁੱਕੇ ਹਨ।ਆਗੂਆਂ ਨੇ ਦੱਸਿਆ ਕਿ ਅਧਿਆਪਕਾਂ 'ਤੇ ਵਧ ਰਿਹਾ ਮਾਨਸਿਕ ਤਣਾਅ ਇਹਨਾਂ ਹਾਦਸਿਆਂ ਦਾ ਵੱਡਾ ਕਾਰਨ ਹੈ। ਸਕੂਲਾਂ ਵਿੱਚ ਆਨਲਾਈਨ ਐਪ ਰਾਹੀਂ ਹਾਜ਼ਰੀ ਲਗਾਉਣ ਦੀ ਸ਼ਰਤ ਨੇ ਅਧਿਆਪਕਾਂ ਵਿੱਚ ਭੈਅ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ।

## ਸਿਲਵਰ ਓਕ ਸਕੂਲ ਸ਼ਹਿਬਾਜ਼ਪੁਰ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਸਿਲਵਰ ਓਕ ਇੰਟਰਨੈਸ਼ਨਲ ਸਕੂਲ ਦੇ ਸਾਰੇ ਵਿਦਿਆਰਥੀਆਂ ਦਾ ਦਸਵੀਂ ਦਾ ਸੀ ਬੀ ਐੱਸ ਈ ਬੋਰਡ ਦਾ ਨਤੀਜਾ 100% ਰਿਹਾ, ਜਿੱਥੇ ਕਿ ਜਸਲੀਨ ਹਰਲੀਨ ਸੌਰਭੀ ਖੁਸ਼ੀ ਸਾਹਿਬਪ੍ਰੀਤ ਨੇ 97 ਤੇ 96% ਨੰਬਰ ਲਏ । ਉਥੇ ਹੀ ਤਰਨਪ੍ਰੀਤ ਨੇ 95% ਸ਼ੁਭਨੂਰ ਨੇ 94% ਨਵਨੀਤ 93% ਨਿਮਰਤ 91% ਇੰਜਲ ਗਨਿਸ਼ਕਾ 90% ਨੰਬਰ ਲਏ। ਪੰਜਾਬੀ ਵਿੱਚੋਂ ਸੌਰਭੀ, ਬਲੈਸੀ, ਏਂਜਲ ਤੇ ਨਵਨੀਤ ਨੇ 100 ਵਿੱਚੋਂ 100 ਨੰਬਰ ਹਾਸਿਲ ਕੀਤੇ, ਉਥੇ ਹੀ ਜਸਲੀਨ, ਹਰਲੀਨ, ਖੁਸ਼ੀ, ਤਰਨਪ੍ਰੀਤ ਤੇ ਸਾਹਿਬਪ੍ਰੀਤ ਨੇ ਆਈ ਟੀ ਦੇ ਵਿੱਚੋਂ 100 ਵਿੱਚੋਂ 100 ਨੰਬਰ ਹਾਸਿਲ ਕੀਤੇ। ਸੰਸਥਾ ਦੇ ਚੇਅਰਮੈਨ ਸ: ਤਰਲੋਚਨ ਸਿੰਘ ਬਿੱਟੂ ਨੇ ਸਕੂਲ ਦੀ ਪ੍ਰਿੰਸੀਪਲ ਮੁਨੀਸ਼ਾ ਸੰਗਰ, ਮੈਨੇਜਰ ਗਜਿੰਦਰ ਪਾਲ ਸਿੰਘ, ਸਾਰੇ ਬੱਚਿਆਂ ਅਤੇ ਸਮੂਹ ਅਧਿਆਪਕਾਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀ । ਇਸ ਮੌਕੇ ਤੇ ਅਮਰਜੀਤ ਕੌਰ ਸੈਣੀ, ਗੁਰਪ੍ਰੀਤ ਕੌਰ, ਵਿਸ਼ਾਲੀ ਸ਼ਰਮਾ, ਨੇਹਾ ਜੈਨ, ਸੁਮਿਤ ਕੌਰ , ਰਾਜਵੀਰ ਕੌਰ, ਰਾਜਵਿੰਦਰ ਕੌਰ, ਅਰਚਨਾ ਸੈਣੀ, ਰਮਨਦੀਪ ਕੌਰ, ਸ਼ਿਲਪਾ, ਵਿਨੇ ਕੁਮਾਰ ਸ਼ਰਮਾ ਸੋਨੂ ਸ਼ਰਮਾ ਅੰਕਿਤਾ ਸ਼ਰਮਾ, ਹਰਜੀਤ ਕੌਰ, ਰਜਮੀਤ ਕੌਰ, ਕੁਲਦੀਪ ਸਿੰਘ, ਪਿੰਕੀ ਸੈਣੀ, ਹਰਮਿੰਦਰ ਕੌਰ ਤੇ ਪਰਮਜੀਤ ਆਦਿ ਮੌਜੂਦ ਸਨ।




## ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ, ਕਰਤਾਰਪੁਰ ਦਾ ਦਸਵੀਂ ਕਲਾਸ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਦੇ ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦਾ ਨਤੀਜਾ 100% ਰਿਹਾ।ਸਕੂਲ ਦੇ ਵਿਦਿਆਰਥੀਆਂ ਵਿੱਚ ਜਸਕੀਰਤ ਸਿੰਘ ਨੇ 91%, ਕਰਮਜੋਤ ਕੌਰ ਨੇ 91% ਜਸਨੀਕ ਕੌਰ ਨੇ 91%, ਗੁਰਮਨ ਸਿੰਘ ਨੇ 86%, ਜਸਦੀਪ ਸਿੰਘ ਨੇ 85%, ਬਲਰਾਜ ਸਿੰਘ ਨੇ 84.4%, ਪ੍ਰਭਨੂਰ ਸਿੰਘ ਨੇ 84%, ਜੀਆ ਰਾਏ ਨੇ 84%, ਭਵਿਆ ਸ਼ਰਮਾ ਨੇ 81%, ਗੁਰਨੀਤ ਕੌਰ ਰੰਧਾਵਾ ਨੇ 81% ਅਤੇ ਰਣਦੀਪ ਕੌਰ ਨੇ 77.2% ਅੰਕ ਪ੍ਰਾਪਤ ਕੀਤੇ।ਸਕੂਲ ਦੀ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਸਤਨਾਮ ਸਿੰਘ ਤੇ ਮਨਦੀਪ ਕੌਰ ਪਲਵਿੰਦਰ ਕੌਰ ਵੱਲੋਂ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।

# ਖੁੱਡੀਆਂ ਨੇ ਵੈਟਰਨਰੀ ਅਫ਼ਸਰਾਂ, ਇੰਸਪੈਕਟਰਾਂ ਤੇ ਡੇਅਰੀ ਵਿਕਾਸ ਇੰਸਪੈਕਟਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੂਬੇ ਦੇ ਪਸ਼ੂ ਪਾਲਣ ਖੇਤਰ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਤਿੰਨ ਵੈਟਰਨਰੀ ਅਫ਼ਸਰਾਂ, ਇੱਕ ਵੈਟਰਨਰੀ ਇੰਸਪੈਕਟਰ ਤੇ 16 ਡੇਅਰੀ ਵਿਕਾਸ ਇੰਸਪੈਕਟਰਾਂ (ਗ੍ਰੇਡ 2) ਨੂੰ ਨਿਯੁਕਤੀ ਪੱਤਰ ਸੌਂਪੇ।ਉਨ੍ਹਾਂ ਦੱਸਿਆ ਕਿ ਪਿਛਲੇ ਚਾਰ ਸਾਲਾਂ ਦੌਰਾਨ ਪਸ਼ੂ ਪਾਲਣ ਵਿਭਾਗ ਵਿੱਚ ਕੁੱਲ 1257 ਭਰਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 2022 ਤੋਂ ਲੈ ਕੇ ਹੁਣ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਾਰਦਰਸ਼ੀ ਢੰਗ ਨਾਲ ਯੋਗਤਾ ਦੇ ਆਧਾਰ 'ਤੇ 619 ਵੈਟਰਨਰੀ ਅਫਸਰਾਂ ਤੇ 579 ਵੈਟਰਨਰੀ ਇੰਸਪੈਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 16 ਕਲਰਕ (ਸਦਰ ਦਫ਼ਤਰ), 2 ਮਿਲਕ ਰਿਕਾਰਡਰ, 7 ਲੈਬ ਸਹਾਇਕ, 7 ਕੰਪਿਊਟਰ ਆਪਰੇਟਰ/ ਗਣਨਾਕਾਰ/ ਪੰਚਰਸ, 1 ਮਸ਼ੀਨ ਆਪਰੇਟਰ, 1 ਇਨਕਿਊਬੇਟਰ ਆਪਰੇਟਰ, 2 ਲੀਗਲ ਕਲਰਕ ਅਤੇ 8 ਸਟੈਨੋਟਾਈਪਿਸਟਾਂ ਦੀ ਵੀ ਭਰਤੀ ਕੀਤੀ ਗਈ ਹੈ।ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਕੁੱਲ 14 ਕਲਰਕਾਂ ਅਤੇ 1 ਲੈਬ ਸਹਾਇਕ ਨੂੰ ਤਰਸ ਦੇ ਆਧਾਰ 'ਤੇ ਨਿਯੁਕਤ ਕੀਤਾ ਗਿਆ ਹੈ।

## ਨਾ ਮੀਂਹ, ਨਾ ਹਨੇਰੀ, ਅਲਾਵਲਪੁਰ 'ਚ ਬਿਜਲੀ ਰਹੀ ਗੁੱਲ

**ਅਲਾਵਲਪੁਰ (ਮਦਨ ਬੰਗੜ)**- ਕਸਬਾ ਅਲਾਵਲਪੁਰ ਅਤੇ ਪੂਰੇ ਇਲਾਕੇ ਭਰ ਵਿੱਚ ਬਿਨਾਂ ਮੀਂਹ ਤੇ ਹਨੇਰੀ ਦੇ ਵੀ ਰਾਤ ਬਿਜਲੀ ਸਪਲਾਈ ਬੰਦ ਰਹਿਣ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਮ ਤੌਰ 'ਤੇ ਮੌਸਮੀ ਖਰਾਬੀ ਦੌਰਾਨ ਬਿਜਲੀ ਬੰਦ ਹੋਣ ਦੀ ਸਮੱਸਿਆ ਆਉਂਦੀ ਹੈ, ਪਰ ਮੌਸਮ ਸਾਫ਼ ਹੋਣ ਦੇ ਬਾਵਜੂਦ ਵੀ ਬਿਜਲੀ ਗੁੱਲ ਰਹੀ।ਗਰਮੀ ਦੇ ਮੌਸਮ ਵਿੱਚ ਬਿਜਲੀ ਨਾ ਹੋਣ ਕਰਕੇ ਲੋਕਾਂ ਨੂੰ ਰਾਤ ਨੂੰ ਪਰੇਸ਼ਾਨੀ ਝੱਲਣੀ ਪਈ। ਇਲਾਕਾ ਵਾਸੀਆਂ ਨੇ ਬਿਜਲੀ ਵਿਭਾਗ ਪ੍ਰਤੀ ਨਾਰਾਜ਼ਗੀ ਜਤਾਉਂਦੇ ਹੋਏ ਕਿਹਾ ਕਿ ਬਿਨਾਂ ਕਿਸੇ ਵੱਡੇ ਕਾਰਨ ਦੇ ਇਸ ਤਰ੍ਹਾਂ ਲੰਬੇ ਸਮੇਂ ਲਈ ਬਿਜਲੀ ਗੁੱਲ ਰਹਿਣਾ ਕਾਬਿਲ-ਏ-ਬਰਦਾਸ਼ਤ ਨਹੀਂ। ਉਨ੍ਹਾਂ ਨੇ ਮੰਗ ਕੀਤੀ ਕਿ ਬਿਜਲੀ ਸਪਲਾਈ ਨੂੰ ਜਲਦ ਤੋਂ ਜਲਦ ਸੁਚਾਰੂ ਬਣਾਇਆ ਜਾਵੇ ਤੇ ਅਜਿਹੀਆਂ ਸਮੱਸਿਆਵਾਂ ਤੋਂ ਬਚਾਅ ਲਈ ਢੰਗ ਦੇ ਪ੍ਰਬੰਧ ਕੀਤੇ ਜਾਣ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਸਾਰੀ ਰਾਤ ਬਿਜਲੀ ਬੰਦ ਰਹਿਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ, ਪਰ ਸੰਬੰਧਤ ਵਿਭਾਗ ਵੱਲੋਂ ਅਜੇ ਤੱਕ ਇਸ ਸਮੱਸਿਆ ਦੇ ਪੱਕੇ ਹੱਲ ਵੱਲ ਕੋਈ ਢੁਕਵਾਂ ਧਿਆਨ ਨਹੀਂ ਦਿੱਤਾ ਗਿਆ, ਜਿਸ ਨਾਲ ਇਲਾਕਾ ਵਾਸੀਆਂ ਵਿੱਚ ਨਾਰਾਜ਼ਗੀ ਵੱਧ ਰਹੀ ਹੈ।

# ਵਿਸਾਖੀ ਮੇਲਾ ਤੇ ਡਾ ਅੰਬੇਡਕਰ ਦਾ ਜਨਮ ਦਿਨ ਮਨਾਇਆ

**ਬੰਗਾ (ਅਵਤਾਰ ਕਲੇਰ)**- ਡੇਰਾ 108 ਸੰਤ ਬਾਬਾ ਹੰਸ ਰਾਜ ਜੀ, ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਵਿਖੇ 22ਵਾਂ ਵਿਸਾਖੀ ਜੋੜ ਮੇਲਾ ਤੇ ਭਾਰਤੀ ਸਵਿਧਾਨ ਨਿਰਮਾਤਾ ਡਾ. ਭੀਮ



ਰਾਓ ਅੰਬੇਡਕਰ ਦਾ ਜਨਮ ਦਿਨ, ਡੇਰੇ ਦੇ ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ, ਸੰਤ ਬੀਬੀ ਬਿਮਲ ਰਾਣੀ ਦੀ ਰਹਿਨੁਮਾਈ ਹੇਠ ਮੇਲੇ ਦੇ ਰੂਪ 'ਚ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਸ੍ਰੀ ਨਿਸ਼ਾਨ ਸਾਹਿਬ ਜੀ ਨੂੰ ਚੋਲਾ ਸਾਹਿਬ ਪਹਿਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਆਤਮਾ ਦਾਸ ਅੱਪਰਾ, ਸੰਤ ਹਾਕਮ ਦਾਸ ਸੰਧਵਾਂ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਰਾਜਨੀਤਿਕ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਜਰਨੈਲ ਨੰਗਲ,ਜੱਸੀ ਤੱਲ੍ਹਣ, ਜਥੇਦਾਰ ਸਰੂਪ ਸਿੰਘ ਖਲਵਾੜਾ ਆਦਿ ਨੇ ਸ਼ਿਰਕਤ ਕੀਤੀ। ਪੰਜਾਬੀ ਕਲਾਕਾਰ ਰਣਜੀਤ ਰਾਣਾ, ਵਿੱਕੀ ਬਹਾਦਰਕੇ, ਗਿੱਲ ਸਿਸਟਰਜ਼ ਵਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਕੀਰਤਨੀ ਜਥਾ ਭਾਈ ਪਰਮਜੀਤ ਸਿੰਘ ਪਰਵਾਨਾ (ਰੁੜਕੀ ਵਾਲੇ), ਸੰਤ ਜਸਵਿੰਦਰ ਪਾਲ ਪੰਡਵਾ ਵਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ।ਡੇਰੇ ਵਲੋਂ ਗਾਇਕ ਰਣਜੀਤ ਰਾਣਾ ਅਤੇ ਗੀਤਕਾਰ ਪਿੰਦੂ ਬੰਗੜ ਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ। ਮਿਸ਼ਨਰੀ ਗੀਤਕਾਰ ਮਹਿੰਦਰ ਸੰਧੂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਵਲੋਂ ਪਹੁੰਚੇ ਹੋਏ ਰਾਜਨੀਤਿਕ ਆਗੂਆਂ, ਸੰਤ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਮਹਿੰਦਰ ਪਾਲ, ਸੰਤ ਬੀਬੀ ਬਿਮਲ ਰਾਣੀ, ਸੰਤ ਜਸਵਿੰਦਰ ਪਾਲ, ਸੰਤ ਮੋਹਣ ਪਾਲ, ਬਾਲ ਕ੍ਰਿਸ਼ਨ, ਪਰਮਜੀਤ ਸਿੰਘ ਬੁੱਟਰ ਕੇਨੇਡਾ, ਸੁਰਜੀਤ ਰੂਬੀ ਯੂ ਐੱਸ ਏ, ਮਾਸਟਰ ਗੁਰਨਾਮ ਚੰਦ, ਸੁਖਦੇਵ ਸਿੰਘ ਯੂ ਐੱਸ ਏ, ਪਰਗਟ ਸਿੰਘ, ਸੋਮ ਰਾਜ,ਦੇਸ ਰਾਜ, ਸਰਬਜੀਤ ਕੁਮਾਰ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਆਦਰਸ਼ ਸੀਨੀਆਰ ਸੈਕੰਡਰੀ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ




**ਪੋਜੇਵਾਲ (ਰਾਮ ਲਾਲ)**- ਸੀ ਬੀ ਐੱਸ ਸੀ ਵੱਲੋਂ ਦਸਵੀਂ ਜਮਾਤ ਦੇ ਨਤੀਜੇ ਐਲਾਨੇ ਗਏ ਜਿਸ ਵਿੱਚ ਆਦਰਸ਼ ਸੀ. ਸੈ.ਸਕੂਲ ਨਵਾਂਗਰਾਂ ਦਾ ਨਤੀਜਾ 98.4% ਰਿਹਾ ਜਿਸ ਵਿੱਚ ਮਨਪ੍ਰੀਤ ਕੌਰ ਨੇ 93.8% ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸ਼ਿਲ ਕੀਤਾ, ਹਰਸਿਰਤ ਕੌਰ 93.2% ਤੇ ਹਿਮਾਨੀ ਨੇ 91.6% ਅੰਕਾਂ ਨਾਲ ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ, ਸਿਮਰਨ ਮੀਲੂ 90% ਅੰਕਾਂ ਨਾਲ ਚੌਥੇ ਸਥਾਨ ਤੇ ਰਹੀ। 12 ਬੱਚਿਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ 37 ਬੱਚਿਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ।ਇਸ ਸ਼ਾਨਦਾਰ ਨਤੀਜੇ ਲਈ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਸ਼ਰਮਾ ਤੇ ਸਕੂਲ ਐੱਸ ਐੱਮ ਸੀ ਪ੍ਰਧਾਨ ਕਮਲ ਚੌਧਰੀ ਨੇ ਸਮੂਹ ਅਧਿਆਪਕ ਸਾਹਿਬਾਨਾਂ ਦਾ ਧੰਨਵਾਦ ਕੀਤਾ।

# ਡੀ ਏ ਵੀ ਸਕੂਲ ਬਿਲਗਾ ਦਾ ਦਸਵੀਂ ਦਾ ਨਤੀਜਾ ਰਿਹਾ ਸੌ ਫੀਸਦੀ

**ਬਿਲਗਾ (ਵਿਜੇ ਕੁਮਾਰ)**- ਐੱਸ ਆਰ ਤਾਂਗੜੀ ਡੀ ਏ ਵੀ ਪਬਲਿਕ ਸਕੂਲ, ਬਿਲਗਾ ਦਾ ਸੀ ਬੀ ਐੱਸ ਸੀ ਵੱਲੋਂ ਫਰਵਰੀ ਮਹੀਨੇ ਵਿੱਚ ਕਰਵਾਈ ਗਈ ਬੋਰਡ ਪਰੀਖਿਆ ਦਾ ਨਤੀਜਾ ਸੌ ਫੀਸਦੀ ਰਿਹਾ।ਸਕੂਲ ਦੇ ਕੁੱਲ 97 ਵਿਦਿਆਰਥੀਆਂ ਨੇ



ਪਰੀਖਿਆ ਦਿੱਤੀ ਤੇ ਸਾਰੇ ਹੀ ਵਿਦਿਆਰਥੀ ਕਾਮਯਾਬ ਰਹੇ। ਸਕੂਲ ਦੇ 20 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਦਾ 'ਅ ਰੌਸ਼ਨ ਕੀਤਾ ।ਸਕੂਲ ਦੀ ਵਿਦਿਆਰਥਣ ਜਾਨਵੀ ਸ਼ਰਮਾ ਨੇ 95.6% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ । ਅਨੁਪ੍ਰੀਤ ਕੌਰ ਨੇ 93.4% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ । ਜੈਵਿਨ ਅਹੀਰ ਅਤੇ ਰੂਬਲ ਕੌਰ ਭੱਚੂ ਨੇ 90.2% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਸਾਂਝਾ ਕੀਤਾ । ਇਸ ਤੋਂ ਇਲਾਵਾ ਲਵਲੀਨ ਕੌਰ ਤੇ ਅਰਮਾਨ ਪ੍ਰੀਤ ਕੌਰ ਨੇ 88.8% ਅੰਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ । ਜਾਨਵੀ ਸ਼ਰਮਾ ਨੇ ਸਮਾਜਿਕ ਵਿਗਿਆਨ ਵਿਸ਼ੇ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਵਿਸ਼ੇਸ਼ ਉਪਲਬਧੀ ਹਾਸਲ ਕੀਤੀ ।ਇਸ ਸ਼ਾਨਦਾਰ ਸਫਲਤਾ 'ਤੇ ਸਕੂਲ ਪ੍ਰਬੰਧਕਾਂ ਵੱਲੋਂ ਸਾਰੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਕੂਲ ਵਿੱਚ ਸੱਦ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਜੀਵ ਗੁਜਰਾਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ, 'ਸਾਡੇ ਵਿਦਿਆਰਥੀਆਂ ਦੀ ਇਹ ਉਪਲਬਧੀ ਉਨ੍ਹਾਂ ਦੀ ਮਿਹਨਤ, ਅਧਿਆਪਕਾਂ ਦੀ ਲਗਨ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਸਾਨੂੰ ਯਕੀਨ ਹੈ ਕਿ ਸਾਡੇ ਵਿਦਿਆਰਥੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਆਪਣੇ ਪਰਿਵਾਰ ਦਾ ਨਾਂਅ ਰੌਸ਼ਨ ਕਰਨਗੇ'।

## ਨਵੇਂ ਕਲਾਸ ਰੂਮ ਦਾ ਉਦਘਾਟਨ ਅੱਜ

**ਕਪੂਰਥਲਾ (ਮਨਜੀਤ ਮਾਨ)**- ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੰਜਾਬ ਦੇ ਹਰ ਸਕੂਲ ਦਾ ਨਵੀਨੀਕਰਨ ਕਰਨ ਦੇ ਉਪਰਾਲੇ ਤਹਿਤ ਆਧੁਨਿਕ ਕਮਰੇ, ਸਾਇੰਸ ਲੈਬਾਂ, ਚਾਰ ਦੀਵਾਰੀਆਂ ਤੇ ਬਾਥਰੂਮ ਆਦਿ ਬਣਾਏ ਜਾ ਰਹੇ ਹਨ।ਇਸੇ ਲੜੀ ਤਹਿਤ ਜ਼ਿਲ੍ਹਾ ਕਪੂਰਥਲਾ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਨੱਥੂ ਚਾਹਲ ਬਲਾਕ ਕਪੂਰਥਲਾ-1 ਵਿੱਚ ਆਯੋਜਿਤ ਕੀਤੇ ਜਾ ਰਹੇ ਸਕੂਲ ਬੁਨਿਆਦੀ ਢਾਂਚੇ ਦੇ ਉਦਘਾਟਨੀ ਸਮਾਰੋਹ ਵਿੱਚ ਪੰਜਾਬ ਸਰਕਾਰ ਦੇ ਨੁਮਾਇੰਦੇ ਕੌਮਾਂਤਰੀ ਸ਼ਾਇਰ ਤੇ 'ਟ੍ਰੇਡਰਜ਼ ਕਮਿਸ਼ਨ ਐਕਸਾਈਜ਼ ਤੇ ਟੈਕਸੇਸ਼ਨ



ਵਿਭਾਗ ਕਪੂਰਥਲਾ' ਦੇ ਜ਼ਿਲ੍ਹਾ ਚੇਅਰਮੈਨ ਸ੍. ਕੰਵਰ ਇਕਬਾਲ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋ ਕੇ ਨਵੇਂ ਬਣੇ ਐਡੀਸ਼ਨਲ ਕਲਾਸ ਰੂਮ ਦਾ ਉਦਘਾਟਨ ਕਰਨਗੇ। ਸਾਡੇ ਪੱਤਰਕਾਰ ਵੱਲੋਂ ਚੇਅਰਮੈਨ ਸ੍. ਕੰਵਰ ਇਕਬਾਲ ਸਿੰਘ ਨਾਲ ਇਸ ਉਦਘਾਟਨੀ ਰਸਮ ਸਬੰਧੀ ਕੀਤੀ ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਾਸਤੇ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਸਰਕਾਰੀ ਸਕੂਲਾਂ ਦੀ ਵਿੱਦਿਆ ਦੇ ਪੱਖ ਤੋਂ ਅਤੇ ਇਮਾਰਤਾਂ ਦੇ ਨਵੀਨੀਕਰਨ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ।

# ਦੰਦਾਂ ਤੇ ਜਬਾੜ੍ਹਿਆਂ ਦਾ ਫਰੀ ਕੈਂਪ ਲਗਾਇਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਉਦਯੋਗਪਤੀ ਕੇ ਕੇ ਸਰਦਾਨਾ ਦੀ ਸਰਪ੍ਰਸਤੀ ਹੇਠ ਸਥਾਨਕ ਗੁਰੂ ਹਰਗੋਬਿੰਦ ਨਗਰ ਵਿਖੇ ਸੰਚਾਲਿਤ ਬਲੱਡ ਬੈਂਕ ਵਿਖੇ ਮਾਤਾ ਠਾਕੁਰ ਦੇਵੀ ਤੇ ਨਾਨਕ ਚੰਦ ਸੇਠੀ ਦੀ ਯਾਦ ਨੂੰ ਸਮਰਪਿਤ 474ਵਾਂ ਦੰਦਾਂ ਅਤੇ ਜਬਾੜ੍ਹਿਆਂ ਦਾ ਫਰੀ ਕੈਂਪ ਬਲਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ ਜਿਸ ਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਪਹੁੰਚੇ ਪਸ਼ੂ ਪ੍ਰੇਮੀ ਅਸ਼ਵਨੀ ਸਿਆਲ ਵਲੋਂ ਕੀਤਾ ਗਿਆ। ਸਤਿਕਾਰਤ ਮਹਿਮਾਨ ਵਜੋਂ ਰੋਟਰੀ ਕਲੱਬ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਸਤਪਾਲ ਸੇਠੀ ਨੇ ਵੀ ਉਚੇਰੇ ਤੌਰ ਤੇ ਹਾਜਰੀ ਲਗਵਾਈ। ਪਤਵੰਤਿਆਂ ਵਲੋਂ 10 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡੇ ਗਏ ਅਤੇ ਬਲੱਡ ਬੈਂਕ ਵਲੋਂ ਸਮਾਜ ਸੇਵਾ 'ਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ ਲੁਧਿਆਣਾ ਤੋਂ ਡਾ. ਤਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਕਰੀਬ 110 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਨੂੰ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ ਨਵੇਂ ਜਬਾੜੇ ਬਣਾਉਣ ਦੀ ਅਗਲੀ ਪ੍ਰਕਿਰਿਆ ਪੂਰੀ ਕੀਤੀ ਗਈ। ਮਲਕੀਅਤ ਸਿੰਘ



ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 1 ਮਈ ਨੂੰ ਲਗਾਇਆ ਜਾਵੇਗਾ। ਇਸ ਮੌਕੇ ਰਜਿੰਦਰ ਵਰਮਾ, ਅਸ਼ੋਕ ਕੁਮਾਰ, ਤਾਰਾ ਚੰਦ ਚੁੰਬਰ, ਐੱਸ ਸੀ ਚਾਵਲਾ, ਠਾਕੁਰ ਗੁਲਾਬ ਸਿੰਘ, ਮੋਹਨ ਲਾਲ ਤਨੇਜਾ, ਗੁਲਸ਼ਨ ਕਪੂਰ, ਕੁਲਦੀਪ ਦੁੱਗਲ, ਸੁਧਾ ਬੇਦੀ, ਐੱਨ ਐੱਸ ਸੈਣੀ, ਰੂਪ ਲਾਲ, ਮੁਕੇਸ਼ ਕੁਮਾਰ ਤੇ ਰਮਨ ਨਹਿਰਾ ਆਦਿ ਹਾਜ਼ਰ ਸਨ।

## ਮਾਨਵ ਪਬਲਿਕ ਸਕੂਲ ਦਾ ਅੱਠਵੀਂ ਦਾ ਨਤੀਜਾ ਰਿਹਾ 100 ਫੀਸਦੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ )**- ਸਿੱਖਿਆ ਵਿਭਾਗ ਪੰਜਾਬ ਵੱਲੋਂ ਸੈਸ਼ਨ 2025-26 ਲਈ ਐਲਾਨੇ ਗਏ ਅੱਠਵੀਂ ਜਮਾਤ ਦੇ ਸਲਾਨਾ ਨਤੀਜਿਆਂ ਵਿੱਚ ਮਾਨਵ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਅੱਠਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 100 ਫੀਸਦੀ ਰਿਹਾ। ਜੈਜ਼ਲੀਨ ਕੌਰ ਨੇ 600 ਵਿੱਚੋਂ 541 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ, ਜੈਸਮੀਨ ਕੌਰ ਨੇ 600 ਵਿੱਚੋਂ 531 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਤੇ ਹਰਜੀਤ ਕੌਰ ਨੇ 600 ਵਿੱਚੋਂ 522 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪੂਨਮ ਬਾਲਾ ਨੇ 600 ਵਿੱਚੋਂ 514 ਚੌਥਾ ਸਥਾਨ ਅਤੇ ਰਿਧਿਕਾ ਨੇ 600 ਵਿੱਚੋਂ 513 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪੰਜਵਾਂ ਸਥਾਨ ਪ੍ਰਾਪਤ ਕੀਤਾ ।ਸਕੂਲ ਦੇ ਪ੍ਰਿੰਸੀਪਲ ਵੰਦਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਠਵੀਂ ਜਮਾਤ ਦਾ ਨਤੀਜਾ ਇਸ ਸਾਲ ਵੀ 100% ਰਿਹਾ। ਇਸ ਮੌਕੇ ਪ੍ਰਿੰਸੀਪਲ ਅਤੇ ਸਮੂਹ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸ਼ਾਨਦਾਰ ਨਤੀਜਿਆਂ ਦੀ ਵਧਾਈ ਦਿੱਤੀ।




# ਦੋਆਬਾ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ 100 ਫੀਸਦੀ

**ਮਾਹਿਲਪੁਰ (ਸ.ਫਰੀ)**- ਸੀ ਬੀ ਐੱਸ ਈ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਦੋਆਬਾ



ਪਬਲਿਕ ਸਕੂਲ, ਦੋਹਲਰੋਂ (ਮਾਹਿਲਪੁਰ) ਦੇ ਵਿਦਿਆਰਥੀਆਂ ਨੇ ਆਪਣੀ ਕਾਬਲੀਅਤ ਅਤੇ ਮਿਹਨਤ ਦਾ ਲੋਹਾ ਮਨਵਾਇਆ ਹੈ। ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕਰਦੇ ਹੋਏ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।ਮੈਨੇਜਿੰਗ ਡਾਇਰੈਕਟਰ ਸ੍ਰੀ ਹਰਜਿੰਦਰ ਸਿੰਘ ਗਿੱਲ ਨੇ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਇਸ ਵਾਰ ਦੇ ਨਤੀਜੇ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਸਮਰਪਣ ਭਾਵਨਾ ਅਤੇ ਮਾਤਾ-ਪਿਤਾ ਦੇ ਸਹਿਯੋਗ ਦਾ ਪ੍ਰਤੀਕ ਹਨ। ਚੇਅਰਪਰਸਨ ਸ੍ਰੀਮਤੀ ਹਰਪ੍ਰੀਤ ਕੌਰ ਨੇ ਦੱਸਿਆ ਕਿ ਸਕੂਲ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ ਤੇ ਸਾਰੇ ਵਿਦਿਆਰਥੀ ਸ਼ਾਨਦਾਰ ਤਰੀਕੇ ਨਾਲ ਪਾਸ ਹੋਏ ਹਨ।ਸੁਖਵਿੰਦਰ ਕੌਰ ਗਿੱਲ ਨੇ ਜਾਣਕਾਰੀ ਦਿੱਤੀ ਕਿ ਜਸ਼ਨਪ੍ਰੀਤ ਕੌਰ ਨੇ 99% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਤਨਿਕਾ ਜੱਸੀ ਨੇ 97% ਅਤੇ ਨਮਿਤਾ ਜੱਸੀ ਨੇ 96% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਅਰੁਣ ਗੁਪਤਾ ਨੇ ਇਸ ਕਾਮਯਾਬੀ ਲਈ ਹੋਣਹਾਰ ਵਿਦਿਆਰਥੀਆਂ, ਮਿਹਨਤੀ ਸਟਾਫ ਅਤੇ ਸਮਰਪਿਤ ਮਾਤਾ-ਪਿਤਾ ਨੂੰ ਦਿਲੋਂ ਵਧਾਈ ਦਿੱਤੀ।

## 'ਬਰਨਿੰਗ ਸਨੋਅ' 'ਤੇ ਸੰਵਾਦ ਅੱਜ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਵਿਭਾਗ ਦੀ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਇੱਕ ਪੁਸਤਕ: ਇੱਕ ਸੰਵਾਦ-2 ਅਨੁਵਾਨ ਤਹਿਤ ਕਥਾਕਾਰ ਨਿਰਮਲ ਜਸਵਾਲ ਦੀ ਕਥਾ ਪੁਸਤਕ 'ਬਰਨਿੰਗ ਸਨੋਅ' ਸੰਬੰਧੀ 17 ਅਪ੍ਰੈਲ ਨੂੰ ਸਵੇਰੇ 11.00 ਵਜੇ ਪ੍ਰੋ. ਮੋਹਨ ਸਿੰਘ ਦੀਵਾਨਾ ਹਾਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਵਾਦ ਰਚਾਇਆ ਜਾ ਰਿਹਾ ਹੈ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਵੱਲੋਂ ਜਾਰੀ ਕੀਤੇ ਪੋਸਟਰ ਅਨੁਸਾਰ ਇਸ ਸਮਾਗਮ ਦੀ ਪ੍ਰਧਾਨਗੀ ਡਾ. ਯੋਗਰਾਜ ਅੰਗਰਿਸ਼ ਕਰ ਰਹੇ ਹਨ, ਜਦਕਿ ਜਸਵੀਰ ਰਾਣਾ ਤੇ ਡਾ. ਜਤਿੰਦਰ ਸਿੰਘ ਖੋਜ ਪੱਤਰ ਪੇਸ਼ ਕਰਨਗੇ। ਪੁਸਤਕ 'ਤੇ ਬਹਿਸ ਦਾ ਅਰੰਭ ਜਤਿੰਦਰ ਹਾਂਸ ਵੱਲੋਂ ਕੀਤਾ ਜਾਵੇਗਾ।



# ਸ੍ਰੀ ਗੁਰੂ ਰਵਿਦਾਸ ਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਬਾਰੇ ਵਿਸ਼ੇਸ਼ ਲੈਕਚਰ

**ਮਾਹਿਲਪੁਰ (ਸ.ਫਰੀ)**- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਇਤਿਹਾਸ ਵਿਭਾਗ ਵਲੋਂ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ 135ਵੇਂ ਜਨਮ ਦਿਵਸ ਦੇ ਮੌਕੇ 'ਤੇ ਦੋ ਵਿਸ਼ੇਸ਼ ਲੈਕਚਰਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡੀ ਏ ਵੀ ਕਾਲਜ ਹੁਸ਼ਿਆਰਪੁਰ ਤੋਂ




ਪ੍ਰਿੰਸੀਪਲ ਵਿਨੈ ਕੁਮਾਰ ਨੇ ਡਾ. ਭੀਮ ਰਾਓ ਅੰਬੇਡਕਰ ਵੱਲੋਂ ਭਾਰਤੀ ਸਮਾਜ ਨੂੰ ਪਾਏ ਬਹੁਪਰਤੀ ਯੋਗਦਾਨ ਬਾਰੇ ਅਤੇ ਜੀ ਜੀ ਡੀ ਐੱਸ ਡੀ ਕਾਲਜ ਹਰਿਆਣਾ ਤੋਂ ਪ੍ਰੋ. ਸੁਰੇਸ਼ ਕੁਮਾਰ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਮੁੱਖ ਸੰਕਲਪਾਂ ਬਾਰੇ ਵਿਚਾਰ ਪੇਸ਼ ਕੀਤੇ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਇਤਿਹਾਸ ਵਿਭਾਗ ਦੇ ਮੁਖੀ ਡਾ. ਦੇਵ ਕੁਮਾਰ ਤੇ ਪ੍ਰੋ. ਅਨਿਲ ਕਲਸੀ ਨੇ ਮਹਿਮਾਨ ਬੁਲਾਰਿਆਂ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪਾਠਕ੍ਰਮ ਤੋਂ ਬਾਹਰ ਗਿਆਨ ਵਿਗਿਆਨ, ਰਾਜਨੀਤੀ ਅਤੇ ਹੋਰ ਵਿਸ਼ਿਆਂ ਦਾ ਸਾਹਿਤ ਪੜ੍ਹਨ ਦੀ ਪ੍ਰੇਰਨਾ ਦਿੱਤੀ ਤੇ ਸਮਾਜ ਨੂੰ ਵੱਡਾ ਯੋਗਦਾਨ ਪਾਉਣ ਵਾਲੇ ਰਹਿਬਰਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸਮਾਰੋਹ ਦੇ ਪਹਿਲੇ ਬੁਲਾਰੇ ਪ੍ਰਿੰਸੀਪਲ ਵਿਨੈ ਕੁਮਾਰ ਨੇ ਕਿਹਾ ਕਿ ਡਾ. ਅੰਬੇਡਕਰ ਨੂੰ ਸੰਵਿਧਾਨ ਨਿਰਮਾਤਾ ਅਤੇ ਦਲਿਤ ਸਮਾਜ ਦੇ ਸੁਧਾਰਵਾਦੀ ਆਗੂ ਵਜੋਂ ਜਾਣਿਆ ਜਾਂਦਾ ਹੈ ਪਰ ਉਨ੍ਹਾਂ ਦੀ ਸ਼ਖ਼ਸੀਅਤ ਦੇ ਹੋਰ ਵੀ ਅਨੇਕਾਂ ਪੱਖ ਸਨ। ਉਨ੍ਹਾਂ ਦੱਸਿਆ ਕਿ ਡਾ ਅੰਬੇਡਕਰ ਨੇ ਔਰਤਾਂ ਦੇ ਹੱਕਾਂ ਅਧਿਕਾਰਾਂ ਪ੍ਰਤੀ ਅਨੇਕਾਂ ਮਹੱਤਵਪੂਰਨ ਕੰਮ ਕੀਤ। ਪ੍ਰੋ. ਸੁਰੇਸ਼ ਕੁਮਾਰ ਨੇ ਭਗਤੀ ਅੰਦੋਲਨ ਵਿੱਚ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਮੂਲ ਸੰਕਲਪਾਂ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਵਲੋਂ ਆਪਣੀ ਬਾਣੀ ਵਿੱਚ ਦਿੱਤਾ ਬੇਗਮਪੁਰਾ ਦਾ ਸੰਕਲਪ ਭਾਰਤੀ ਸਮਾਜ ਦੇ ਸੁਧਾਰ ਦਾ ਵਿਸ਼ੇਸ਼ ਮਾਡਲ ਹੈ ।

# ਬਾਬਾ ਰਜਿੰਦਰ ਸਿੰਘ ਜੌਹਲ ਦਾ ਅੰਤਮ ਸੰਸਕਾਰ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਜੰਡਿਆਲਾ ਦੀ ਸਿਆਸਤ ਦੇ ਥੰਮ ਵਜੋਂ ਜਾਣੇ ਜਾਂਦੇ ਰਹੇ ਤੇ ਲੰਬਾ ਸਮਾਂ ਸਰਪੰਚ,ਜ਼ਿਲ੍ਹਾ ਪਰਿਸ਼ਦ ਮੈਂਬਰ,ਕਾਂਗਰਸ ਜਲੰਧਰ ਦਿਹਾਤੀ ਦੇ ਪ੍ਰਧਾਨ, ਜਲੰਧਰ ਸੈਂਟਰਲ ਕੋ ਆਪਰੇਟਿਵ ਬੈਂਕ ਦੇ ਡਾਇਰੈਕਟਰ, ਮੈਨੇਜਿੰਗ ਡਾਇਰੈਕਟਰ ਤੇ ਹੋਰ ਵੱਖ ਵੱਖ ਅਹੁਦਿਆਂ ਤੇ ਰਹੇ ਬਾਬਾ ਰਜਿੰਦਰ ਸਿੰਘ ਜੌਹਲ ਜੋ 13 ਅਪ੍ਰੈਲ ਨੂੰ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ ਦਾ ਸੰਸਕਾਰ 17 ਅਪ੍ਰੈਲ ਦਿਨ ਸ਼ੁਕਰਵਾਰ ਨੂੰ ਮਿਲਖਾ ਸਿੰਘ ਮਾਰਕੀਟ ਦੇ ਸਾਹਮਣੇ ਸ਼ਮਸ਼ਾਨ ਘਾਟ ਵਿੱਚ ਦੁਪਹਿਰ 12 ਵਜੇ ਕੀਤਾ ਜਾਵੇਗਾ। ਉਨਾਂ ਦੀ ਅੰਤਿਮ ਅਰਦਾਸ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 18 ਅਪ੍ਰੈਲ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਬਾਬਾ ਭੂਮੀਆ ਜੀ, ਥਾਬਲਕੇ ਰੋਡ ਜੰਡਿਆਲਾ ਮੰਜਕੀ ਵਿੱਚ ਦੁਪਹਿਰ 12 ਵਜੇ ਤੋਂ ਡੇਢ ਵਜੇ ਤੱਕ ਹੋਵੇਗੀ। ਆਜ਼ਾਦੀ ਘੁਲਾਟੀਏ ਬਾਬਾ ਲਛਮਣ ਸਿੰਘ ਜੌਹਲ ਦੇ ਸਪੁੱਤਰ ਬਾਬਾ ਰਜਿੰਦਰ ਸਿੰਘ ਜੌਹਲ ਦੇ ਰਾਜਨੀਤਕ ਮਤਭੇਦ ਹੋਣ ਦੇ ਬਾਵਜੂਦ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਉਹਨਾਂ ਦਾ ਬੇਹੱਦ ਸਤਿਕਾਰ ਕਰਦੇ ਸਨ। ਉਹ ਆਪਣੇ ਪਿੱਛੇ ਦੋ ਬੇਟੇ ਜਤਿੰਦਰ ਸਿੰਘ ਜੌਹਲ ਅਤੇ ਰਾਜਦੀਪ ਸਿੰਘ ਜੌਹਲ ਤੇ ਉਹਨਾਂ ਦਾ ਪਰਵਾਰ ਛੱਡ ਗਏ ਹਨ। ਉਹਨਾਂ ਦੇ ਵੱਡੇ ਵੀਰ ਰਵਿੰਦਰ ਸਿੰਘ ਜੌਹਲ ਯੂਕੇ ਵਿੱਚ ਇੰਡੀਅਨ ਓਵਰਸੀਜ ਕਾਂਗਰਸ ਦੇ ਜਨਰਲ ਸਕੱਤਰ ਰਹੇ ਹਨ। ਬਾਬਾ ਰਜਿੰਦਰ ਸਿੰਘ ਜੌਹਲ ਦੇ ਪਰਵਾਰ ਨਾਲ ਸੰਤੋਸ਼ ਚੌਧਰੀ ਸਾਬਕਾ ਕੇਂਦਰੀ ਮੰਤਰੀ, ਮਹਿੰਦਰ ਸਿੰਘ ਕੇ ਪੀ, ਅਮਰਜੀਤ ਸਿੰਘ ਸਮਰਾ,ਗੁਰਪ੍ਰਤਾਪ ਸਿੰਘ ਵਡਾਲਾ, ਸਰੂਪ ਸਿੰਘ ਢੇਸੀ, ਰਾਜਪਾਲ ਸਿੰਘ ਅਟਵਾਲ, ਸੁਖਵਿੰਦਰ ਸਿੰਘ ਟਿਵਾਣਾ, ਸੁਖਪ੍ਰੀਤ ਸਿੰਘ ਜੌਹਲ, ਮੱਖਣ ਪੱਲਣ ਚੇਅਰਮੈਨ, ਚੌਧਰੀ ਰਵਿੰਦਰ, ਵਿਧਾਇਕ ਪ੍ਰਗਟ ਸਿੰਘ, ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਆਦਿ ਨੇ ਘਰ ਪਹੁੰਚ ਕੇ ਤੇ ਫੋਨ ਰਾਹੀਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। 18 ਅਪ੍ਰੈਲ ਨੂੰ ਉਹਨਾਂ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਪਾਰਟੀਆਂ ਦੇ ਆਗੂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।



# ਸੂਬਾ ਕਨਵੀਨਰ ਤੇ ਯੂਨੀਅਨ ਆਗੂਆਂ ਨੂੰ ਪੁਲਸ ਹਿਰਾਸਤ 'ਚ ਲੈਣ ਦੀ ਨਿਖੇਧੀ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐੱਫ ਯੂਨੀਅਨ ਪੰਜਾਬ ਵੱਲੋਂ ਆਪਣੀ ਹੱਕੀ ਮੰਗ ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਕਾਲੀਆਂ ਝੰਡੀਆਂ ਦਿਖਾਉਣ ਦਾ ਸਥਾਈ ਐਲਾਨ ਕੀਤਾ ਹੋਇਆ ਹੈ। ਮੁੱਖ ਮੰਤਰੀ ਦੀ ਟਾਂਡਾ ਉੜਮੁੜ ਫੇਰੀ ਸੀ, ਜਿਸ ਤੋਂ ਖਫ਼ਾ ਹੋ ਕੇ ਪੰਜਾਬ ਸਰਕਾਰ ਨੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਘਰ ਵਿੱਚ ਨਜ਼ਰਬੰਦ ਕੀਤਾ। ਇਸ ਤੋਂ ਇਲਾਵਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ, ਸੰਜੀਵ ਧੂਤ, ਜਿਲ੍ਹਾ ਉਪ-ਪ੍ਰਧਾਨ ਪ੍ਰਿੰਸ ਪਲਿਆਲ ਗੜ੍ਹਦੀਵਾਲਾ, ਅਮਰ ਸਿੰਘ ਅਤੇ ਸਰਬਜੀਤ ਸਿੰਘ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਗੌਰਮਿੰਟ ਟੀਚਰਜ਼ ਯੂਨੀਅਨ ਤੇ ਸੀ ਪੀ ਐੱਫ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਗੜ੍ਹਦੀਵਾਲ, ਭੂੰਗਾ, ਟਾਂਡਾ ਅਤੇ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਅੰਦਰ ਡੱਕ ਦਿੱਤਾ। ਜਿਸ ਦੀ ਯੂਨੀਅਨ ਦੇ ਆਗੂਆਂ ਰਜਤ ਮਹਾਜਨ, ਵਰਿੰਦਰ ਵਿੱਕੀ, ਸਤੀਸ਼ ਕੁਮਾਰ, ਵਿਕਾਸ ਸ਼ਰਮਾ, ਸਤ ਪ੍ਰਕਾਸ਼ ਅਤੇ ਪਰਮਜੀਤ ਕਾਤਿਬ ਨੇ ਨਿੰਦਾ ਕੀਤੀ। ਉਹਨਾਂ ਕਿਹਾ ਕਿ ਸਰਕਾਰ ਪੁਰਾਣੀ ਪੈਨਸ਼ਨ ਦਾ 18 ਨਵੰਬਰ 2022 ਦਾ ਆਪਣਾ ਅਧੂਰਾ ਨੋਟੀਫਿਕੇਸ਼ਨ ਤੁਰੰਤ ਪੂਰਾ ਕਰੇ ਅਤੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਰਕਾਰੀ ਕਰਮਚਾਰੀਆਂ ਨਾਲ ਕੀਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਨਿਭਾਵੇ। ਇਸ ਮੌਕੇ ਬਲਵਿੰਦਰ ਟਾਕ, ਬ੍ਰਿਜ ਮੋਹਨ, ਪਰਮਜੀਤ ਸਿੰਘ, ਰਿਸ਼ਵ ਦੇਵ, ਜਸਵੰਤ ਸਿੰਘ, ਮਨਜੀਤ ਸਿੰਘ, ਖੁਸ਼ਵੰਤ ਸਿੰਘ, ਰਮਾਕਾਂਤ, ਪਰਸ ਰਾਮ, ਜਸਵੀਰ ਬਾਜਾਚੱਕ, ਜਸਵੀਰ ਬੋਦਲ, ਜਗਵਿੰਦਰ ਸਿੰਘ, ਨਰੇਸ਼ ਮਿੱਡਾ, ਸੁਸ਼ੀਲ ਪਠਾਨੀਆ, ਨਰਿੰਦਰ ਅਜਨੋਹਾ, ਲੈਕ.ਰਾਜੇਸ਼ ਕੁਮਾਰ, ਦਵਿੰਦਰ ਸਿੰਘ, ਚਮਨ ਲਾਲ, ਰਾਜਿੰਦਰ ਠਾਕੁਰ, ਅਮਰਜੀਤ ਸਿੰਘ, ਰਵਿੰਦਰ ਸਿੰਘ, ਤਰਸੇਮ ਲਾਲ, ਰਮੇਸ਼ ਕੁਮਾਰ, ਨੀਲ ਕਮਲ, ਵੈਸ਼ਨਵ ਕੁਮਾਰ, ਨਸੀਬ ਕੁਮਾਰ, ਸਮਰੱਥ ਠਾਕੁਰ, ਤਿਲਕ ਰਾਜ, ਸੁਰਿੰਦਰ ਸਿੰਘ, ਸੁਦੇਸ਼ ਮਹਾਜਨ, ਸਤਪਾਲ ਡੀ ਪੀ, ਕਸ਼ਮੀਰ ਸਿੰਘ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

# ਅੰਬੇਡਕਰ ਜੈਅੰਤੀ 'ਤੇ ਕੱਢੀ ਵਿਸ਼ਾਲ ਸ਼ੋਭਾ ਯਾਤਰਾ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜ਼ਿ. ਮਾਹਿਲਪੁਰ ਵੱਲੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ 'ਤੇ 15ਵੀਂ ਵਿਸ਼ਾਲ ਸ਼ੋਭਾ ਯਾਤਰਾ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ ਅਤੇ ਸੀਨੀਅਰ ਮੈਂਬਰ ਨਿਰਮਲ ਕੌਰ ਬੋਧ ਦੀ ਯੋਗ ਅਗਵਾਈ ਹੇਠ ਕੱਢੀ ਗਈ। ਇਹ ਸ਼ੋਭਾ ਯਾਤਰਾ ਗੁ. ਸਤਿਗੁਰੂ ਰਵਿਦਾਸ ਮਹਾਰਾਜ ਬੀ ਡੀ ਓ ਕਾਲੋਨੀ ਮਾਹਿਲਪੁਰ ਤੋਂ ਰਵਾਨਾ ਹੋਈ। ਇਸ ਅਸਥਾਨ ਤੇ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਦੀ ਪ੍ਰਬੰਧਕ ਕਮੇਟੀ ਵੱਲੋਂ ਧਰਮ ਸਿੰਘ ਫੌਜੀ, ਥਾਣੇਦਾਰ ਬਲਵਿੰਦਰ ਸਿੰਘ ਤੇ ਐੱਮ ਸੀ ਸੁਰਿੰਦਰ ਕੌਰ ਅਤੇ ਹੋਰ ਵਾਰਡ ਨਿਵਾਸੀਆਂ ਵੱਲੋਂ ਸੰਗਤਾਂ ਲਈ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਤੋਂ ਬਾਅਦ ਫਗਵਾੜਾ ਰੋਡ ਤੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਡਾਰੀਆਂ ਵੱਲੋਂ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਸੰਗਤਾਂ ਨੂੰ ਆਈਸ ਕ੍ਰੀਮ ਦੀ ਸੇਵਾ ਕੀਤੀ ਗਈ। ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਅੰਬੇਡਕਰ ਨਗਰ ਪਹੁੰਚਣ ਤੇ ਕਮੇਟੀ ਪ੍ਰਧਾਨ ਗੁਰਮੀਤ ਸਿੰਘ ਲੰਬੜਦਾਰ, ਮਿਸ਼ਨਰੀ ਆਗੂ ਬਿਸ਼ਨ ਦਾਸ ਕਰੜਾ, ਨਿਰਮਲ ਰਾਮ, ਗੁਰਮੁਖ ਸਿੰਘ ਅਤੇ ਕਮੇਟੀ ਮੈਂਬਰਾਂ ਨੇ ਸ਼ੋਭਾ ਯਾਤਰਾ ਦਾ ਭਰਵਾਂ ਸੁਵਾਗਤ ਕੀਤਾ ਅਤੇ ਸੰਗਤਾਂ ਨੂੰ ਛੋਲੇ ਪੂੜੀਆਂ ਅਤੇ ਖੀਰ ਦਾ ਪ੍ਰਸ਼ਾਦਾ ਛਕਾਇਆ। ਕਮੇਟੀ ਮੈਂਬਰਾਂ ਨੇ ਸੁਸਾਇਟੀ ਨੂੰ ਮਾਇਕ ਸਹਿਯੋਗ ਵੀ ਦਿੱਤਾ। ਮੇਨ ਚੌਂਕ ਮਾਹਿਲਪੁਰ ਵਿਖੇ ਪਹੁੰਚਣ ਤੇ ਸੰਧੀ ਕਲਾਥ ਹਾਊਸ ਵੱਲੋਂ ਅਮਰਜੀਤ ਸਿੰਘ ਸੰਧੀ ਅਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਫਰੂਟ ਦਾ ਲੰਗਰ ਲਗਾਇਆ ਗਿਆ। ਭਗਵਾਨ ਵਾਲਮੀਕ ਮੰਦਰ ਹੁਸ਼ਿਆਰਪੁਰ ਰੋਡ ਮਾਹਿਲਪੁਰ ਵਿਖੇ ਪਹੁੰਚਣ ਤੇ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਸੰਗਤਾਂ ਨੇ ਇਸ ਅਸਥਾਨ ਤੇ ਸਥਿਤ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਤੇ ਪ੍ਰਨਾਮ ਕੀਤਾ। ਇਸ ਮੌਕੇ ਕਮੇਟੀ ਪ੍ਰਧਾਨ ਬਲਵਿੰਦਰ ਮਰਵਾਹਾ ਐੱਮ ਸੀ, ਸੀਮਾ ਰਾਣੀ ਬੋਧ ਪ੍ਰਧਾਨ ਮਾਤਾ ਰਾਮਾ ਬਾਈ ਅੰਬੇਡਕਰ ਵੈਲਫੇਅਰ ਸੋਸਾਇਟੀ, ਜਗਤਾਰ ਸਿੰਘ ਸਾਬਕਾ ਐੱਸ ਡੀ ਓ ਬਿਜਲੀ ਬੋਰਡ, ਸੁਨੀਤਾ ਸਾਬਕਾ ਮੈਂਬਰ ਬਲਾਕ ਸੰਮਤੀ ਅਤੇ ਉਹਨਾਂ ਦੇ ਹੋਰ ਸਾਥੀਆਂ ਵੱਲੋਂ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਸੰਗਤਾਂ ਦਾ ਸਵਾਗਤ ਕੀਤਾ ਗਿਆ, ਪ੍ਰਸ਼ਾਦ ਵੰਡਿਆ ਗਿਆ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸ਼ਹੀਦਾਂ ਰੋਡ ਵਾਰਡ ਨੰਬਰ ਛੇ ਸੱਤ ਧਰਮਸ਼ਾਲਾ ਵਿਖੇ ਪਹੁੰਚਣ ਤੇ ਡਾਕਟਰ ਅੰਬੇਡਕਰ ਵੈਲਫੇਅਰ ਸੋਸਾਇਟੀ ਦੀ ਪ੍ਰਧਾਨ ਗੀਨਾ ਰਾਣੀ, ਐੱਮ ਸੀ ਬਲਦੇਵ ਸਿੰਘ, ਸੱਤਿਆ ਦੇਵੀ ਤੇ ਹੋਰ ਵਾਰਡ ਨਿਵਾਸੀਆਂ ਵੱਲੋਂ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਸੰਗਤਾਂ ਦਾ ਭਰਪੂਰ ਸਵਾਗਤ ਕੀਤਾ। ਇਸ ਅਸਥਾਨ ਤੇ ਸਰਦਾਰ ਚਰਨਜੀਤ ਸਿੰਘ ਚੰਨੀ ਓ.ਐਸ.ਡੀ. ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਤੇ ਨਗਰ ਪੰਚਾਇਤ ਮਾਹਿਲਪੁਰ ਦੇ ਪ੍ਰਧਾਨ ਸਰਦਾਰ ਦਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਸੰਗਤਾਂ ਨੂੰ ਬਾਬਾ ਸਾਹਿਬ ਵਲੋਂ ਕੀਤੇ ਕਾਰਜਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਸੋਸਾਇਟੀ ਦੀ ਪ੍ਰਧਾਨ ਰੇਖਾ ਰਾਣੀ, ਮੀਤ ਪ੍ਰਧਾਨ ਸੁਮੀਤਾ, ਨਿਰਮਲ ਕੌਰ ਬੋਧ, ਸ਼ਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਰਾਜੀਵ ਬੰਗੜ, ਅਮਰਜੀਤ ਕੌਰ, ਗਗਨਦੀਪ ਕੌਰ ਸੋਨੂ, ਗੁਰਪਾਲ ਕੌਰ, ਕਮਲਦੀਪ ਕੌਰ, ਸਿਮੀ, ਸੀਮਾ, ਤਰਸੇਮ ਕੌਰ, ਸੁਰਿੰਦਰ ਕੌਰ ਐਮ.ਸੀ, ਦੀਆ ਰਾਣੀ, ਧਰਮ ਸਿੰਘ ਫੌਜੀ, ਥਾਣੇਦਾਰ ਸੁਖਦੇਵ ਸਿੰਘ, ਮਾਸਟਰ ਜੈ ਰਾਮ ਬਾੜੀਆਂ, ਡਾਕਟਰ ਪਰਮਿੰਦਰ ਸਿੰਘ, ਲੈਕਚਰਾਰ ਦਵਿੰਦਰ ਕੌਰ, ਡਾਕਟਰ ਕੁਲਵਿੰਦਰ ਬਿੱਟੂ ਸੈਲਾ ਸਮੇਤ ਸੁਸਾਇਟੀ ਦੇ ਮੈਂਬਰ ਤੇ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਕੇਂਦਰ ਸਰਕਾਰ ਪੰਜਾਬ ਨਾਲ ਕਰ ਰਹੀ ਮਤਰੇਈ ਮਾਂ ਵਾਲਾ ਸਲੂਕ : ਬਰਸਟ

ਮੁਹਾਲੀ (ਗੁਰਜੀਤ ਬਿੱਲਾ)- ਹਰਚੰਦ ਸਿੰਘ ਬਰਸਟ, ਜਨਰਲ ਸਕੱਤਰ ਆਮ ਆਦਮੀ ਪਾਰਟੀ, ਪੰਜਾਬ ਅਤੇ ਚੇਅਰਮੈਨ, ਪੰਜਾਬ ਮੰਡੀ ਬੋਰਡ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਕਿਸਾਨਾਂ ਦੀਆਂ ਮੰਡੀਆਂ ਵਿੱਚ ਪਈ ਫਸਲ ਨੂੰ ਤੁਰੰਤ ਖਰੀਦ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ 6 ਮਹੀਨਿਆਂ ਤੋਂ ਪੱਲੇ ਤੋਂ ਪੈਸੇ ਖਰਚ ਕਰਕੇ, ਮਹਿੰਗੇ ਬੀਜ ਅਤੇ ਖਾਦਾਂ ਪਾ ਕੇ ਫਸਲ ਮੰਡੀਆਂ ਵਿੱਚ ਪਈ ਹੈ। ਮੌਸਮ ਦੀ ਮਾਰ ਝੱਲਦੇ ਹੋਏ ਦੇਸ਼ ਦੇ ਅੰਨ ਭੰਡਾਰ ਨੂੰ ਪੂਰਾ ਕਰਨ ਲਈ ਕਿਸਾਨਾਂ ਨੇ ਦਿਨ-ਰਾਤ ਮਿਹਨਤ ਕੀਤੀ ਹੈ।ਮੰਡੀਆਂ ਵਿੱਚ ਪਈ ਸੁੱਕੀ ਕਣਕ ਕੇਂਦਰ ਸਰਕਾਰ ਦੇ ਰਹਿਮੋ-ਕਰਮ 'ਤੇ ਹੈ। ਕੇਂਦਰ ਦੀ ਭਾਜਪਾ ਸਰਕਾਰ ਇੱਕ ਪਾਸੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਲਈ ਕਿਸਾਨ ਹਿਤੈਸ਼ੀ ਹੋਣ ਦੇ ਦਾਅਵੇ ਕਰਦੀ ਹੈ ਅਤੇ ਦੂਜੇ ਪਾਸੇ ਹਰ ਪੱਧਰ 'ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀਆਂ ਸਮੂਹ ਮੰਡੀਆਂ ਵਿੱਚ ਕਣਕ ਦੀ ਖਰੀਦੋ-ਫਰੋਖਤ ਕਰਨ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਹਰ ਮੰਡੀ ਵਿੱਚ ਸਫਾਈ, ਪੀਣ ਵਾਲਾ ਪਾਣੀ, ਬਿਜਲੀ, ਕਿਸਾਨਾਂ-ਮਜ਼ਦੂਰਾਂ ਦੇ ਬੈਠਣ ਲਈ ਛਾਂ ਅਤੇ ਵੱਖ-ਵੱਖ ਏਜੰਸੀਆਂ ਪਨਗ੍ਰੇਨ, ਪਨਸਪ, ਮਾਰਕਫੈਡ, ਵੇਅਰ ਹਾਊਸ ਸ਼ਾਮਲ ਹੈ, ਦਾ ਸਟਾਫ਼ ਤੈਨਾਤ ਕੀਤਾ ਗਿਆ ਹੈ। ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਵਿੱਚ 1896 ਮੰਡੀਆਂ ਅਤੇ 759 ਆਰਜ਼ੀ ਮੰਡੀਆਂ ਬਣਾ ਕੇ ਕਿਸਾਨਾਂ ਦੀ ਫਸਲ ਵਿਕਣ ਦੇ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿੱਖੇ ਕਿਸਾਨਾਂ ਦੀ ਸਹੂਲਤ ਲਈ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ।

# ਕੇਨ ਕਮਿਸ਼ਨਰ ਵੱਲੋਂ ਖ਼ਾਦ ਵਿਕਰੇਤਾਵਾਂ ਤੇ ਪਲਾਈਵੁੱਡ ਇੰਡਸਟਰੀ ਦੀ ਚੈਕਿੰਗ

ਬੰਗਾ/ਬਲਾਚੌਰ (ਅਵਤਾਰ ਕਲੇਰ, ਜਸਵਿੰਦਰ ਬੈਂਸ)

ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਗੁਰਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਕਿਸਾਨਾਂ ਨੂੰ ਮਿਆਰੀ ਤੇ ਸਮੇਂ ਸਿਰ ਖੇਤੀ ਸਮਗਰੀ ਉਪਲਬਧ ਕਰਵਾਉਣ ਦੇ ਮੰਤਵ ਲਈ ਰਾਜ ਪੱਧਰੀ ਨਿਗਰਾਨ ਟੀਮਾਂ ਵਲੋਂ ਸਮੂਹ ਜ਼ਿਲ੍ਹਿਆਂ ਵਿਚ ਖਾਦ ਡੀਲਰਾਂ ਦੀਆਂ ਦੁਕਾਨਾਂ, ਗੋਦਾਮਾਂ ਅਤੇ ਪਲਾਈਵੁਡ ਉਦਯੋਗਿਕ ਇਕਾਈਆਂ ਦੀ ਚੈਕਿੰਗ ਕੀਤੀ ਗਈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਰਾਜ ਪੱਧਰੀ ਟੀਮ ਵੱਲੋਂ ਬਹਿਰਾਮ, ਬੰਗਾ, ਮੁਕੰਦਪੁਰ, ਰਾਹੋ, ਨਵਾਂਸ਼ਹਿਰ ਤੇ ਬਲਾਚੌਰ ਵਿਚ ਖਾਦ ਵਿਕ੍ਰੇਤਾਵਾਂ ਦੇ ਗੁਦਾਮਾਂ ਦੀ ਚੈਕਿੰਗ ਕੀਤੀ ਤੇ ਸੈਂਪਲਿੰਗ ਕਰਵਾਈ ਗਈ। ਬਲਾਚੌਰ ਵਿਚ ਸਥਿਤ ਪਲਾਈਵੁਡ ਉਦਯੋਗਿਕ ਇਕਾਈਆਂ ਦੀ ਵੀ ਚੈਕਿੰਗ ਕੀਤੀ ਗਈ। ਇਸ ਟੀਮ ਵਿੱਚ ਡਾ ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ, ਡਾ. ਲੇਖ ਰਾਜ ਮਾਹੀ ਮੁੱਖ ਖੇਤੀਬਾੜੀ ਅਫ਼ਸਰ, ਡਾ. ਗੁਰਪ੍ਰੀਤ ਸਿੰਘ ਖੇਤੀਬਾੜੀ ਅਫਸਰ ਫਤਿਹਗੜ ਚੂੜੀਆ, ਡਾ. ਰਾਜ ਕੁਮਾਰ ਖੇਤੀਬਾੜੀ ਅਫਸਰ ਨਵਾਂਸ਼ਹਿਰ, ਡਾ. ਲਛਮਣ ਦਾਸ ਖੇਤੀਬਾੜੀ ਅਫਸਰ ਬੰਗਾ, ਡਾ. ਪੰਕਜ ਸਿੰਘ ਖੇਤੀਬਾੜੀ ਅਫਸਰ ਬਲਾਚੌਰ, ਡਾ ਵਿਜੈ ਮਹੇਸ਼ੀ ਖੇਤੀਬਾੜੀ ਵਿਕਾਸ ਅਫਸਰ (ਇਨਫੋ), ਡਾ. ਕੁਲਦੀਪ ਸਿੰਘ, ਡਾ. ਮੋਨਿਕਾ, ਡਾ. ਜਗਮਨਦੀਪ ਕੌਰ ਸਾਰੇ ਖੇਤੀਬਾੜੀ ਵਿਕਾਸ ਅਫਸਰ ਸ਼ਾਮਲ ਸਨ।ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਲਗਾਤਾਰ ਯੂਰੀਆ ਖਾਦ ਦੀ ਵਰਤੋਂ ਵੱਧ ਰਹੀ ਹੈ ਤੇ ਵੇਖਣ ਵਿਚ ਆਇਆ ਹੈ ਕਿ ਸਬਸਿਡੀ ਵਾਲੀ ਯੂਰੀਆ ਖਾਦ ਦੀ ਵਰਤੋਂ ਫੀਡ ਤੇ ਪਲਾਈਵੁੱਡ ਇੰਡਸਟਰੀ ਵਿਚ ਸੰਭਵ ਹੈ, ਜੋ ਕਿ ਗੈਰ ਕਾਨੂੰਨੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਉਦਯੋਗਿਕ ਇਕਾਈਆਂ ਵਿਚ ਯੂਰੀਆ ਖਾਦ ਦੀ ਵਰਤੋਂ ਨੂੰ ਰੋਕਣ ਸਬੰਧੀ ਪੂਰੇ ਪੰਜਾਬ ਵਿਚ ਚੈਕਿੰਗ ਕੀਤੀ ਜਾ ਰਹੀ ਹੈ।



# ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ



ਹੁਸ਼ਿਆਰਪੁਰ (ਬਲਵੀਰ ਸੈਣੀ)

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਹੁਸ਼ਿਆਰਪੁਰ ਦੀ ਮੀਟਿੰਗ ਜ਼ਿਲ੍ਹਾ ਕਨਵੀਨਰ ਓਂਕਾਰ ਸਿੰਘ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਵਿਖੇ ਹੋਈ ਜਿਸ ਵਿੱਚ ਸਾਂਝੇ ਫਰੰਟ ਵਿੱਚ ਸ਼ਾਮਲ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਵਲੋਂ ਸ਼ਮੂਲੀਅਤ ਕੀਤੀ ਗਈ।ਮੀਟਿੰਗ ਵਿੱਚ ਸਭ ਤੋਂ ਪਹਿਲਾਂ ਸਾਂਝੇ ਫਰੰਟ ਵਲੋਂ ਬੱਜਟ ਸੈਸ਼ਨ ਦੌਰਾਨ ਮਿਤੀ 8-11 ਮਾਰਚ ਤੱਕ ਚੰਡੀਗੜ੍ਹ ਵਿਖੇ ਕੀਤੇ ਲਗਾਤਾਰ ਸੰਘਰਸ਼ ਦਾ ਰਿਵਿਊ ਕੀਤਾ ਗਿਆ। ਸਾਂਝੇ ਫਰੰਟ ਦੇ ਸੂਬਾਈ ਆਗੂ ਕੁਲਵਰਨ ਸਿੰਘ ਵਲੋਂ 21 ਮਾਰਚ ਅਤੇ 4 ਅਪ੍ਰੈਲ ਨੂੰ ਲੁਧਿਆਣਾ ਵਿਖੇ ਹੋਈਆਂ ਸੂਬਾਈ ਮੀਟਿੰਗਾਂ ਦੀ ਰਿਪੋਰਟਿੰਗ ਕੀਤੀ ਗਈ ਤੇ ਮੀਟਿੰਗ ਵਿੱਚ ਪਾਸ ਐਲਾਨੇ ਗਏ ਅਗਲੇ ਸੰਘਰਸ਼ਾਂ ਸਬੰਧੀ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਮੀਟਿੰਗ ਵਿੱਚ ਕੀਤੇ ਗਏ ਫੈਸਲਿਆਂ ਅਨੁਸਾਰ ਪਹਿਲੀ ਮਈ ਨੂੰ ਕੇਂਦਰ ਅਤੇ ਰਾਜ ਸਰਕਾਰ ਵਿਰੋਧੀ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ ਅਤੇ ਮਿਤੀ 17 ਮਈ ਨੂੰ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਂਸ਼ਨ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਵਿੱਚ ਸਾਂਝੇ ਫਰੰਟ ਦੇ ਆਗੂਆਂ ਬਹਾਦਰ ਸਿੰਘ, ਮਨਜੀਤ ਸੈਣੀ, ਇੰਦਰਜੀਤ ਵਿਰਦੀ, ਬਲਵੀਰ ਸੈਣੀ, ਸੁਰਿੰਦਰ ਕੁਮਾਰ, ਕੁਲਵਚੰਤ ਸਿੰਘ ਸੈਣੀ, ਨਰੇਸ਼ ਕੁਮਾਰ, ਸ਼ਮਸ਼ੇਰ ਸਿੰਘ ਧਾਮੀ, ਹਰਮੇਸ਼ ਲਾਲ, ਰਕੇਸ਼ ਕੁਮਾਰ ਆਦਿ ਆਗੂਆਂ ਵਲੋਂ ਸਰਕਾਰ ਦੀਆਂ ਨੀਤੀਆਂ ਅਤੇ ਕੀਤੇ ਜਾ ਰਹੇ ਸੰਘਰਸ਼ਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਮੀਟਿੰਗ ਵਿੱਚ ਪਹਿਲੀ ਮਈ ਨੂੰ ਜਨਤਕ ਜੱਥੇਬੰਦੀਆਂ ਨਾਲ ਸਾਂਝੇ ਤੌਰ ਤੇ ਵੱਖ-ਵੱਖ ਬਲਾਕਾਂ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਦਿਨ ਭਰਵੀਂ ਸ਼ਮੂਲੀਅਤ ਦਾ ਵਾਅਦਾ ਕੀਤਾ ਗਿਆ। 17 ਮਈ ਨੂੰ ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਕਨਵੈਨਸ਼ਨ ਵਿੱਚ ਸੂਬਾ ਪੱਧਰ ਤੇ ਜੱਥੇਬੰਦੀਆਂ ਨੂੰ ਲਗਾਏ ਕੋਟੇ ਅਨੁਸਾਰ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਫਰੰਟ ਤੋਂ ਬਾਹਰ ਰਹਿ ਗਈਆਂ ਜੱਥੇਬੰਦੀਆਂ ਨੂੰ ਵੀ ਸ਼ਾਮਲ ਕਰਕੇ ਫਰੰਟ ਨੂੰ ਹੋਰ ਵੀ ਮਜ਼ਬੂਤ ਕੀਤਾ ਜਾਵੇ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਹਰਵਿੰਦਰ ਸਿੰਘ, ਸੋਮ ਪ੍ਰਕਾਸ਼, ਰਾਮ ਦਿੱਤਾ, ਬਲਵੰਤ ਸਿੰਘ, ਸਤਨਾਮ ਸਿੰਘ, ਗੁਰਚਰਨ ਸਿੰਘ, ਕਮਲਜੀਤ ਸਿੰਘ, ਕੇ.ਡੀ. ਜੱਸਲ ਆਦਿ ਆਗੂ ਵੀ ਹਾਜਰ ਸਨ।

# ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਨੇ ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ

ਮੋਰਿੰਡਾ (ਨਿਹਾਲ ਸਿੰਘ ਕਲਸੀ)

ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਪੰਜਾਬ ਵਲੋਂ ਮੋਰਿੰਡਾ ਵਿਖੇ ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਦਿਵਸ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਖ ਵੱਖ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਤੇ ਵਲੰਟੀਅਰਜ਼ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਆਗੂ ਮੋਹਣ ਲਾਲ ਕਾਲਾ ਸਾਬਕਾ ਕੌਂਸਲਰ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਨੈਲ ਸਿੰਘ ਜੀਤ, ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਨੇ ਕੀਤੀ। ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਐਡਵੋਕੇਟ ਪਰਮਿੰਦਰ ਸਿੰਘ ਤੂਰ, ਸੀਨੀਅਰ ਆਗੂ ਹਰਮਿੰਦਰ ਸਿੰਘ ਲੱਕੀ,ਕੁਲਵੀਰ ਸਿੰਘ ਸੋਨੂੰ ਸ੍ਰਪਰਸਤ ਮਹਾਰਾਜਾ ਸ੍ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ, ਪ੍ਰਿੰਸੀਪਲ ਬਾਵਾ ਸਿੰਘ ਲੱਧੜ,ਮੁਲਾਜ਼ਮ ਆਗੂ ਸੁਖਵਿੰਦਰ ਸਿੰਘ ਦੁਮਣਾ, ਗੁਰਦਰਸ਼ਨ ਸਿੰਘ ਢੋਲਣ ਮਾਜਰਾ, ਕੈਪਟਨ ਕਰਮਜੀਤ ਸਿੰਘ ਬਡਵਾਲੀ ਆਦਿ ਨੇ ਸੰਬੋਧਨ ਕਰਦਿਆਂ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਹਾਜ਼ਰ ਇਲਾਕਾ ਨਿਵਾਸੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਦਾ ਪ੍ਰਣ ਕਰਵਾਇਆ। ਇਸ ਮੌਕੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਰਾਈਟ ਐਜੂਕੇਸ਼ਨ ਐਕਟ ਨੂੰ ਪੰਜਾਬ ਦੇ ਸਮੂਹ ਪ੍ਰਾਈਵੇਟ ਸਕੂਲਾਂ ਵਿਚ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਜਿਹੜਾ ਸਕੂਲ ਇਸ ਕਾਨੂੰਨ ਨੂੰ ਲਾਗੂ ਨਹੀਂ ਕਰਦਾ ਉਸ ਦੀ ਮਾਨਤਾ ਰੱਦ ਕੀਤੀ ਜਾਵੇ ਅਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ ਮੁਤਾਬਕ ਉਸ ਸਕੂਲ ਨੂੰ ਜੁਰਮਾਨਾ ਕੀਤਾ ਜਾਵੇ। ਸਮੂਹ ਬੁਲਾਰਿਆਂ ਨੇ ਚੇਤਾਵਨੀ ਦਿਤੀ ਕਿ ਜੇਕਰ ਇਸ ਐਕਟ ਨੂੰ ਤੁਰੰਤ ਲਾਗੂ ਨਾ ਕੀਤਾ ਤਾਂ ਸਖ਼ਤ ਐਕਸ਼ਨ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਮੋਰਿੰਡਾ ਦੇ ਮੈਂਬਰ ਤੇਜਿੰਦਰ ਸਿੰਘ ਸੋਨੂੰ, ਸਾਬਕਾ ਬਲਾਕ ਸੰਮਤੀ ਮੈਂਬਰ ਦਵਿੰਦਰ ਸਿੰਘ ਮਾਛੀਪੁਰ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਮੀਤ ਪ੍ਰਧਾਨ ਮਹਿੰਦਰ ਸਿੰਘ ਢਿੱਲੋਂ, ਡਾ ਦਿਲਬਾਗ ਸਿੰਘ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਸੂਬੇਦਾਰ ਦਰਸ਼ਨ ਸਿੰਘ, ਸਮਾਜ ਸੇਵਕ ਫ਼ਕੀਰ ਸਿੰਘ ਬਡਵਾਲੀ, ਹਾਕਮ ਸਿੰਘ, ਪ੍ਰਿ. ਬਲਵੀਰ ਸਿੰਘ ਛਿੱਬਰ, ਥਾਣੇਦਾਰ ਭਾਗ ਸਿੰਘ,ਗੁਰਮੀਤ ਸਿੰਘ ਕਾਂਝਲਾ ਆਦਿ ਵੱਖ ਵੱਖ ਜਥੇਬੰਦੀਆਂ ਦੇ ਆਗੂ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



# ਵਿਸਾਖੀ ਦਾ ਤਿਉਹਾਰ ਮਨਾਇਆ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਵਿਸਾਖੀ ਦਾ ਪਵਿੱਤਰ ਦਿਹਾੜਾ ਮਹੱਲਾ ਭਾਰਤ ਇੰਕਲੇਵ ਨੇੜੇ ਪਿੱਪਲਾਂਵਾਲਾ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਪ੍ਰੀਤਮ ਸਿੰਘ ਵੱਲੋਂ ਸਰਬੱਤ ਦੇ ਭਲੇ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਅਤੇ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ।ਵਿਸਾਖੀ ਦੇ ਤਿਉਹਾਰ ਨੂੰ ਸਮਰਪਿਤ ਭਾਰਤ ਇੰਕਲੇਵ ਵੈਲਫੇਅਰ ਸੁਸਾਇਟੀ ਵੱਲੋਂ ਸਭ ਤੋਂ ਪਹਿਲਾਂ ਆਪਣੇ ਇਲਾਕੇ ਵਿੱਚ ਸਫ਼ਾਈ ਮੁਹਿੰਮ ਚਲਾਈ ਗਈ, ਬਿਜਲੀ ਦੇ ਖੰਭਿਆਂ ਅਤੇ ਗੇਟ ਨੂੰ ਰੰਗ ਕਰਵਾਇਆ ਗਿਆ ਅਤੇ ਗੇਟ ਉਪਰ ਜੀ ਆਇਆਂ ਨੂੰ ਵੀ ਲਿਖਵਾਇਆ ਗਿਆ। ਮੇਰਾ ਮਹੱਲਾ ਮੇਰੀ ਜ਼ੁਮੇਵਾਰੀ ਤਹਿਤ ਸਾਰੇ ਹੀ ਇਲਾਕਾ ਨਿਵਾਸੀਆਂ ਵੱਲੋਂ ਆਪਣੇ ਤੌਰ ਤੇ ਸਵੈ ਇੱਛਾ ਨਾਲ ਭਾਗ ਲਿਆ ਤੇ ਇਸ ਸੇਵਾ ਵਿੱਚ ਹਿੱਸਾ ਪਾਇਆ।

ਸ਼ਤੀਸ਼ ਕੁਮਾਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ ਤੇ ਮਠਿਆਈ ਵੰਡੀ ਗਈ। ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ ਵਿਸਾਖੀ ਦੇ ਪਵਿੱਤਰ ਤਿਉਹਾਰ ਮੌਕੇ ਮੁਬਾਰਕਬਾਦ ਦਿੱਤੀ ਤੇ ਮੈਂਬਰਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ।

# ਖਾਲਸਾ ਸਾਜਨਾ ਦਿਵਸ 'ਤੇ 13-13 ਸੇਵਾ ਸਕੀਮ ਸ਼ੁਰੂ

ਜਲੰਧਰ (ਲਖਵਿੰਦਰ ਸਿੰਘ ਆਧੀ)-ਐਡਵਾਂਸ ਗਾਇਨੀ ਐਂਡ ਨਿਊਰੋ ਸੈਂਟਰ, ਦੇ ਡਾਇਰੈਕਟਰ ਡਾ. ਅੰਕੁਰ ਹਰਜੀਤ ਕੌਰ ਅਤੇ ਡਾ.ਜਸਮੀਤ ਸਿੰਘ ਨੇ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਆਪਣੇ ਮਾਤਾ-ਪਿਤਾ ਦੀ ਪ੍ਰੇਰਨਾ ਅਨੁਸਾਰ ਉਨ੍ਹਾਂ ਨੇ ਖਾਲਸਾ ਸਾਜਨਾ ਦਿਵਸ ਦੇ ਪਾਵਨ ਮੌਕੇ 'ਤੇ 13-13 ਸੇਵਾ ਸਕੀਮ ਸ਼ੁਰੂ ਕੀਤੀ ਹੈ।ਇਸ ਸੇਵਾ ਯੋਜਨਾ ਦੇ ਤਹਿਤ ਨਾਰਮਲ ਡਿਲੀਵਰੀ ਅਤੇ ਸੀਜ਼ੇਰੀਅਨ ਆਪਰੇਸ਼ਨ ਸਿਰਫ਼ 13,000/- ਰੁਪਏ ਵਿੱਚ (ਕੁਝ ਸ਼ਰਤਾਂ ਦੇ ਨਾਲ) ਕੀਤੇ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਹਾਲਾਂਕਿ ਇਹ ਸੁਵਿਧਾ ਆਯੁਸ਼ਮਾਨ ਕਾਰਡ ਦੇ ਤਹਿਤ ਵੀ ਉਪਲਬਧ ਹੈ, ਪਰ ਹਰ ਜ਼ਰੂਰਤਮੰਦ ਕੋਲ ਇਹ ਕਾਰਡ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਕੋਲ ਵਿਕਲਪ ਘੱਟ ਜਾਂਦੇ ਹਨ।ਪਰ 13-13 ਸੇਵਾ ਯੋਜਨਾ ਦੇ ਤਹਿਤ ਹਰ ਜ਼ਰੂਰਤਮੰਦ ਵਿਅਕਤੀ ਐਡਵਾਂਸ ਗਾਇਨੀ ਐਂਡ ਨਿਊਰੋ ਸੈਂਟਰ ਵਿੱਚ ਪ੍ਰਾਈਵੇਟ ਹਸਪਤਾਲ ਦੀਆਂ ਵਧੀਆ ਸੁਵਿਧਾਵਾ ਲੈ ਸਕਣਗੇ ਕਿਉਂਕਿ ਪੈਸਾ ਹੁਣ ਮਾਹਿਰ ਡਾਕਟਰਾਂ ਤੋਂ ਵਧੀਆ ਇਲਾਜ ਲਈ ਰੁਕਾਵਟ ਨਹੀਂ ਬਣੇਗਾ। ਉਨ੍ਹਾਂ ਨੇ ਕਿਹਾ ਕਿ ਭਾਵੇਂ ਹਰ ਡਾਕਟਰ ਆਪਣੇ ਤਰੀਕੇ ਨਾਲ ਮਰੀਜ਼ਾਂ ਦੀ ਮਦਦ ਕਰਦੇ ਰਹਿੰਦੇ ਹਨ। ਉਸੇ ਤਰ੍ਹਾਂ ਸਾਡੇ ਵੱਲੋਂ ਵੀ 13-13 ਸੇਵਾ ਯੋਜਨਾ ਜ਼ਰੂਰਤ ਮੰਦਾਂ ਦੀ ਸਹਾਇਤਾ ਲਈ ਇੱਕ ਛੋਟਾ ਜਿਹਾ ਉਪਰਾਲਾ ਹੈ।ਇਸ ਮੌਕੇ 'ਤੇ ਦੋਵੇਂ ਡਾਕਟਰਾਂ ਨੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਸਮੂਹ ਸੰਗਤਾਂ ਅਤੇ ਸਮੁੱਚੇ ਸਮਾਜ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਤੇ ਐਡਵਾਂਸ ਗਾਇਨੀ ਅਤੇ ਨਿਊਰੋ ਸੈਂਟਰ ਦੇ ਸੀਈਓ ਪ੍ਰਦੀਪ ਸਿੰਘ ਨੇ ਕਿਹਾ ਕਿ ਸਮਾਜ ਦੀ ਭਲਾਈ ਤੋਂ ਲੋੜਵੰਦਾਂ ਦੀ ਜ਼ਰੂਰਤ ਲਈ ਅਜਿਹੇ ਉਪਰਾਲੇ ਕੀਤੇ ਜਾਣ ਦੀ ਬਹੁਤ ਲੋੜ ਹੈ।

# ਇਨੋਸੈਂਟ ਹਾਰਟਸ ਨੇ ਮਨਾਇਆ 'ਵਰਲਡ ਆਰਟ ਡੇ'

ਜਲੰਧਰ (ਸ਼ੈਲੀ ਐਲਬਰਟ)

ਇਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ, ਲੋਹਾਰਾਂ ਤੇ ਨੂਰਪੁਰ ਰੋਡ ਵਿੱਚ ਵਰਲਡ ਆਰਟ ਡੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਰੋਹ ਕਲਾਸ ਗਿਆਰਵੀਂ ਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਵਿਚ ਕਰਵਾਇਆ ਗਿਆ। ਕ੍ਰੀਏਟਿਵ ਸਟ੍ਰੋਕਸ ਕਲੱਬ ਵੱਲੋਂ ਡ੍ਰੀਮ, ਡਿਜ਼ਾਇਨ, ਬਿਕਮ ਥੀਮ 'ਤੇ ਆਧਾਰਿਤ ਗੋਲ-ਸੈਟਿੰਗ ਕੋਲਾਜ ਨਾਮਕ ਵਿਸ਼ੇਸ਼ ਗਤੀਵਿਧੀ ਦਾ ਆਯੋਜਨ ਕੀਤਾ ਗਿਆ।ਇਹ ਗਤੀਵਿਧੀ ਆਰਟ ਰੂਮ ਵਿੱਚ ਅਧਿਆਪਕਾਂ ਦੀ ਰਹਿਨੁਮਾਈ ਹੇਠ ਉਨ੍ਹਾਂ ਦੇ ਸਮੇਂ ਅਨੁਸਾਰ ਕਰਵਾਈ ਗਈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਲਕਸ਼ਾਂ ਬਾਰੇ ਸੋਚਣ ਤੇ ਉਨ੍ਹਾਂ ਨੂੰ ਰਚਨਾਤਮਕ ਢੰਗ ਨਾਲ ਪ੍ਰਗਟ ਕਰਨ ਲਈ ਪ੍ਰੇਰਿਤ ਕਰਨਾ ਸੀ।ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਆਪਣੇ ਅਕਾਦਮਿਕ ਟੀਚਿਆਂ, ਕਰੀਅਰ ਦੇ ਸੁਪਨਿਆਂ ਤੇ ਨਿੱਜੀ ਮੁੱਲਾਂ ਬਾਰੇ ਵਿਚਾਰ ਕੀਤਾ। ਮੈਗਜ਼ੀਨਾਂ, ਤਸਵੀਰਾਂ ਅਤੇ ਆਪਣੇ ਬਣਾਏ ਚਿੱਤਰਾਂ ਦੀ ਵਰਤੋਂ ਕਰਦੇ ਹੋਏ, ਉਨ੍ਹਾਂ ਨੇ ਰੰਗ-ਬਿਰੰਗੇ ਅਤੇ ਅਰਥਪੂਰਨ ਕੋਲਾਜ ਤਿਆਰ ਕੀਤੇ।ਹਰ ਭਾਗੀਦਾਰ ਨੇ ਆਪਣਾ ਕੰਮ ਪੇਸ਼ ਕਰਦੇ ਹੋਏ ਆਪਣੇ ਸੁਪਨਿਆਂ ਅਤੇ ਉਹਨਾਂ ਹੁਨਰਾਂ ਬਾਰੇ ਵੀ ਸਾਂਝਾ ਕੀਤਾ ਜਿਨ੍ਹਾਂ ਨੂੰ ਉਹ ਵਿਕਸਿਤ ਕਰਨਾ ਚਾਹੁੰਦੇ ਹਨ। ਇਸ ਗਤੀਵਿਧੀ ਨੇ ਨਾ ਸਿਰਫ਼ ਵਿਦਿਆਰਥੀਆਂ ਦੀ ਕਲਾ ਪ੍ਰਤਿਭਾ ਨੂੰ ਉਜਾਗਰ ਕੀਤਾ, ਸਗੋਂ ਆਤਮ-ਜਾਗਰੂਕਤਾ, ਰਚਨਾਤਮਕਤਾ ਤੇ ਲਕਸ਼ ਪ੍ਰਤੀ ਕੇਂਦ੍ਰਿਤ ਸੋਚ ਨੂੰ ਵੀ ਉਤਸ਼ਾਹਿਤ ਕੀਤਾ।



# ਏ ਜੀ ਆਈ ਇਨਫਰਾ ਨੇ ਵਿਸਾਖੀ ਮਨਾਈ

ਜਲੰਧਰ (ਰਾਜੇਸ਼ ਥਾਪਾ)

ਪ੍ਰਮੁੱਖ ਰੀਅਲ ਐਸਟੇਟ ਅਤੇ ਇਨਫਰਾਸਟਰਕਚਰ ਕੰਪਨੀਆਂ ਵਿੱਚੋਂ ਇੱਕ ਏ ਜੀ ਆਈ ਇੰਫਰਾ ਲਿਮਿਟਡ ਨੇ ਪਵਿੱਤਰ ਵਿਸਾਖੀ ਦੇ ਤਿਉਹਾਰ ਨੂੰ ਗਹਿਰੀ ਧਾਰਮਿਕ ਸ਼ਰਧਾ ਤੇ ਰੰਗੀਲੇ ਸੱਭਿਆਚਾਰਕ ਮਾਹੌਲ ਨਾਲ ਅਰਬਾਨਾ ਦੇ ਗਲਾਸ ਹਾਊਸ ਕੰਪਲੈਕਸ 66 ਫੁੱਟ ਰੋਡ ਜਲੰਧਰ ਵਿੱਚ ਮਨਾਇਆ।ਸਮਾਰੋਹ ਦੀ ਸ਼ੁਰੂਆਤ ਸੁੰਦਰ ਤਰੀਕੇ ਨਾਲ ਸਜਾਏ ਗਏ ਗਲਾਸ ਹਾਊਸ ਕੰਪਲੈਕਸ ਵਿੱਚ ਹੋਈ, ਜਿੱਥੇ ਸ਼ਰਧਾ, ਭਗਤੀ ਅਤੇ ਆਧਿਆਤਮਿਕ ਆਨੰਦ ਦਾ ਮਾਹੌਲ ਬਣਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ 6:30 ਤੋਂ 7:00 ਵਜੇ ਤੱਕ ਰਹਿਰਾਸ ਸਾਹਿਬ ਦੇ ਪਾਠ ਨਾਲ ਹੋਈ, ਜੋ ਪੂਰੀ ਸ਼ਰਧਾ ਅਤੇ ਸਿੱਖ ਮਰਯਾਦਾ ਅਨੁਸਾਰ ਕੀਤਾ ਗਿਆ।ਇਸ ਤੋਂ ਬਾਅਦ ਸ਼ਾਮ 7:00 ਤੋਂ 8:15 ਵਜੇ ਤੱਕ ਭਾਈ ਜੁਗਰਾਜ ਸਿੰਘ ਵੱਲੋਂ ਰਸਭਰੀ ਕੀਰਤਨ ਪੇਸ਼ ਕੀਤਾ ਗਿਆ ਅਤੇ ਇਸ ਤੋਂ ਉਪਰੰਤ 8:15 ਤੋਂ 9:45 ਵਜੇ ਤੱਕ ਭਾਈ ਕਨਵਲਦੀਪ ਸਿੰਘ ਵੱਲੋਂ ਕੀਰਤਨ ਕੀਤਾ ਗਿਆ, ਜਿਸ ਨਾਲ ਸੰਗਤ ਆਤਮਿਕ ਅਨੁਭਵ ਅਤੇ ਦਿਵਿਆਤਮਕ ਲਹਿਰਾਂ ਵਿੱਚ ਲੀਨ ਹੋ ਗਈ।ਪੂਰਾ ਸਮਾਗਮ ਏ ਜੀ ਆਈ ਦੀ ਸੱਭਿਆਚਾਰਕ ਮੁੱਲਾਂ ਦੀ ਸੰਭਾਲ, ਆਧਿਆਤਮਿਕ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਤੇ ਸਮੁਦਾਇਕ ਏਕਤਾ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਰਹਿਣ ਵਾਲਿਆਂ ਅਤੇ ਭਾਗੀਦਾਰਾਂ ਨੇ ਏਕਤਾ, ਸ਼ਰਧਾ ਅਤੇ ਤਿਉਹਾਰੀ ਖੁਸ਼ੀ ਦਾ ਅਨੁਭਵ ਕੀਤਾ, ਜਿਸ ਨਾਲ ਇਹ ਮੌਕਾ ਸੱਚਮੁੱਚ ਯਾਦਗਾਰ ਬਣ ਗਿਆ।



# ਬਜਵਾੜਾ ਕਲਾਂ ਵਿਖੇ ਗੁਰਮਤਿ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਹੁਸ਼ਿਆਰਪੁਰ ਤੋਂ ਊਨਾ ਰੋਡ ਤੇ ਸਮੂਹ ਨਗਰ ਨਿਵਾਸੀ, ਐਨ ਆਰ ਆਈ ਵੀਰਾਂ ਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਖ਼ਾਲਸੇ ਦੇ ਪ੍ਰਗਟ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਮੁੱਖੀ ਸਾਹਿਬਜਾਦਾ ਫ਼ਤਹਿ ਸਿੰਘ ਜੀ ਛਾਉਣੀ ਨਿਹੰਗ ਸਿੰਘ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਕਰਵਾਏ ਗਏ। ਇਸ ਮੌਕੇ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਸੁਖਜੀਤ ਸਿੰਘ ਮੁੱਖ ਗ੍ਰੰਥੀ ਬਜਵਾੜਾ ਕਲਾਂ, ਭਾਈ ਰਣਵੀਰ ਸਿੰਘ ਹੁਸ਼ਿਆਰਪੁਰ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮਾਗਮ ਦੌਰਾਨ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਆਏ ਹੋਏ ਰਾਗੀ ਜੱਥੇ, ਪ੍ਰਮੁੱਖ ਸ਼ਖ਼ਸ਼ੀਅਤਾਂ ਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਹਰਚਰਨ ਸਿੰਘ ਬੋਲਾ ਇੰਗਲੈਂਡ, ਬੀਬੀ ਜਸਵੀਰ ਕੌਰ ਬੋਲਾ ਇੰਗਲੈਂਡ, ਰਾਜਵੀਰ ਸਿੰਘ, ਬੱਬੀ ਸਿੰਘ, ਹਰਜੀਤ ਸਿੰਘ ਲੁਧਿਆਣਾ, ਗੁਰਪ੍ਰੀਤ ਸਿੰਘ, ਰਾਜੂ ਸਿੰਘ, ਸੁਰਜੀਤ ਸਿੰਘ ਢੱਕੋਵਾਲ, ਬਲਦੇਵ ਸਿੰਘ ਅਜੜਾਮ, ਦੀਪ ਸਿੰਘ, ਪ੍ਰਭਜੋਤ ਸਿੰਘ, ਵਿਸ਼ਾਲ ਸਿੰਘ, ਅਮਰਜੀਤ ਸਿੰਘ, ਸਤਨਾਮ ਸਿੰਘ, ਧਰਮ ਸਿੰਘ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



# ਅੱਠਵੀਂ ਦਾ ਨਤੀਜਾ ਰਿਹਾ 100 ਫੀਸਦੀ

ਬਲਾਚੌਰ (ਜਸਵਿੰਦਰ ਬੈਂਸ)- ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੜੋਆ ਦਾ ਅੱਠਵੀਂ ਜਮਾਤ ਦੇ ਸ਼ਾਨਦਾਰ ਨਤੀਜਿਆਂ ਨੇ ਸਕੂਲ ਦਾ ਨਾਂਅ ਰੌਸ਼ਨ ਕੀਤਾ, ਉੱਥੇ ਦੂਜੇ ਪਾਸੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ। ਪ੍ਰੀਖਿਆ ਵਿੱਚ ਬੈਠੇ ਸਾਰੇ 66 ਵਿਦਿਆਰਥੀ ਉੱਚ ਅੰਕਾਂ ਨਾਲ ਪਾਸ ਹੋਏ। ਵਿਦਿਆਰਥਣ ਤੇਜਸਪ੍ਰੀਤ ਕੌਰ ਨੇ 600 ਵਿੱਚੋਂ 583 ਅੰਕ 97%ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਿਮਰਨ ਕੌਰ ਨੇ 579 ਅੰਕਾਂ 96%ਨਾਲ ਦੂਜਾ ਅਤੇ ਹਰਮਨਪ੍ਰੀਤ ਨੇ 576 ਅੰਕਾਂ 96% ਨਾਲ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੀ ਮਿਹਨਤ ਦਾ ਲੋਹਾ ਮਨਵਾਇਆ। ਨਤੀਜਿਆਂ ਦੀ ਖੁਸ਼ੀ ਦੇ ਨਾਲ-ਨਾਲ ਸਕੂਲ ਕੈਂਪਸ ਵਿੱਚ ਵਿਸਾਖੀ ਦਾ ਤਿਉਹਾਰ ਵੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਕਰਦਿਆਂ ਗਿੱਧਾ, ਭੰਗੜਾ ਅਤੇ ਲੋਕ ਗੀਤ ਪੇਸ਼ ਕੀਤੇ ਗਏ। ਖ਼ਾਸ ਖਿੱਚ ਦਾ ਕੇਂਦਰ 'ਜਲਿਆਂਵਾਲਾ ਬਾਗ਼' ਦੇ ਸ਼ਹੀਦਾਂ ਨੂੰ ਸਮਰਪਿਤ ਸਕਿੱਟ ਰਹੀ, ਜਿਸ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ।ਸਕੂਲ ਦੇ ਐੱਮ ਡੀ ਸੰਜੇ ਮਲਹੋਤਰਾ ਤੇ ਪ੍ਰਿੰਸੀਪਲ ਮੈਡਮ ਗੀਤਿਕਾ ਚੰਦਲ ਨੇ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ।



# ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ 3 ਨੂੰ

ਫਗਵਾੜਾ (ਡਾ. ਰਮਨ)

ਪੰਜਾਬ 'ਚ ਸਾਹਿਤਕ ਸਰਗਰਮੀਆਂ ਦੇ ਕੇਂਦਰ ਫਗਵਾੜਾ ਵਿਖੇ ਬਾਲ ਲੇਖਕਾਂ ਦੀ ਅੰਤਰਰਾਸ਼ਟਰੀ ਕਾਨਫਰੰਸ 3 ਮਈ ਨੂੰ ਪੰਜਾਬੀ ਭਵਨ ਸਰੀ ਕੈਨੇਡਾ ਵਲੋਂ ਕਰਵਾਈ ਜਾਏਗੀ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਚੁਣੇ ਗਏ 4 ਬਾਲ ਲੇਖਕਾਂ ਨੂੰ ਪੁਰਸਕਾਰ ਦਿੱਤੇ ਜਾਣਗੇ। ਬਾਲ ਲੇਖਕਾਂ ਦੀ ਇਸ ਕਾਨਫਰੰਸ ਵਿੱਚ ਸੁੱਖੀ ਬਾਠ ਸੰਚਾਲਕ ਅਨੁਸਾਰ 20 ਜ਼ਿਲ੍ਹਿਆਂ ਦੇ ਲਗਭਗ 500 ਬਾਲ ਲੇਖਕ ਤੇ 120 ਟੀਚਰ ਹਿੱਸਾ ਲੈਣਗੇ। ਇਹਨਾਂ ਬਾਲ ਲੇਖਕਾਂ ਨੂੰ ਅਗਵਾਈ ਦੇਣ ਲਈ ਅਤੇ ਉਹਨਾਂ ਨਾਲ ਵਿਚਾਰ- ਚਰਚਾ ਕਰਨ ਲਈ ਪੰਜਾਬੀ ਦੇ ਪ੍ਰਸਿੱਧ ਕਵੀ ਗੁਰਭਜਨ ਗਿੱਲ, ਕਵੀ ਤ੍ਰੈਲੋਚਨ ਲੋਚੀ, ਪ੍ਰਸਿੱਧ ਵਿਦਵਾਨ ਐੱਸ ਪੀ ਸਿੰਘ ਸਾਬਕਾ ਵੀ ਸੀ ਜੀ ਐੱਨ ਡੀ ਯੂ, ਬੀ ਐੱਸ ਘੁੰਮਣ ਸਾਬਕਾ ਵੀ ਸੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਬੱਚਿਆਂ ਲਈ ਲਿਖਣ ਵਾਲੇ ਸਾਹਿਤਕਾਰ ਕਮਲਜੀਤ ਸਿੰਘ ਨੀਲੋਂ, ਦਰਸ਼ਨ ਸਿੰਘ ਆਸ਼ਟ, ਮਨਮੋਹਨ ਸਿੰਘ ਦਾਊਂ, ਬਲਜਿੰਦਰ ਮਾਨ ਪੁੱਜਣਗੇ। ਪ੍ਰਸਿੱਧ ਕਾਰੋਬਾਰੀ, ਸਮਾਜ ਸੇਵਕ, ਪੰਜਾਬੀ ਪ੍ਰੇਮੀ ਸੁੱਖੀ ਬਾਠ ਦੀ ਅਗਵਾਈ 'ਚ ਇਹ ਦੂਜੀ ਸਲਾਨਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਕਰਵਾਈ ਜਾ ਰਹੀ ਹੈ ਅਤੇ 16 ਜ਼ਿਲ੍ਹਿਆਂ ਦੇ ਬਾਲ ਲੇਖਕਾਂ ਦੀਆਂ 16 ਪੁਸਤਕਾਂ ਨਵੀਂਆਂ ਕਲਮਾਂ ਨਵੀਂ ਉਡਾਣ ਇਸ ਸਮੇਂ ਲੋਕ ਅਰਪਿਤ ਕੀਤੀਆਂ ਜਾਣਗੀਆਂ। ਜ਼ਿਲ੍ਹਾ ਕਪੂਰਥਲਾ ਦੀ ਕੋਆਰਡੀਨੇਟਰ ਸਾਹਿਬਾ ਜੀਟਨ ਕੌਰ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ ਵਿੱਚ ਇਸ ਕਾਨਫਰੰਸ ਦੀ ਸਵਾਗਤੀ ਕਮੇਟੀ 'ਚ ਸਾਹਿਬਾ ਜੀਟਨ ਕੌਰ, ਕਮਲੇਸ਼ ਸੰਧੂ, ਹਰਜਿੰਦਰ ਨਿਆਣਾ, ਨਿਮਰਤ ਕੌਰ, ਸੁਖਦੇਵ ਸਿੰਘ, ਮਨਦੀਪ ਸਿੰਘ, ਦਲਜੀਤ ਕੌਰ ਚਾਨਾ ਸ਼ਾਮਲ ਕੀਤੇ ਗਏ ਹਨ।



# ਡਾ. ਤਜਿੰਦਰਪਾਲ ਸਿੰਘ ਨੇ ਸਹਾਇਕ ਸਿਵਲ ਸਰਜਨ ਵਜੋਂ ਸੰਭਾਲਿਆ ਅਹੁਦਾ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ. ਮਨਦੀਪ ਕਮਲ ਦੀ ਮੌਜੂਦਗੀ ਹੇਠ ਡਾ. ਟੀ.ਪੀ ਸਿੰਘ ਐੱਮ ਡੀ (ਪੈਥੋਲਿਜਿਸਟ) ਨੇ ਦਫਤਰ ਸਿਵਲ ਸਰਜਨ, ਹੁਸ਼ਿਆਰਪੁਰ ਵਿਖੇ ਸਹਾਇਕ ਸਿਵਲ ਸਰਜਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸਟਾਫ਼ ਵੱਲੋਂ ਉਹਨਾਂ ਨੂੰ ਜੀ ਆਇਆਂ ਕਹਿੰਦਿਆ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਡਾ. ਅਜੈ ਕੁਮਾਰ ਬਸਰਾ ਬਤੌਰ ਸਹਾਇਕ ਸਿਵਲ ਸਰਜਨ ਵੱਲੋਂ ਸੇਵਾਵਾਂ ਨਿਭਾ ਰਹੇ ਸਨ।

# ਜੀ ਐੱਨ ਡੀ ਯੂ ਕਾਲਜ ਵਿਖੇ ਵਿਦਾਇਗੀ ਪਾਰਟੀ



ਫਿਲੌਰ (ਨਿਰਮਲ)

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਵਿੱਚ ਪ੍ਰਿੰਸੀਪਲ ਡਾ. ਰਾਜਵਿੰਦਰ ਕੌਰ ਹੁੰਦਲ ਜੀ ਦੀ ਅਗਵਾਈ ਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਆਰਟਸ ਵਿਭਾਗ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਤੇ ਸਮੂਹ ਸਟਾਫ ਦੁਆਰਾ ਸ਼ਮਾ ਰੌਸ਼ਨ ਕੀਤੀ ਗਈ। ਪ੍ਰੋ. ਵਿਸ਼ਾਲੀ ਪਸਰੀਚਾ ਵੱਲੋਂ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਜਿਵੇਂ ਕਿ ਮੌਡਲਿੰਗ, ਡਾਂਸ, ਮਨੋਰੰਜਕ ਖੇਡਾਂ, ਯਾਦਗਾਰੀ ਪੀ ਪੀ ਟੀ ਤੇ ਮਿਊਜ਼ੀਕਲ ਚੇਅਰ ਰਾਹੀਂ ਆਪਣੀਆਂ ਭਾਵਨਾਵਾਂ ਪੇਸ਼ ਕੀਤੀਆਂ। ਜੱਜ ਸਹਿਬਾਨਾਂ ਦੁਆਰਾ ਪ੍ਰਿੰਸ ਰਾਏ ਨੂੰ ਮਿਸਟਰ ਫੇਅਰਵੈਲ ਅਤੇ ਸਕੀਨਾ ਨੂੰ ਮਿਸ ਫੇਅਰਵੈਲ ਅਤੇ ਸੌਰਵ ਨੂੰ ਮਿਸਟਰ ਵੈੱਲ ਡਰੈੱਸ ਤੇ ਨਿਸ਼ੂ ਨੂੰ ਮਿਸ ਵੈੱਲ ਡਰੈੱਸ ਚੁਣਿਆ ਗਿਆ। ਇਸ ਮੌਕੇ ਓ ਐੱਸ ਡੀ ਨੇ ਵਿਦਿਆਰਥੀਆਂ ਨੂੰ ਭਾਵਨਾਤਮਕ ਅਤੇ ਪ੍ਰੇਰਨਾਮਈ ਭਾਸ਼ਣ ਦਿੰਦਿਆਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਕਿ ਤੁਸੀਂ ਆਉਣ ਵਾਲੇ ਭਵਿੱਖ ਵਿੱਚ ਐਨੇ ਕਾਮਯਾਬ ਬਣੋ ਕਿ ਜਿੱਥੇ ਅੱਜ ਤੁਸੀਂ ਇੱਕ ਵਿਦਿਆਰਥੀ ਬਣਕੇ ਬੈਠੇ ਹੋ ਉੱਥੇ ਮੁੱਖ ਮਹਿਮਾਨ ਬਣਕੇ ਬੈਠੋ। ਕਾਲਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਜਾ ਰਹੇ ਵਿਦਿਆਰਥੀਆਂ ਦੀਆਂ ਯਾਦਾਂ ਨੂੰ ਤਾਜ਼ਾ ਰੱਖਣ ਲਈ ਗਰੁੱਪ ਫੋਟੋ ਵੀ ਕਰਵਾਈ ਗਈ। ਪ੍ਰੋਗਰਾਮ ਇੰਚਾਰਜ ਡਾ. ਪਰਮਜੀਤ ਕੌਰ ਤੇ ਸਮੂਹ ਸਟਾਫ ਨੇ ਬੜੇ ਹੀ ਉਤਸ਼ਾਹ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ। ਸਟਾਫ ਅਤੇ ਵਿਦਿਆਰਥੀਆਂ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ।

# ਖੂਨਦਾਨ ਕੈਂਪ ਤੇ ਕਿਤਾਬਾਂ ਦਾ ਲੰਗਰ 19 ਨੂੰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਨੂਰਮਹਿਲ ਦੇ ਨੇੜਲੇ ਪਿੰਡ ਹਰਦੋ ਸ਼ੇਖ ਵਿੱਚ, ਬਾਬਾ ਸਾਹਿਬ ਅੰਬੇਡਕਰ ਸੋਸਾਇਟੀ ਵੱਲੋਂ 19 ਅਪ੍ਰੈਲ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਬਾਬਾ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ ਇੱਕ ਵਿਸ਼ਾਲ ਖੂਨਦਾਨ ਕੈਂਪ ਅਤੇ ਕਿਤਾਬਾਂ ਦੇ ਲੰਗਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਰਾਜ ਕਲੇਰ ਅਤੇ ਉਨ੍ਹਾਂ ਦੀ ਟੀਮ, ਜਿਸ ਵਿੱਚ ਲਾਲ ਬਹਾਦਰ ਸ਼ਾਸਤਰੀ, ਮਨੋਹਰ ਸਿੰਘ ਜੌਹਲ, ਸਰਵਣ ਸਿੰਘ ਜੌਹਲ, ਕੁਲਦੀਪ ਸਿੰਘ ਦੀਪਾ, ਹੇਮਰਾਜ ਘਾਰੂ, ਅਵਤਾਰ ਕਲੇਰ, ਜੱਸਾ ਜੌਹਲ ਆਦਿ ਦੁਆਰਾ ਆਯੋਜਿਤ ਖੂਨਦਾਨ ਕੈਂਪ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇਗਾ। ਰਾਜ ਕਲੇਰ ਨੇ ਕਿਹਾ ਕਿ ਸਾਡੇ ਮਾਰਗਦਰਸ਼ਕ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਆਪਣਾ ਪੂਰਾ ਜੀਵਨ ਸਮਾਜ ਦੀ ਭਲਾਈ ਲਈ ਸਮਰਪਤ ਕਰ ਦਿੱਤਾ। ਅਸੀਂ ਆਪਣੇ ਮਾਰਗਦਰਸ਼ਕ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਲੋਕਾਂ ਦੀ ਭਲਾਈ ਵਾਸਤੇ ਜਿੰਨਾ ਸੰਭਵ ਹੋ ਸਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਾਂ।ਇਸ ਦਿਨ ਬਾਬਾ ਸਾਹਿਬ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਿਤਾਬਾਂ ਅਤੇ ਬੂਟਿਆਂ ਦਾ ਲੰਗਰ ਲਗਾਇਆ ਜਾਵੇਗਾ। ਨਰਸਰੀ ਤੋਂ ਲੈ ਕੇ ਉੱਚ ਸਿੱਖਿਆ ਤੱਕ ਦੀਆਂ ਕਲਾਸਾਂ ਲਈ ਕਿਤਾਬਾਂ ਉਪਲਬਧ ਹੋਣਗੀਆਂ। ਬੱਚਿਆਂ ਨੂੰ ਕਾਪੀਆਂ, ਪੈੱਨ ਤੇ ਹੋਰ ਸਮਾਨ ਵੀ ਦਿੱਤਾ ਜਾਵੇਗਾ। ਰਾਜ ਕਲੇਰ ਸਮੇਂ-ਸਮੇਂ 'ਤੇ ਸਮਾਜ ਸੇਵੀ ਕਾਰਜਾਂ ਜਿਵੇਂ ਕਿ ਲੋੜਵੰਦ ਬੱਚਿਆਂ ਨੂੰ ਬੂਟ, ਵਰਦੀਆਂ ਅਤੇ ਹੋਰ ਜ਼ਰੂਰਤ ਦਾ ਸਮਾਨ ਪ੍ਰਦਾਨ ਕਰਦੇ ਰਹਿੰਦੇ ਹਨ।



# ਦ ਨੋਬੇਲ ਸਕੂਲ ਨੇ ਦਸਵੀਂ ਦੇ ਨਤੀਜੇ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਕਰਤਾਰਪੁਰ (ਹਰਮੇਸ਼ ਦੱਤ) ਦ ਨੋਬੇਲ ਸਕੂਲ ਨੇ ਇਕ ਵਾਰ ਫਿਰ ਸ਼ਾਨਦਾਰ ਨਤੀਜੇ ਹਾਸਲ ਕਰਕੇ ਆਪਣੀ ਪਛਾਣ ਬਣਾਈ ਹੈ। ਹਾਲ ਹੀ ਵਿੱਚ ਘੋਸ਼ਿਤ ਹੋਏ ਸੀ ਬੀ ਐੱਸ ਸੀ ਕਲਾਸ ਦਸਵੀਂ ਦੇ ਨਤੀਜਿਆਂ ਵਿੱਚ ਸਕੂਲ ਦਾ ਪਾਸ ਪ੍ਰਤੀਸ਼ਤ 100% ਰਿਹਾ, ਜਿਸ ਨਾਲ ਸਾਰੇ ਸਕੂਲ ਵਿੱਚ ਖੁਸ਼ੀ ਅਤੇ ਮਾਣ ਦਾ ਮਾਹੌਲ ਬਣ ਗਿਆ।ਜਿਨ੍ਹਾਂ ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਉਨ੍ਹਾਂ ਵਿੱਚੋਂ ਕਈਆਂ ਨੇ ਵਿਸ਼ੇਸ਼ ਅੰਕ ਪ੍ਰਾਪਤ ਕੀਤੇ। ਪਹਿਲਾ ਸਥਾਨ ਹਰਸੁਖਮੀਤ ਕੌਰ (95.8%) ਨੇ ਹਾਸਲ ਕੀਤਾ, ਉਸ ਤੋਂ ਬਾਅਦ ਸੁਖਦੀਪ ਕੌਰ (95.6%), ਰਿਧਿਮਾ (92.4%) ਅਤੇ ਗੁਰਮਿਲਨ ਕੌਰ (92%) ਰਹੇ। ਕਈ ਹੋਰ ਵਿਦਿਆਰਥੀਆਂ ਨੇ ਵੀ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਉਨ੍ਹਾਂ ਦੀ ਮਿਹਨਤ ਅਤੇ ਲਗਨ ਦਾ ਸਬੂਤ ਹੈ।ਸਕੂਲ ਦੀ ਡਾਇਰੈਕਟਰ ਸਰੋਜ ਸ਼ਰਮਾ ਤੇ ਪ੍ਰਿੰਸੀਪਲ ਰਵਿੰਦਰ ਕੌਰ ਨੇ ਇਸ ਉਪਲਬਧੀ 'ਤੇ ਮਾਣ ਮਹਿਸੂਸ ਕਰਦਿਆਂ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਲਗਾਤਾਰ ਸਹਿਯੋਗ ਅਤੇ ਮਿਹਨਤ ਦੀ ਪ੍ਰਸ਼ੰਸ਼ਾ ਕੀਤੀ। ਸਕੂਲ ਦੇ ਚੇਅਰਮੈਨ ਪ੍ਰੋ. ਸੀ ਐੱਲ ਕੋਛੜ ਤੇ ਮੈਨੇਜਿੰਗ ਡਾਇਰੈਕਟਰ ਕੁਮਾਰ ਸ਼ਿਵ ਕੋਛੜ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।




# ਪਰਜੀਆਂ ਮੰਡੀ 'ਚ ਪਿੰਦਰ ਪੰਡੋਰੀ ਨੇ ਖਰੀਦ ਸ਼ੁਰੂ ਕਰਵਾਈ



ਸ਼ਾਹਕੋਟ (ਗਿਆਨ ਸੈਦਪੁਰੀ)

ਮਾਰਕੀਟ ਕਮੇਟੀ ਸ਼ਾਹਕੋਟ ਅਧੀਨ ਆਉਂਦੀ ਦਾਣਾ ਮੰਡੀ ਪਰਜ਼ੀਆ ਕਲਾਂ ਵਿਖੇ ਬੁੱਧਵਾਰ ਨੂੰ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ ਗਈ। ਕਣਕ ਦੀ ਖਰੀਦ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ ਬਲਬੀਰ ਸਿੰਘ ਢੰਡੋਵਾਲ ਅਤੇ ਡਿਪਟੀ ਡੀ. ਐਮ. ਓ ਤਜਿੰਦਰ ਕੁਮਾਰ ਨੇ ਸ਼ੁਰੂ ਕਰਵਾਈ। ਪਹਿਲੀ ਕਣਕ ਦੀ ਢੇਰੀ ਸਿੱਧੂ ਟਰੇਡਿੰਗ ਕੰਪਨੀ ਦੀ ਆੜ੍ਹਤ 'ਤੇ ਵਿਕੀ। ਇਹ ਢੇਰੀ ਪਨਸਪ ਨੇ ਖਰੀਦੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ ਟੁਰਨਾ ਮੰਡੀ ਸੁਪਰਵਾਈਜ਼ਰ, ਅਮਨਦੀਪ ਕੁਮਾਰ ਇੰਸਪੈਕਟਰ ਪਨਸਪ, ਜਰਨੈਲ ਸਿੰਘ ਮੰਡੀ ਪ੍ਰਧਾਨ, ਹਰਵਿੰਦਰ ਸਿੰਘ ਸਿੱਧੂ ਆੜ੍ਹਤੀਆ, ਗੁਰਮੀਤ ਸਿੰਘ ਰਾਣਾ ਕਰਿਆਨਾ ਸਟੋਰ ਕਿਸਾਨ, ਹਰਪਿੰਦਰ ਸਿੰਘ ਸਿੱਧੂ, ਰਣਜੀਤ ਸਿੰਘ ਰਾਣਾ ਕਰਿਆਨਾ ਸਟੋਰ, ਸੁਖਵਿੰਦਰ ਸਿੰਘ ਟੋਨੀ ਸਾਬਕਾ ਸਰਪੰਚ, ਗੁਰਮੀਤ ਥਿੰਦ, ਜਸਪਾਲ ਸਿੰਘ ਦੀਪਾ, ਗੁਰਮੇਜ ਸਿੰਘ ਆੜ੍ਹਤੀਆ, ਮਦਨ ਲਾਲ ਆੜ੍ਹਤੀਆ,ਪਰਮਜੀਤ ਸਿੰਘ ਥਿੰਦ, ਸੁਖਰਾਜ ਸਿੰਘ ਨਰੰਗਪੁਰ, ਪਰਮਪਾਲ ਸਿੰਘ ਇਸ਼ਨਾਨ, ਨਰਿੰਦਰ ਸਿੰਘ ਗੋਗਾ, ਹਰਪ੍ਰੀਤ ਸਿੰਘ ਸਿੱਧੂ, ਸੁਰਿੰਦਰ ਸਿੰਘ ਲਾਲਕਾ, ਕੇਵਲ ਕ੍ਰਿਸ਼ਨ ਮੱਟੂ, ਗੁਰਮੇਜ ਲਾਲ, ਕੁਲਵਿੰਦਰ ਸਿੰਘ ਜੰਡਾ, ਮਹਿੰਦਰ ਸਿੰਘ ਆੜ੍ਹਤੀਆ ,ਗੁਰਿੰਦਰਜੀਤ ਸਿੰਘ ਆੜ੍ਹਤੀਆ, ਸੇਵਾ ਸਿੰਘ ਆੜ੍ਹਤੀਆ, ਸੋਰਵ ਮਹਾ ਲਕਸ਼ਮੀ ਚੌਲ ਆਦਿ ਮੌਜੂਦ ਸਨ।

## ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਨਾਇਬ ਤਹਿਸੀਲਦਾਰ ਦਾ ਸਨਮਾਨ




ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਕਨਵੀਨਰ ਹਰਜੀਤ ਸਿੰਘ ਰਾਮਗੜ੍ਹੀਆ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਰਾਮਗੜ੍ਹੀਆ ਭਾਈਚਾਰੇ ਦਾ ਨਾਂਅ ਰੌਸ਼ਨ ਕਰਨ, ਆਪਣੀ ਸਖ਼ਤ ਮਿਹਨਤ ਨਾਲ ਤਰੱਕੀ ਕਰਕੇ ਨਾਇਬ ਤਹਿਸੀਲਦਾਰ ਵਜੋਂ ਤਹਿਸੀਲ ਦਫ਼ਤਰ ਮਹਿਲ ਕਲਾਂ ਵਿਖੇ ਅਹੁਦੇ ਦਾ ਚਾਰਜ ਸੰਭਾਲਣ ਵਾਲੇ ਨਾਇਬ ਤਹਿਸੀਲਦਾਰ ਸੁਖਵੀਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨ ਮੁਕੰਦ ਸਿੰਘ ਰਾਮਗੜ੍ਹੀਆ, ਸੂਬਾ ਸਹਾਇਕ ਸਕੱਤਰ ਜਰਨੈਲ ਸਿੰਘ ਮਠਾੜੂ ਨੇ ਕਿਹਾ ਕਿ ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧਤ ਵਿੱਦਿਆ, ਖੇਡਾਂ 'ਚ ਮੱਲਾਂ ਮਾਰਨ ਵਾਲੇ ਹੋਣਹਾਰ ਨੌਜਵਾਨਾਂ, ਉਚੇ ਰੁਤਬੇ ਉਪਰ ਬਿਰਾਜਮਾਨ ਹੋਣ ਵਾਲੇ ਅਧਿਕਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੌਕੇ ਹਲਕਾ ਪ੍ਰਧਾਨ ਬਾਬਾ ਬੁੱਧ ਸਿੰਘ ਕਲਸੀ ਨੇ ਸਮੂਹ ਰਾਮਗੜ੍ਹੀਆ ਭਾਈਚਾਰੇ ਨੂੰ ਰਾਮਗੜ੍ਹੀਆ ਅਕਾਲ ਜਥੇਬੰਦੀ ਦੀ ਅਗਵਾਈ ਹੇਠ ਲਾਮਬੰਦ ਹੋਣ ਦੀ ਅਪੀਲ ਕੀਤੀ। ਇਸ ਮੌਕੇ ਨਰਿੰਦਰ ਸਿੰਘ ਸੋਹਲ, ਜੁਗਿੰਦਰ ਸਿੰਘ ਧੰਜਲ, ਹਰਭਜਨ ਸਿੰਘ ਸਹੌਰ, ਬਲਵੀਰ ਸਿੰਘ ਛੀਨੀਵਾਲ, ਭਰਪੂਰ ਸਿੰਘ ਜਗਦੇ, ਗੁਰਪ੍ਰੀਤ ਸਿੰਘ ਜਗਦੇ ਆਦਿ ਹਾਜ਼ਰ ਸਨ।

## ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ



ਬਾਘਾ ਪੁਰਾਣਾ (ਮਨੀ ਸਿੰਗਲਾ)-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਦਾ ਅੱਠਵੀਂ ਸ਼੍ਰੇਣੀ ਦਾ ਨਤੀਜਾ ਇਸ ਵਾਰ ਵੀ ਬਹੁਤ ਸ਼ਾਨਦਾਰ ਰਿਹਾ ਜਿਸ ਵਿੱਚ ਕੁੱਲ 100 ਤੋਂ ਵੱਧ ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਅਤੇ ਇਹ ਨਤੀਜਾ ਸੌ ਫੀਸਦੀ ਰਿਹਾ।ਇਸ ਵਿੱਚ ਪੰਜ ਵਿਦਿਆਰਥੀਆਂ ਕਿਰਨਵੀਰ ਕੌਰ 97%, ਕਰਨਪ੍ਰੀਤ ਕੌਰ 95%, ਨਵਦੀਪ ਕੌਰ 94.7%, ਅਨੁਰਾਗ ਸਿੰਘ 94.3% ਅਤੇ ਮਾਨਵੀ ਨੇ 92.2% ਅੰਕ ਪ੍ਰਾਪਤ ਕੀਤੇ।ਇਸ ਤੋਂ ਇਲਾਵਾ ਅੱਠ ਵਿਦਿਆਰਥੀਆਂ ਨੇ 90% ਤੋਂ ਉੱਪਰ ਅਤੇ 40 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕੀਤੇ।ਇਸ ਖੁਸ਼ੀ ਦੇ ਮੌਕੇ ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ, ਕੋਆਰਡੀਨੇਟਰ ਮੁਕੇਸ਼ ਅਰੋੜਾ, ਐਡਵੋਕੇਟ ਰਾਜਾ ਸਿੰਘ, ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਮੈਡਮ ਸੁਧਾ ਮਹਿਤਾ ਅਤੇ ਮੈਡਮ ਖੁਸ਼ਪ੍ਰੀਤ ਕੌਰ ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਸ ਪ੍ਰਾਪਤੀ ਵਿੱਚ ਅਧਿਆਪਕਾਂ ਦਾ ਅਹਿਮ ਯੋਗਦਾਨ ਹੈ ਜਿਨ੍ਹਾਂ ਦੇ ਮਾਰਗਦਰਸ਼ਨ ਸਦਕਾ ਇਹ ਬੁਲੰਦੀਆਂ ਹਾਸਲ ਕੀਤੀਆਂ ਹਨ।

## ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਟਿਵਾਣਾ ਕਲਾਂ ਤੋਂ ਵਿਧਾਇਕ ਗੋਲਡੀ ਵੱਲੋਂ ਬੱਸ ਰਵਾਨਾ



ਜਲਾਲਾਬਾਦ (ਬਲਵਿੰਦਰ ਸਿੰਘ, ਜੀਤ ਕੁਮਾਰ)-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਹਲਕਾ ਜਲਾਲਾਬਾਦ ਵਿੱਚ ਲਗਾਤਾਰ ਸ਼ਰਧਾਲੂਆਂ ਲਈ ਬੱਸਾਂ ਰਵਾਨਾ ਕੀਤੀਆਂ ਜਾ ਰਹੀਆਂ ਹਨ।ਇਸੇ ਕੜੀ ਤਹਿਤ ਪਿੰਡ ਟਿਵਾਣਾ ਕਲਾਂ ਤੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਸ਼ਰਧਾਲੂਆਂ ਦੀ 38ਵੀਂ ਬੱਸ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤੀ ਗਈ।ਇਸ ਮੌਕੇ ਵਿਧਾਇਕ ਗੋਲਡੀ ਨੇ ਬਜ਼ੁਰਗ ਸ਼ਰਧਾਲੂਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।ਵਿਧਾਇਕ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੱਲੋਂ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਮਕਸਦ ਅਸਮਰਥ ਅਤੇ ਬਜ਼ੁਰਗ ਲੋਕਾਂ ਨੂੰ ਸਰਕਾਰੀ ਖਰਚੇ 'ਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ।ਇਸ ਮੌਕੇ ਮਹਿਲਾ ਸਰਪੰਚ ਵੀਨਾ ਰਾਣੀ ਦੇ ਪਤੀ ਡਾ. ਸਤਨਾਮ ਸਿੰਘ ਨੇ ਵੀ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਵਿਧਾਇਕ ਦਹੀਆ ਨੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ



ਮਮਦੋਟ (ਹਰਪਾਲ ਸਿੰਘ ਸੋਢੀ)-ਮਮਦੋਟ ਦੀ ਦਾਣਾ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ।ਕਣਕ ਦੀ ਖਰੀਦ ਦੀ ਸ਼ੁਰੂਆਤ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਵੱਲੋਂ ਕੀਤੀ ਗਈ।ਇਸ ਮੌਕੇ ਵਿਧਾਇਕ ਦਹੀਆ ਨੇ ਮੰਡੀ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਫਸਲ ਦੀ ਸਮੇਂ-ਸਿਰ ਖਰੀਦ ਤੇ ਕਿਸਾਨਾਂ ਨੂੰ ਉਚਿਤ ਕੀਮਤ ਦੇਣ ਲਈ ਪੂਰਾ ਇੰਤਜ਼ਾਮ ਕੀਤਾ ਗਿਆ ਹੈ।ਉਨ੍ਹਾਂ ਨੇ ਮੰਡੀ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਕਿਸੇ ਵੀ ਕਿਸਾਨ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ।ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਖਰੀਦ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਤੇ ਨਿਯਮਾਂ ਅਨੁਸਾਰ ਹੋਏਗੀ।ਮਾਪ-ਤੋਲ ਤੋਂ ਲੈ ਕੇ ਭੁਗਤਾਨ ਤੱਕ ਹਰੇਕ ਕਦਮ 'ਤੇ ਧਿਆਨ ਦਿੱਤਾ ਜਾਵੇਗਾ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ ਮਾਰਕੀਟ ਕਮੇਟੀ ਦੇ ਸਕੱਤਰ ਬਿਕਰਮਜੀਤ ਸਿੰਘ ਸੰਧੂ, ਨਗਰ ਪੰਚਾਇਤ ਦੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ, ਦਲਜੀਤ ਸਿੰਘ, ਐੱਮ ਸੀ, ਸੁਰਿੰਦਰ ਕੁਮਾਰ ਸੋਨ ਸੇਠੀ ਐੱਮ ਸੀ, ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਯਸ਼ਪਾਲ ਗਾਬਾ, ਤਰਸੇਮ ਸਿੰਘ ਸੋਨੂੰ ਛੱਪੜ, ਚੇਅਰਮੈਨ ਬਲਵਿੰਦਰ ਸਿੰਘ ਰਾਉ ਕੇ, ਸਰਪੰਚ ਗੁਰਨਾਮ ਸਿੰਘ ਹਜਾਰਾ ਸਿੰਘ ਵਾਲਾ, ਬਲਵਿੰਦਰ ਸਿੰਘ ਲੱਡੂ ਸਰਪੰਚ ਹਜਾਰਾ ਸਿੰਘ ਵਾਲਾ ਹਿਠਾੜ, ਸਰਪੰਚ ਜਗਸੀਰ ਸਿੰਘ ਵੱਲੀਆ, ਸਰਪੰਚ ਸੁਖਦੇਵ ਸਿੰਘ ਸੋਢੀ, ਸਾਜਨ ਐੱਮ ਸੀ ਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

## ਭਾਰਤ ਰਤਨ ਡਾ. ਅੰਬੇਡਕਰ ਜੀ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ



ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)-ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸੁਨਾਮ ਊਧਮ ਸਿੰਘ ਵਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਮੈਡਮ ਰਣਜੀਤ ਕੌਰ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪਹਿਲਾਂ ਤਾਂ ਬਾਬਾ ਸਾਹਿਬ ਜੀ ਨੂੰ ਹਾਰ ਪਾ ਕੇ ਨਮਸਕਾਰ ਕੀਤੀ ਗਈ, ਬਾਅਦ ਵਿੱਚ ਬਾਬਾ ਸਾਹਿਬ ਜੀ ਦੇ ਨਾਮ ਦਾ ਕੇਕ ਕੱਟ ਕੇ ਉਨ੍ਹਾਂ ਦਾ ਜਨਮ ਦਿਨ ਮਨਾਇਆ ਅਤੇ ਸੂਬਾ ਪ੍ਰਧਾਨ ਡਾਕਟਰ ਹਰਮੇਸ਼ ਸਿੰਘ ਹਿਆਣਾ ਜੀਹਦੇ ਦੱਸੇ ਹੋਏ ਸੇਧ ਉੱਪਰ ਚਲਦੇ ਹੋਏ ਮੈਡਮ ਰਣਜੀਤ ਕੌਰ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਬਾਬਾ ਸਾਹਿਬ ਨੇ ਆਪਣੀ ਪੂਰੀ ਜ਼ਿੰਦਗੀ ਲਾ ਦਿੱਤੀ, ਡਿੱਗੇ ਹੋਏ ਲੋਕਾਂ ਨੂੰ ਉੱਪਰ ਉੱਠਣ ਲਈ ਅੱਜ ਜੋ ਅਸੀਂ ਸਮਾਜ ਦੇ ਵਿੱਚ ਵੱਡੀਆਂ ਵੱਡੀਆਂ ਨੌਕਰੀਆਂ ਤੇ ਵੱਡੇ ਵੱਡੇ ਅਹੁਦਿਆਂ ਤੇ ਬਿਰਾਜ਼ਮਾਨ ਆ ਉਹ ਸਿਰਫ ਤੋਂ ਸਿਰਫ ਬਾਬਾ ਸਾਹਿਬ ਦੀ ਦੇਣ ਹੈ ਜੋ ਕਿ ਇਸ ਨੂੰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਵੀ ਨਹੀਂ ਭੁਲਾ ਸਕਦੇ ਜੋ ਕਿ ਇਸਤਰੀਆਂ ਨੂੰ ਵੀ ਉਨ੍ਹਾਂ ਨੇ ਬਰਾਬਰ ਦਾ ਹੱਕ ਦਿਵਾਇਆ ਹੈ। ਇਸ ਮੌਕੇ ਪ੍ਰਧਾਨ ਦੇਸ ਰਾਜ ਨੇ ਵੀ ਮੁਬਾਰਕਬਾਦ ਦਿੱਤੀ ਤੇ ਕੇਕ ਕੱਟ ਕੇ ਬਾਬਾ ਸਾਹਿਬ ਜੀ ਦਾ ਜਨਮ ਦਿਨ ਪਬਲਿਕ ਵਿੱਚ ਮਨਾਇਆ। ਇਸ ਮੌਕੇ ਅਜੇ ਕਾਂਗੜਾ, ਸੁਧੀਰ ਸਹੋਤਾ, ਅਸ਼ੋਕ ਕੁਮਾਰ, ਸਤਪਾਲ ਰਾਮ, ਪਰਮਜੀਤ ਕੌਰ, ਬੌਬੀ ਸਿੰਘ, ਅਭਿਸ਼ੇਕ ਰਾਣੀ, ਭਾਵਨਾ, ਸੀਤਾ, ਊਸ਼ਾ ਰਾਣੀ ਆਦਿ ਹਾਜ਼ਰ ਸਨ।

## ਅਕਾਲ ਅਕੈਡਮੀ 'ਚ ਵਿਸਾਖੀ ਦਾ ਦਿਹਾੜਾ ਮਨਾਇਆ



ਚੀਮਾ ਮੰਡੀ (ਰਵਿੰਦਰ ਚੀਮਾ)-ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ ਵਿਸਾਖੀ ਦਾ ਪਵਿੱਤਰ ਦਿਹਾੜਾ ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧਾਰਮਿਕ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਚਰਨ ਪਵਾਏ ਗਏ।ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ।ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਵਿਸਾਖੀ ਦੇ ਇਤਿਹਾਸ ਨੂੰ ਰੌਚਕ ਢੰਗ ਨਾਲ ਪੇਸ਼ ਕਰਦਿਆਂ ਧਾਰਮਿਕ ਕਵਿਤਾਵਾਂ ਤੇ ਭਾਸ਼ਣ ਸੁਣਾਏ।ਇਸ ਦੇ ਨਾਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਾਜਨਾ ਤੇ ਅੰਮ੍ਰਿਤ ਸੰਚਾਰ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਅਨੁਰਾਧਾ ਬੱਬਰ ਨੇ ਸਟਾਫ ਤੇ ਵਿਦਿਆਰਥੀਆਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਬੱਚਿਆਂ ਨੂੰ ਗੁਰੂ ਸਾਹਿਬਾਨਾਂ ਦੇ ਦੱਸੇ ਰਾਹ 'ਤੇ ਤੁਰਨ ਤੇ ਆਪਣੀ ਵਿਰਾਸਤ 'ਤੇ ਮਾਣ ਕਰਨ ਲਈ ਪ੍ਰੇਰਿਤ ਕੀਤਾ।

# ਲੋਕ ਬਸਪਾ ਨੂੰ ਪੰਜਾਬ ਦੀ ਸੇਵਾ ਦਾ ਇੱਕ ਮੌਕਾ ਦੇਣ : ਕਰੀਮਪੁਰੀ



ਧੂਰੀ (ਮਨੋਹਰ ਸਿੰਘ ਸੱਗੂ)-ਸਰਕਾਰੀ ਦਾਅਵਿਆਂ ਦੇ ਬਾਵਜੂਦ ਪੰਜਾਬ ਅੰਦਰ ਨਸ਼ਿਆਂ ਦੀ ਨਿਰੰਤਰ ਹੋਮ ਡਲਿਵਰੀ ਹੋ ਰਹੀ ਹੈ ਅਤੇ ਡਰੱਗ ਮਾਫ਼ੀਆ ਬੇਖੌਫ਼ ਆਪਣਾ ਕਾਰੋਬਾਰ ਚਲਾ ਰਿਹਾ ਹੈ ਤੇ ਆਏ ਦਿਨ ਮਾਵਾਂ ਦੇ ਪੁੱਤ ਤੇ ਭੈਣਾਂ ਦੇ ਭਰਾ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ ।ਉਪਰੋਕਤ ਸ਼ਬਦ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਇੱਥੇ ਇੱਕ ਪੈਲੇਸ 'ਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ 'ਤੇ ਹੋਈ ਸੂਬਾ ਪੱਧਰੀ ਰੈਲੀ 'ਚ ਸ਼ਮੂਲੀਅਤ ਕਰਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੇ।ਉਨ੍ਹਾਂ ਭਗਵੰਤ ਮਾਨ ਸਰਕਾਰ ਨੂੰ ਵਾਅਦਿਆਂ ਤੋਂ ਮੁੱਕਰਨ ਵਾਲੀ ਸਰਕਾਰ ਗਰਦਾਨਦਿਆਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਦਾਅਵਿਆਂ ਦੇ ਉਲਟ ਜਿੱਥੇ ਨਸ਼ਿਆਂ ਦਾ ਰੁਝਾਨ ਵਧੀਆ ਹੈ ਉਥੇ ਭ੍ਰਿਸ਼ਟਾਚਾਰ ਬਾਦਸਤੂਰ ਜਾਰੀ ਹੈ। ਕਰੀਮਪੁਰੀ ਨੇ ਬਾਬਾ ਸਾਹਿਬ ਦੇ ਜਨਮ ਦਿਹਾੜੇ 'ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ 'ਚ ਸ਼ਰਾਰਤੀ ਅਨਸਰਾਂ ਵੱਲੋਂ ਵਾਰ ਵਾਰ ਬਾਬਾ ਸਾਹਿਬ ਦੇ ਬੁੱਤ ਤੋੜੇ ਗਏ, ਪਰ ਸਰਕਾਰ ਨੇ ਸੁਰੱਖਿਆ ਨਹੀਂ ਦਿੱਤੀ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਵੱਲੋਂ ਲਿਖੇ ਸੰਵਿਧਾਨ ਅਨੁਸਾਰ ਦੇਸ਼ ਚੱਲ ਰਿਹਾ ਹੈ ਅਤੇ ਉਨ੍ਹਾਂ ਭਾਰਤੀ ਸੰਵਿਧਾਨ 'ਚ ਹਰੇਕ ਵਰਗ ਨੂੰ ਬਰਾਬਰ ਦੇ ਹੱਕ ਦਿੱਤੇ।ਉਨ੍ਹਾਂ ਲੋਕਾਂ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣ ਕੇ 2027 ਦੀਆਂ ਚੋਣਾਂ 'ਚ ਪੰਜਾਬ ਨੂੰ ਉਜਾੜਨ ਵਾਲਿਆਂ ਅਕਾਲੀ-ਭਾਜਪਾ ਤੇ ਕਾਂਗਰਸ ਨੂੰ ਹਰਾਉਣ ਅਤੇ ਭਗਵੰਤ ਮਾਨ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਪੰਜਾਬੀਆਂ ਨੂੰ ਇੱਕ ਵਾਰ ਬਸਪਾ ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸੰਭਾਲੋ ਮੁਹਿੰਮ ਮਾਵਾਂ ਦੇ ਪੁੱਤ ਅਤੇ ਭੈਣਾਂ ਦੇ ਭਰਾ ਬਚਾਉਣ ਦੀ ਮੁਹਿੰਮ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਪੰਜਾਬ 'ਚ ਨੌਜਵਾਨਾਂ ਲਈ ਰੋਜ਼ਗਾਰ ਦੇ ਵਸੀਲੇ ਪੈਦਾ ਕਰਨ ਅਤੇ ਸਿੱਖਿਆ ਤੇ ਸਿਹਤ ਕ੍ਰਾਂਤੀ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਬੂ ਹੇਠ ਰੱਖਣ 'ਚ ਫੇਲ੍ਹ ਸਾਬਤ ਹੋਈ ਹੈ।ਉਨ੍ਹਾਂ ਕਿਹਾ ਕਿ ਬਸਪਾ ਪੰਜਾਬ ਨੂੰ ਕਰਜ਼ੇ ਦੇ ਬੋਝ ਹੇਠੋਂ ਕੱਢ ਕੇ ਕਿਸਾਨਾਂ, ਮਜ਼ਦੂਰਾਂ ਤੇ ਕਿਰਤੀਆਂ 'ਚ ਏਕਤਾ ਕਰਵਾ ਕੇ ਕਰਜ਼ਾ ਮੁਕਤ ਮਾਹੌਲ ਸਿਰਜੇਗੀ ਤੇ ਲੋਕਾਂ ਨੂੰ ਸੁਰੱਖਿਆ ਦੀ ਗਾਰੰਟੀ ਦੇਵੇਗੀ।ਸਮਾਗਮ ਦੌਰਾਨ ਸੇਵਾ ਮੁਕਤ ਏ ਡੀ ਸੀ ਪ੍ਰੀਤਮ ਸਿੰਘ ਜੌਹਲ ਨੇ ਆਪਣੇ ਸਾਥੀਆਂ ਸਮੇਤ ਬਸਪਾ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ।ਇਸ ਮੌਕੇ ਰਣਧੀਰ ਸਿੰਘ ਬੈਨੀਪਾਲ, ਪ੍ਰਤਾਪ ਸਿੰਘ ਪੰਜਾਬ ਇੰਚਾਰਜ, ਹਰਭਜਨ ਸਿੰਘ ਬਜਹੇੜੀ, ਡਾ: ਸਰੂਪ ਸਿੰਘ, ਬਲਜੀਤ ਸਿੰਘ ਸਲਾਵਾ ਆਦਿ ਵੀ ਮੌਜੂਦ ਸਨ।

## ਜਲਾਲਾਬਾਦ ਤੇ ਘੁਬਾਇਆ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ

ਜਲਾਲਾਬਾਦ (ਬਲਵਿੰਦਰ ਸਿੰਘ, ਜੀਤ ਕੁਮਾਰ)-ਜਲਾਲਾਬਾਦ ਦੀ ਮੁੱਖ ਅਨਾਜ ਮੰਡੀ ਤੇ ਮੰਡੀ ਘੁਬਾਇਆ 'ਚ ਅੱਜ ਕਣਕ ਦੀ ਸਰਕਾਰੀ ਖਰੀਦ ਦੀ ਰਸਮੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਮੁਖੀਜਾ ਟਰੇਡਿੰਗ ਕੰਪਨੀ ਤੋਂ ਕਣਕ ਦੀ ਪਹਿਲੀ ਢੇਰੀ ਸਰਕਾਰੀ ਖਰੀਦ ਏਜੰਸੀ ਪਨਸਪ ਰਾਹੀਂ ਖਰੀਦ ਕਰਵਾ ਕੇ ਸੀਜ਼ਨ ਦੀ ਸ਼ੁਰੂਆਤ ਕਰਵਾਈ ਗਈ।ਵਿਧਾਇਕ ਗੋਲਡੀ ਨੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਿਸਾਨ ਆਪਣੀ ਫਸਲ ਨੂੰ ਛੇ ਮਹੀਨੇ ਪੁੱਤਾਂ ਵਾਂਗ ਪਾਲਦਾ ਹੈ ਅਤੇ ਮੰਡੀ ਵਿੱਚ ਵੇਚਣ ਦਾ ਦਿਨ ਬਹੁਤ ਅਹਿਮ ਹੁੰਦਾ ਹੈ।ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ ਅਤੇ ਕਿਸੇ ਵੀ ਕਿਸਾਨ ਨੂੰ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਮੌਕੇ ਐਸ.ਡੀ.ਐਮ ਜਲਾਲਾਬਾਦ ਕੰਵਰਜੀਤ ਸਿੰਘ ਮਾਨ, ਮਾਰਕੀਟ ਕਮੇਟੀ ਚੇਅਰਮੈਨ ਦੇਵਰਾਜ ਸ਼ਰਮਾ, ਆੜ੍ਹਤੀ ਯੂਨੀਅਨ ਦੇ ਪ੍ਰਧਾਨ ਮਨਜੀਤ ਸਿੰਘ ਦਰਗਨ, ਮਾਰਕੀਟ ਕਮੇਟੀ ਸਕੱਤਰ ਅਤੇ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਮੌਜੂਦ ਰਹੇ।

## ਸਿਹਤ ਕੇਂਦਰਾਂ ਵਿੱਚ ਮੁਫ਼ਤ ਸਰਵਾਈਕਲ ਕੈਂਸਰ ਦਾ ਟੀਕਾਕਰਨ : ਡਾ. ਰਮਨਦੀਪ ਕੌਰ

ਸਮਰਾਲਾ (ਸੁਰਜੀਤ ਸਿੰਘ)-ਸਿਹਤ ਵਿਭਾਗ ਵੱਲੋਂ ਕਿਸ਼ੋਰੀਆਂ ਨੂੰ ਸਰਵਾਈਕਲ ਕੈਂਸਰ ਤੋਂ ਬਚਾਉਣ ਲਈ ਸਿਵਲ ਸਰਜਨ ਲੁਧਿਆਣਾ ਡਾ.ਰਮਨਦੀਪ ਕੌਰ ਦੀ ਅਗਵਾਈ ਹੇਠ 90 ਦਿਨਾਂ ਦਾ ਹਿਊਮਨ ਪੈਪੀਲੋਮਾ ਵਾਇਰਸ (ਐਚ ਪੀ ਵੀ) ਟੀਕਾਕਰਨ ਅਭਿਆਨ ਤਹਿਤ ਜ਼ਿਲ੍ਹੇ ਦੀਆਂ ਵੱਖ ਵੱਖ ਸਰਕਾਰੀ



ਸਿਹਤ ਸੰਸਥਾਵਾਂ ਵਿੱਚ ਕੈਂਪ ਲਗਾ ਕੇ ਮੁਫ਼ਤ ਟੀਕਾਕਰਨ ਕੀਤਾ ਜਾ ਰਿਹਾ ਹੈ।ਇਸ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਡਾ. ਕੌਰ ਨੇ ਦੱਸਿਆ ਕਿ ਸਰਵਾਈਕਲ ਕੈਂਸਰ ਔਰਤਾਂ ਵਿੱਚ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਹੈ, ਜਿਸ ਤੋਂ ਸਮੇਂ ਸਿਰ ਟੀਕਾਕਰਨ ਅਤੇ ਜਾਗਰੂਕਤਾ ਰਾਹੀਂ ਕਾਫ਼ੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਐਚ ਪੀ ਵੀ ਟੀਕਾ ਸੁਰੱਖਿਅਤ ਅਤੇ ਬਹੁਤ ਪ੍ਰਭਾਵਸ਼ਾਲੀ ਹੈ।ਇਸ ਲਈ ਮਾਪਿਆਂ ਨੂੰ ਅੱਗੇ ਆ ਕੇ ਆਪਣੀਆਂ 14 ਤੋਂ 15 ਸਾਲ ਦੀ ਉਮਰ ਦੀਆਂ ਧੀਆਂ ਨੂੰ ਇਸ ਵਿਸ਼ੇਸ਼ ਮੁਹਿੰਮ ਦੌਰਾਨ ਟੀਕਾਕਰਨ ਜ਼ਰੂਰ ਕਰਵਾਉਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਇਸ ਖਤਰਨਾਕ ਬਿਮਾਰੀ ਤੋਂ ਬਚਾਇਆ ਜਾ ਸਕੇ।ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਐਚ ਪੀ ਵੀ ਟੀਕਾ ਉਪਲੱਬਧ ਹੈ।

## ਆੜ੍ਹਤੀ ਵੱਲੋਂ ਮਾਰਕੀਟ ਕਮੇਟੀ ਘਨੌਰ ਦੇ ਅਧਿਕਾਰੀਆਂ 'ਤੇ ਫੜ੍ਹ ਨਾ ਦੇਣ ਦਾ ਦੋਸ਼, ਖੁਦਕੁਸ਼ੀ ਦੀ ਚਿਤਾਵਨੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪਟਿਆਲਾ ਦੇ ਹਲਕਾ ਘਨੌਰ ਦੀ ਮੰਡੀ ਵਿਚ ਆੜ੍ਹਤੀ ਵਜੋਂ ਕੰਮ ਕਰਦੇ ਕਰਨੈਲ ਸਿੰਘ ਭੱਟੀਆਂ ਨੇ ਦੋਸ਼ ਲਾਇਆ ਹੈ ਕਿ ਮਾਰਕੀਟ ਕਮੇਟੀ ਘਨੌਰ ਦੇ ਅਧਿਕਾਰੀ ਕਣਕ ਦੇ ਚਲਦੇ ਸੀਜ਼ਨ ਵਿਚ ਉਸ ਨੂੰ ਉਸ ਦੇ ਗਾਹਕ ਜ਼ਿਮੀਂਦਾਰਾਂ ਦੀ ਕਣਕ ਰੱਖਣ ਵਾਸਤੇ ਫੜ ਨਹੀਂ ਦੇ ਰਹੇ। ਇਥੇ ਪਟਿਆਲਾ ਮੀਡੀਆ ਕਲੱਬ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਰਨੈਲ ਸਿੰਘ ਨੇ ਦੱਸਿਆਕਿ ਉਹਨਾਂ ਨੇ ਬਹੁਤ ਮੁਸ਼ਕਿਲ ਨਾਲ ਆੜ੍ਹਤੀ ਵਜੋਂ ਕੰਮ ਕਰਨ ਦਾ ਲਾਇਸੰਸ ਬਣਵਾਇਆ ਜਿਸ ਉਪਰੰਤ 25 ਲੱਖ ਰੁਪਏ ਖਰਚ ਕੇ ਘਨੌਰ ਮੰਡੀ ਵਿਚ ਸ਼ੋਅ ਰੂਮ ਖਰੀਦਿਆ। ਉਹਨਾਂ ਕਿਹਾ ਕਿ ਉਹਨਾਂ ਦੇ ਨਾਲ 35 ਤੋਂ 40 ਕਿਸਾਨ ਜੁੜੇ ਹੋਏ ਹਨ ਜਿਹਨਾਂ ਨੂੰ ਉਹਨਾਂ ਨੇ ਐਡਵਾਂਸ ਰੂਪ ਵਿਚ ਲੱਖਾਂ ਰੁਪਏ ਦਿੱਤੇ ਤਾਂ ਜੋ ਉਹ ਆਪਣੀ ਕਣਕ ਦੀ ਫਸਲ ਪਾਲ ਸਕਣ। ਉਹਨਾਂ ਕਿਹਾ ਕਿ ਹੁਣ ਜਦੋਂ ਵਾਢੀ ਦਾ ਸੀਜ਼ਨ ਆਇਆ ਹੈ ਤਾਂ ਜ਼ਿਮੀਂਦਾਰਾਂ ਨੂੰ ਕਣਕ ਦੀ ਫਸਲ ਮੰਡੀ ਵਿਚ ਵੇਚਣ ਲਈ ਲਿਆਉਣ ਦੀ ਥਾਂ ਨਹੀਂ ਮਿਲ ਰਹੀ। ਉਹਨਾਂ ਕਿਹਾ ਕਿ ਉਹਨਾਂ ਮਾਰਕੀਟ ਕਮੇਟੀ ਦੇ ਸਕੱਤਰ ਤੇ ਸੁਪਰਵਾਈਜ਼ਰ ਨੂੰ ਬਹੁਤ ਵਾਰ ਬੇਨਤੀ ਕੀਤੀ ਕਿ ਉਹਨਾਂ ਨੂੰ ਫੜ ਵਿਚ ਪੱਕੀ ਥਾਂ ਦਿੱਤੀ ਜਾਵੇ। ਉਹਨਾਂ ਕਿਹਾ ਕਿ ਚਾਰ ਵਾਰ ਇਹਨਾਂ ਅਧਿਕਾਰੀਆਂ ਨੇ ਜਿਹੜੀ ਥਾਂ ਦਿੱਤੀ, ਉਸ 'ਤੇ ਹੋਰ ਆੜ੍ਹਤੀਆਂ ਨੇ ਕਬਜ਼ਾ ਕਰ ਲਿਆ।ਉਹਨਾਂ ਕਿਹਾ ਕਿ ਉਹਨਾਂ ਨੇ ਉੱਚ ਅਧਿਕਾਰੀਆਂ ਨੂੰ ਈ ਮੇਲ ਵੀ ਕੀਤੀਆਂ ਪਰ ਉਹਨਾਂ ਦੀ ਕਿਤੇ ਕੋਈ ਸੁਣਵਾਈ ਨਹੀਂ ਹੋਈ। ਉਹਨਾਂ ਕਿਹਾ ਕਿ ਉਹਨਾਂ ਨੇ ਸਕੱਤਰ ਤੇ ਸੁਪਰਵਾਈਜ਼ਰ ਨੂੰ ਲਿਖਤੀ ਦਰਖ਼ਾਸਤਾਂ ਵੀ ਦਿੱਤੀਆਂ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਜੇਕਰ ਉਹਨਾਂ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਖੁਦਕੁਸ਼ੀ ਕਰ ਲੈਣਗੇ ਜਿਸਦੇ ਜ਼ਿੰਮੇਵਾਰ ਇਹ ਅਧਿਕਾਰੀ ਹੋਣਗੇ।ਉਹਨਾਂ ਕਿਹਾ ਕਿ ਕਣਕ ਦਾ ਸੀਜ਼ਨ ਖਤਮ ਹੋਣ ਕੰਢੇ ਹੈ ਤੇ ਸਿਰਫ ਪੰਜ ਸੱਤ ਦਿਨਾਂ ਦੀ ਖਰੀਦ ਬਾਕੀ ਰਹਿ ਗਈ ਹੈ, ਅਜਿਹੇ ਵਿਚ ਉਹਨਾਂ ਦੇ ਨੁਕਸਾਨ ਦੀ ਪੂਰਤੀ ਹੋਣੀ ਸੰਭਵ ਨਹੀਂ ਹੈ।ਦੂਸਰੇ ਪਾਸੇ ਇਸ ਮਾਮਲੇ ਵਿਚ ਜਦੋਂ ਮਾਰਕੀਟ ਕਮੇਟੀ ਘਨੌਰ ਦੇ ਸਕੱਤਰ ਜਸਵਿੰਦਰ ਸਿੰਘ ਤੇ ਸੁਪਰਵਾਈਜ਼ਰ ਸ੍ਰੀ ਸੰਧੂ ਨਾਲ ਸੰਪਰਕ ਕੀਤਾ ਤਾਂ ਉਹਨਾਂ ਦੱਸਿਆ ਕਿ ਉਹ ਪਹਿਲਾਂ ਵੀ ਕਰਨੈਲ ਸਿੰਘ ਨੂੰ ਫੜ ਲਈ ਥਾਂ ਅਲਾਟ ਕਰ ਚੁੱਕੇ ਹਨ । ਉਹਨਾਂ ਕਿਹਾ ਕਿ ਉਹਨਾਂ ਨੂੰ ਪਤਾ ਲੱਗਾ ਹੈ ਕਿ ਆੜ੍ਹਤੀਆਂ ਦੀ ਆਪਸ ਵਿਚ ਖਿੱਚੋਤਾਣ ਹੈ। ਉਹਨਾਂ ਕਿਹਾ ਕਿ ਸਾਡੇ ਕੋਲ ਤਾਂ ਹੁਣ ਵੀ ਥਾਂ ਖਾਲੀ ਹੈ, ਅਸੀਂ ਅਲਾਟ ਕਰਨ ਵਾਸਤੇ ਤਿਆਰ ਹਾਂ ਤੇ ਇਸ ਦੀ ਲਿਖਤੀ ਸੂਚਨਾ ਵੀ ਕਰਨੈਲ ਸਿੰਘ ਨੂੰ ਦਿੱਤੀ ਹੈ।

# ਮੇਲਾ ਵਿਸਾਖੀ 'ਤੇ ਤਰਕਸ਼ੀਲਾਂ ਦਿੱਤਾ ਵਿਗਿਆਨਕ ਵਿਚਾਰਾਂ ਦਾ ਹੋਕਾ




ਤਲਵੰਡੀ ਸਾਬੋ (ਜਗਦੀਪ ਗਿੱਲ)-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬਠਿੰਡਾ ਜ਼ੋਨ ਦੀਆਂ ਕਈ ਇਕਾਈਆਂ ਵੱਲੋਂ ਸਾਂਝੇ ਰੂਪ ਵਿੱਚ ਮੇਲਾ ਵਿਸਾਖੀ 'ਤੇ ਤਲਵੰਡੀ ਸਾਬੋ ਵਿੱਚ ਲਗਾਤਾਰ ਦੋ ਦਿਨ ਤਰਕਸ਼ੀਲ ਪ੍ਰੋਗਰਾਮ ਕੀਤਾ ਜਾਂਦਾ ਰਿਹਾ, ਜਿਸ ਵਿੱਚ ਬਠਿੰਡਾ ਜ਼ੋਨ ਦੀਆਂ ਇਕਾਈਆਂ ਬਠਿੰਡਾ, ਤਲਵੰਡੀ ਸਾਬੋ ਅਤੇ ਮੌੜ ਮੰਡੀ ਵਲੋਂ ਪ੍ਰਬੰਧਕੀ ਜ਼ਿੰਮੇਵਾਰੀ ਉਠਾਈ ਗਈ। ਇਕਾਈ ਡੱਬਵਾਲੀ ਵਲੋਂ ਆਪਣੀ ਮੈਜਿਕ ਟੀਮ ਦੀ ਸ਼ਮੂਲੀਅਤ ਕਰਵਾਈ ਗਈ। ਆਗੂ ਸਾਥੀ ਜਗਤਾਰ ਸਿੰਘ ਸਿੰਘੇਵਾਲਾ ਅਤੇ ਤਰਸੇਮ ਮਿਠੜੀ ਤੇ ਅਧਾਰਤ ਮੈਜਿਕ ਟੀਮ ਨੇ ਹੱਥ ਦੀ ਸਫਾਈ ਦੇ ਜਾਦੂ ਟਰਿੱਕ ਵਿਖਾਏ। ਇਕਾਈ ਬਠਿੰਡਾ ਦੇ ਸੀਨੀਅਰ ਸਾਥੀ ਕੁਲਵੰਤ ਸਿੰਘ ਨੇ ਮੈਜਿਕ ਸ਼ੋਅ ਪੇਸ਼ ਕਰਕੇ ਦੱਸਿਆ ਕਿ ਜਾਦੂ ਨਾ ਕਾਲਾ ਨਾ ਚਿੱਟਾ ਜਾਦੂ ਹੱਥ ਸਫਾਈ ਦਾ ਸਿੱਟਾ ਹੈ।ਜਿਹੜੇ ਬਾਬੇ, ਮਦਾਰੀ ਜਾਂ ਜਾਦੂਗਰ ਇਸ ਨੂੰ ਕਿਸੇ ਕਾਲੇ ਜਾਦੂ ਜਾਂ ਗੈਬੀ ਸ਼ਕਤੀ ਦਾ ਕਾਰਨ ਦੱਸਦੇ ਹਨ, ਉਹ ਲੋਕਾਂ ਦਾ ਮਾਨਸਿਕ ਸ਼ੋਸ਼ਣ ਕਰਦੇ ਹਨ।ਦੋ ਦਿਨ ਅਤੇ ਇੱਕ ਰਾਤ ਚੱਲੇ ਇਸ ਤਰਕਸ਼ੀਲ ਪ੍ਰੋਗਰਾਮ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਠਿੰਡਾ ਦੇ ਆਗੂਆਂ-ਬਲਰਾਜ ਮੌੜ ਅਤੇ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਨੇ ਹਾਜ਼ਰ ਲੋਕਾਂ ਨਾਲ ਆਪਣੇ ਤਰਕਸ਼ੀਲ ਅਤੇ ਵਿਗਿਆਨਕ ਵਿਚਾਰ ਸਾਂਝੇ ਕੀਤੇ। ਇਕਾਈ ਮੌੜ ਦੇ ਆਗੂ ਮਾਸਟਰ ਰਮਨਦੀਪ ਜੋਧਪੁਰ ਪਾਖਰ ਨੇ ਵੀ ਕਾਨਫਰੰਸ ਨੂੰ ਸੰਬੋਧਨ ਕੀਤਾ।ਇਕਾਈ ਬਠਿੰਡਾ ਵਲੋਂ ਲਗਾਤਾਰ ਪੂਰਾ ਸਮਾਂ ਤਰਕਸ਼ੀਲ ਵਿਗਿਆਨਕ ਅਤੇ ਹੋਰ ਸਮਾਜ ਪੱਖੀ ਸਾਹਿਤ ਦੀਆਂ ਕਿਤਾਬਾਂ ਅਤੇ ਪੋਸਟਰ ਬੈਨਰ ਪ੍ਰਦਰਸ਼ਨੀ ਲਾ ਕੇ ਤਰਕਸ਼ੀਲ ਵਿਚਾਰਾਂ ਦੀ ਸਾਂਝ ਪਾਈ।ਜਿਸ ਦੀ ਅਗਵਾਈ ਜ਼ੋਨ ਦੇ ਵਿੱਤ ਵਿਭਾਗ ਮੁਖੀ ਮਾਸਟਰ ਗਿਆਨ ਸਿੰਘ, ਇਕਾਈ ਦੇ ਆਗੂ ਕੁਲਵੰਤ ਸਿੰਘ, ਹਾਕਮ ਸਿੰਘ ਅਤੇ ਚਰਨਜੀਤ ਸਿੰਘ ਸਰਗਰਮ ਤਰਕਸ਼ੀਲ ਮੈਂਬਰਾਂ ਨੇ ਕੀਤੀ।ਤਰਕਸ਼ੀਲ ਸਾਹਿਤ ਸਟਾਲ ਉਤੇ ਬਠਿੰਡਾ ਇਕਾਈ ਦੇ ਹੋਰ ਸਰਗਰਮ ਮੈਂਬਰਾਂ ਮਾਸਟਰ ਜੋਗਿੰਦਰ ਸਿੰਘ ਸਰਦਾਰਗੜ੍ਹ, ਜੋਗਿੰਦਰ ਸਿੰਘ ਬਠਿੰਡਾ, ਹਰਿੰਦਰ ਕੁਮਾਰ ਅਤੇ ਬਿਕਰਮਜੀਤ ਨੇ ਡਿਊਟੀ ਨਿਭਾਈ।ਮੁੱਖ ਪ੍ਰਬੰਧਕ ਇਕਾਈ ਤਲਵੰਡੀ ਸਾਬੋ ਦੇ ਮੁਖੀ ਮਹਿਮਾ ਸਿੰਘ ਧਿੰਗੜ, ਅਵਤਾਰ ਸਿੰਘ ਬੁਰਜ ਸੇਮਾ ਐਡਵੋਕੇਟ, ਜਗਦੀਪ ਗਿੱਲ, ਹਰਜਿੰਦਰ ਸਿੰਘ ਪੱਪੀ, ਯੋਗਰਾਜ ਭਾਗੀਵਾਂਦਰ ਬਲਦੇਵ ਸਿੰਘ ਗਿੱਲ, ਮੇਵਾ ਸਿੰਘ ਰੰਧਾਵਾ, ਗੁਰਦੀਪ ਸਿੰਘ ਕਲਾਲਵਾਲਾ, ਦਰਸ਼ਨ ਬਾਈ ਅਤੇ ਕ੍ਰਿਸ਼ਨ ਗੁਰੂਸਰੀਆ ਨੇ ਵੀ ਜ਼ਿੰਮੇਵਾਰੀ ਨਿਭਾਈ।ਇਕਾਈ ਮੌੜ ਦੇ ਸੀਨੀਅਰ ਮੈਂਬਰ ਹਰਨੇਕ ਸਿੰਘ ਹਰਬੰਸ ਕੁੱਬੇ, ਗੁਰਜੰਟ ਸਿੰਘ ਮੌੜ ਅਤੇ ਹੋਰ ਸਾਥੀਆਂ ਨੇ ਹਾਜਰੀ ਲਵਾਈ।ਤਰਕਸ਼ੀਲ ਆਗੂਆਂ ਨੇ ਇਸ ਤਰਕਸ਼ੀਲ ਪ੍ਰੋਗਰਾਮ ਲਈ ਮੌਕੇ ਦੀ ਜਗ੍ਹਾ ਮੁਹੱਈਆ ਕਰਵਾਉਣ ਵਾਲੇ ਸ਼ੈਂਕੀ ਇੰਟਰਪ੍ਰਾਈਜਿਜ਼ ਦੇ ਮਾਲਕ ਵਿਜੈ ਕੁਮਾਰ ਦਾ ਵੀ ਧੰਨਵਾਦ ਕੀਤਾ।

## ਬਜ਼ੁਰਗ ਵੱਲੋਂ ਖੁਦਕੁਸ਼ੀ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਕੁਤਬਾ ਨੇੜੇ ਬਠਿੰਡਾ ਬ੍ਰਾਂਚ ਨਹਿਰ ਦੀ ਪਟੜੀ ਨਾਲ ਲੱਗਦੇ ਇਕ ਕਿਸਾਨ ਦੇ ਖੇਤ ਵਿੱਚੋਂ ਇੱਕ 70 ਸਾਲਾ ਵਿਅਕਤੀ ਦੀ ਲਾਸ਼



ਮਿਲਣ ਦਾ ਪਤਾ ਲੱਗਿਆ ਹੈ। ਥਾਣਾ ਮਹਿਲ ਕਲਾਂ ਦੇ ਮੁਖ ਅਫਸਰ ਕੁਲਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਕਿ ਪਿੰਡ ਕੁਤਬਾ ਦੇ ਨੇੜਿਉਂ ਲੰਘਦੀ ਬਠਿੰਡਾ ਬਰਾਂਚ ਨਹਿਰ ਦੀ ਪਟੜੀ ਨਾਲ ਲੱਗਦੇ ਖੇਤ 'ਚ ਬਣੀ ਮੋਟਰ ਦੀ ਕੋਠੀ ਕੋਲ ਇੱਕ ਵਿਅਕਤੀ ਦੀ ਲਾਸ਼ ਪਈ ਹੈ। ਤੁਰੰਤ ਹੀ ਪੁਲਿਸ ਪਾਰਟੀ ਵੱਲੋਂ ਜਾਇਜ਼ਾ ਲੈਣ 'ਤੇ ਪਤਾ ਲੱਗਿਆ ਕਿ ਇਸ ਵਿਅਕਤੀ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ।ਲਾਸ਼ ਦੀ ਪਛਾਣ ਅਜਮੇਰ ਸਿੰਘ (70) ਪੁੱਤਰ ਗੁਰਦਿਆਲ ਸਿੰਘ ਵਾਸੀ ਪੰਡੋਰੀ ਵਜੋਂ ਹੋਈ ਹੈ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਨੂੰ ਕਈ ਮਹੀਨੇ ਪਹਿਲਾਂ ਬਿਜਲੀ ਦਾ ਕਰੰਟ ਲੱਗਣ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ ।

# ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ 27ਵਾਂ ਵਿਸ਼ਾਲ ਖ਼ੂਨਦਾਨ ਕੈਂਪ ਇਤਿਹਾਸਿਕ ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ (ਬਰਨਾਲਾ) ਵਿਖੇ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋਂ ਗੁਰਦੁਆਰਾ ਕਮੇਟੀ ਜੰਡਸਰ ਸਾਹਿਬ, ਗ੍ਰਾਮ ਪੰਚਾਇਤ, ਅਤੇ ਸਮੂਹ ਖ਼ੂਨਦਾਨੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਦਾ ਉਦਘਾਟਨ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਇੰਸਪੈਕਟਰ ਗੁਰਪਾਲ ਸਿੰਘ, ਗੁ: ਕਮੇਟੀ ਅਤੇ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਕੀਤਾ।ਉਨ੍ਹਾਂ ਪ੍ਰੈੱਸ ਕਲੱਬ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਐਮਰਜੈਂਸੀ ਮੌਕੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਭਾਜਪਾ ਦੇ ਸੂਬਾ ਸਕੱਤਰ ਲਖਵਿੰਦਰ ਸਿੰਘ ਸਪਰਾ, ਕੋਆਰਡੀਨੇਟਰ ਗੁਰਮੇਲ ਸਿੰਘ ਮੌੜ, ਯੂਥ ਕਾਂਗਰਸ ਦੇ ਆਗੂ ਬੰਨੀ ਖਹਿਰਾ, ਐਡਵੋਕੇਟ ਜਸਵੀਰ ਸਿੰਘ ਖੇੜੀ, ਪ੍ਰਧਾਨ ਹਰਤੇਜ ਸਿੰਘ ਸਿੱਧੂ ਨੇ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਇਸ ਸਮਾਜ ਸੇਵੀ ਕਾਰਜ ਦੀ ਸ਼ਲਾਘਾ ਕੀਤੀ। ਸਰਪ੍ਰਸਤ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ, ਰਮਨਦੀਪ ਸਿੰਘ ਠੁੱਲੀਵਾਲ, ਸੋਨੀ ਮਾਂਗੇਵਾਲ, ਮੇਘ ਰਾਜ ਜੋਸ਼ੀ ਨੇ ਸਮੂਹ ਖ਼ੂਨਦਾਨੀਆਂ, ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।ਪੰਜਾਬੀ ਲੇਖਿਕਾ ਕਮਲਜੀਤ ਗੁੰਮਟੀ, ਜਥੇਦਾਰ ਨਾਥ ਸਿੰਘ ਹਮੀਦੀ, ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ, ਏ ਐਸ ਆਈ ਕਰਮਜੀਤ ਸਿੰਘ ਹਮੀਦੀ, ਮੰਗਤ ਸਿੰਘ ਸਿੱਧੂ, ਬਲਜੀਤ ਸਿੰਘ ਸਿੱਧੂ, ਡਾ: ਬਲਵੰਤ ਰਾਏ ਨੇ ਖ਼ੂਨਦਾਨੀਆਂ ਨੂੰ ਆਸ਼ੀਰਵਾਦ ਦਿੰਦਿਆ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿਵਾਇਆ। ਇਸ ਮੌਕੇ ਖ਼ੂਨਦਾਨੀਆਂ ਨੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਦੀ ਟੀਮ ਨੂੰ 60 ਯੂਨਿਟ ਖ਼ੂਨਦਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ, ਖ਼ੂਨਦਾਨੀਆਂ, ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਓਮਨਦੀਪ ਸਿੰਘ ਹਮੀਦੀ, ਡਾ: ਨਿਰਭੈ ਸਿੰਘ ਨਿਹਾਲੂਵਾਲ, ਕੁਲਦੀਪ ਸਿੰਘ ਧਾਲੀਵਾਲ, ਹਰਜੀਤ ਸਿੰਘ ਗੋਗੀ, ਤਰਨਜੀਤ ਕੌਰ ਠੁੱਲੀਵਾਲ, ਸੁਖਵਿੰਦਰ ਸਿੰਘ ਹੈਰੀ, ਜਸਵਿੰਦਰ ਕੌਰ ਮਹਿਲ ਖ਼ੁਰਦ, ਗੁਰਦੀਪ ਸਿੰਘ ਟਿਵਾਣਾ, ਬਲਵਿੰਦਰ ਵਜੀਦਕੇ, ਸੁਖਵੀਰ ਜਗਦੇ, ਬਲਵੰਤ ਚੂਹਾਨਕੇ ਆਦਿ ਹਾਜ਼ਰ ਸਨ।

# ਕਾਲਜ ਵਿਦਿਆਰਥਣਾਂ ਵੱਲੋਂ ਗੁਰਮਤਿ ਸਮਾਗਮ ਵਿਚ ਸ਼ਲਾਘਾਯੋਗ ਪੇਸ਼ਕਾਰੀ



ਸਮਰਾਲਾ (ਸੁਰਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਬਹਾਦਰਗੜ੍ਹ, ਪਟਿਆਲਾ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਧਾਰਮਿਕ ਗਤੀਵਿਧੀਆਂ ਦੀ ਪੇਸ਼ਕਾਰੀ ਅਤੇ ਪ੍ਰਦਰਸ਼ਨੀ 'ਖਾਲਸਾ ਸਾਜਨਾ ਦਿਵਸ' ਨੂੰ ਸਮਰਪਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤੀ ਗਈ।ਸਮਾਗਮ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਐਸ ਜੀ ਪੀ ਸੀ ਅਤੇ ਸਕੱਤਰ ਵਿਦਿਆ ਸੁਖਮਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਦੀਆਂ ਵਿਦਿਆਰਥਣਾਂ ਅਤੇ ਸਟਾਫ ਵੱਲੋਂ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਜ ਵਿਦਿਆਰਥਣਾਂ ਵੱਲੋਂ ਦੀਵਾਨ ਹਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਸਥਾ ਵੱਲੋਂ ਉਲੀਕੇ ਗੁਰਮਤਿ ਸਮਾਗਮ ਵਿੱਚ ਸ਼ਬਦ ਕੀਰਤਨ, ਕਵੀਸ਼ਰੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਧਾਰਮਿਕ ਕਵਿਤਾ ਰਾਹੀਂ ਹਾਜ਼ਰੀ ਲਗਵਾਈ ਗਈ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਗੁਰਬਾਣੀ ਵਿੱਚ ਵਰਣਿਤ ਪੌਦਿਆਂ ਤੇ ਹਵਾ ਦੀ ਸ਼ੁੱਧਤਾ ਰੱਖਣ ਵਾਲੇ ਪੌਦਿਆਂ ਦੀ ਪ੍ਰਦਰਸ਼ਨੀ ਵੀ ਵਿਸ਼ੇਸ਼ ਤੌਰ 'ਤੇ ਲਗਾਈ ਗਈ, ਜੋ ਕਿ ਤਖ਼ਤ ਸਾਹਿਬ ਤੇ ਨਤਮਸਤਕ ਹੋਣ ਲਈ ਆਈ ਸੰਗਤ ਲਈ ਖਿੱਚ ਦਾ ਕੇਂਦਰ ਬਣੀ ਰਹੀ।ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ, ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਅਤੇ ਸਿਧਾਂਤਾਂ ਨਾਲ ਜੋੜਨ ਦਾ ਇਹ ਯਤਨ ਭਵਿੱਖ ਵਿੱਚ ਵਧੀਆ ਨਤੀਜੇ ਲੈ ਕੇ ਆਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਟੀਚਾ ਵਿਦਿਆਰਥੀਆਂ ਨੂੰ ਦੁਨਿਆਵੀ ਸਿੱਖਿਆ ਦੇ ਨਾਲ ਧਰਮ ਅਤੇ ਵਿਰਸੇ ਨਾਲ ਜੋੜਨਾ ਅਤੇ ਸਿੱਖੀ ਸਿਧਾਂਤਾਂ ਵਿੱਚ ਪ੍ਰਪੱਕ ਕਰਨਾ ਵੀ ਹੈ। ਬੀਬੀ ਹਰਜਿੰਦਰ ਕੌਰ ਮੈਂਬਰ ਅੰਤ੍ਰਿੰਗ ਕਮੇਟੀ ਸ਼੍ਰੋਮਣੀ ਗੁ.ਪ੍ਰ.ਕਮੇਟੀ, ਮੈਂਬਰ ਸਾਹਿਬਾਨ ਸ਼੍ਰੋਮਣੀ ਗੁ.ਪ੍ਰ.ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਵੱਖ-ਵੱਖ ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,ਹੋਰ ਪ੍ਰਮੁੱਖ ਸ਼ਖ਼ਸੀਅਤਾਂ, ਅਧਿਆਪਕ, ਵਿਦਿਆਰਥੀ ਅਤੇ ਭਾਰੀ ਗਿਣਤੀ ਵਿੱਚ ਸੰਗਤ ਵੱਲੋਂ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਲਗਵਾ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਅਤੇ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ ਗਈਆਂ।

## ਓ ਪੀ ਡੀ ਸੇਵਾਵਾਂ ਦਾ ਸਮਾਂ ਬਦਲਿਆ : ਡਾ. ਰਾਏ

ਮਾਨਸਾ (ਆਤਮਾ ਸਿੰਘ ਪਮਾਰ)

ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਤੇ ਉਪ-ਮੰਡਲ ਹਸਪਤਾਲ, ਸੀ ਐੱਚ ਸੀ, ਪੀ.ਐੱਚ.ਸੀ, ਆਮ ਆਦਮੀ ਕਲੀਨਿਕ, ਡਿਸਪੈਂਸਰੀਆਂ ਤੇ ਸੀ ਐੱਚ ਡਬਲਿਊ. ਵਿਖੇ



16 ਅਪ੍ਰੈਲ ਤੋਂ 15 ਅਕਤੂਬਰ ਤੱਕ ਓ.ਪੀ.ਡੀ. ਸੇਵਾਵਾਂ ਦਾ ਸਮਾਂ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਮਰੀਜ਼, ਜੋ ਇਨ੍ਹਾਂ ਸਿਹਤ ਸੰਸਥਾਵਾਂ 'ਚ ਆਪਣਾ ਚੈੱਕਅਪ, ਲੈਬ ਟੈਸਟ, ਐਕਸ-ਰੇਅ ਤੇ ਸਕੈਨ ਕਰਵਾਉਣਾ ਚਾਹੁੰਦਾ ਹੈ ਜਾਂ ਸੰਬੰਧਤ ਡਾਕਟਰਾਂ ਤੋਂ ਦਫ਼ਤਰੀ ਕੰਮ ਕਰਵਾਉਣਾ ਚਾਹੁੰਦਾ ਹੈ, ਉਹ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਕਰਵਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਐਮਰਜੈਂਸੀ ਸੇਵਾਵਾਂ ਪਹਿਲਾਂ ਵਾਂਗ ਹੀ 24 ਘੰਟੇ ਜਾਰੀ ਰਹਿਣਗੀਆਂ।ਉਨ੍ਹਾਂ ਦੱਸਿਆ ਕਿ ਸਿਵਲ ਸਰਜਨ ਦਫ਼ਤਰ ਤੇ ਸਰਕਾਰੀ ਹਸਪਤਾਲ ਨਾਲ ਸਬੰਧਤ ਸਾਰੇ ਦਫ਼ਤਰ ਆਮ ਵਾਂਗ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕੰਮ ਕਰਨਗੇ।

## ਪੱਤਰਕਾਰ ਭਾਈਚਾਰੇ ਵੱਲੋਂ ਧਾਰਮਿਕ ਤੇ ਸਮਾਜਿਕ ਪ੍ਰੋਗਰਾਮਾਂ ਵਿੱਚ ਸ਼ਿਰਕਤ



ਜਲਾਲਾਬਾਦ (ਬਲਵਿੰਦਰ ਸਿੰਘ, ਜੀਤ ਕੁਮਾਰ)-ਵਿਸਾਖੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਪੱਤਰਕਾਰ ਭਾਈਚਾਰੇ ਵੱਲੋਂ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦੇ ਹੋਏ ਸਮਾਜਿਕ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ।ਪੱਤਰਕਾਰਾਂ ਦੀ ਟੀਮ ਵੱਲੋਂ ਸਭ ਤੋਂ ਪਹਿਲਾਂ ਬਾਬਾ ਸਰੂਪ ਦਾਸ ਬੱਗੇ ਕੇ ਮੋੜ ਵਿਖੇ ਪਹੁੰਚ ਕੇ ਗੱਦੀ ਨਸ਼ੀਨ ਬਾਬਾ ਰਾਜਾ ਮਹੰਤ ਦਾ ਅਸ਼ੀਰਵਾਦ ਲਿਆ ਗਿਆ।ਇਸ ਤੋਂ ਬਾਅਦ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਕਰਵਾਏ ਗਏ ਪ੍ਰੋਗਰਾਮ ਵਿੱਚ ਹਾਜ਼ਰੀ ਭਰ ਕੇ ਉਨ੍ਹਾਂ ਦੇ ਵਿਚਾਰਾਂ ਨੂੰ ਯਾਦ ਕੀਤਾ ਗਿਆ।ਹਿਸਾਨ ਵਾਲਾ ਵਿਖੇ ਬਾਬਾ ਮਿਹਰਬਾਨ ਸਿੰਘ ਟਿੱਕਾ ਦਾ ਅਸ਼ੀਰਵਾਦ ਵੀ ਲਿਆ ਗਿਆ।ਇਸ ਦੌਰਾਨ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਦੇ ਨਾਲ ਮਿਲ ਕੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਅੱਗੇ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਪੱਤਰਕਾਰਾਂ ਵਿੱਚ ਬਲਵਿੰਦਰ ਸਿੰਘ, ਗਗਨ ਵਾਟਸ , ਬਲਜੀਤ ਸਿੰਘ (ਮੱਲੀ), ਸੋਨੂੰ ਮਹੰਤ ਤੇ ਬਿੱਟੂ ਦਰੋਗਾ ਸ਼ਾਮਿਲ ਸਨ ਜਦ ਕਿ ਅਸੀਮ ਚਕਤੀ (ਸ਼ਿਵਮ ਬੇਕਰੀ ਵਾਲੇ) ਵੀ ਹਾਜ਼ਰ ਰਹੇ।

## ਅੰਡਰ ਬਰਿੱਜ ਦਾ ਨਿਰਮਾਣ ਕਾਰਜ ਲਟਕਣ ਕਾਰਨ ਲੋਕ ਪ੍ਰੇਸ਼ਾਨ



ਧੂਰੀ (ਮਨੋਹਰ ਸਿੰਘ ਸੱਗੂ)-ਸਥਾਨਕ ਸ਼ਹਿਰ ਤੋਂ ਬਾਹਰ ਧੂਰੀ-ਜਾਖਲ ਰੇਲ ਲਾਈਨ 'ਤੇ ਸਥਿਤ ਮਾਨਵਾਲਾ ਰੇਲ ਫਾਟਕ 'ਤੇ ਬਣ ਰਹੇ ਅੰਡਰ ਬਰਿੱਜ ਦਾ ਨਿਰਮਾਣ ਕਾਰਜ ਰੁਕਣ ਕਾਰਨ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ 'ਚ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਧੂਰੀ-ਜਾਖਲ ਰੇਲ ਲਾਈਨ 'ਤੇ ਸਥਿਤ ਮਾਨਵਾਲਾ ਰੇਲ ਫਾਟਕ 'ਤੇ ਕਈ ਮਹੀਨੇ ਪਹਿਲਾਂ ਅੰਡਰ (ਅੰਡਰ ਪਾਸ) ਬਰਿੱਜ ਦੇ ਨਿਰਮਾਣ ਦਾ ਕੰਮ ਰੇਲ ਵਿਭਾਗ ਵੱਲੋਂ ਸ਼ੁਰੂ ਕੀਤਾ ਗਿਆ ਸੀ। ਇਸ ਦੌਰਾਨ ਮਾਨਵਾਲਾ ਪਿੰਡ ਵਾਲੇ ਪਾਸੇ ਤਾਂ ਭਾਵੇਂ ਕੁੱਝ ਹਿੱਸੇ ਦੇ ਜ਼ਮੀਨਦੋਜ਼ ਰਸਤਾ ਕੰਕਰੀਟ ਦਾ ਲੈਂਟਰ ਪਾ ਕੇ ਛੱਤ ਦਿੱਤਾ ਗਿਆ, ਪਰ ਧੂਰੀ ਆਨਾਜ ਮੰਡੀ ਵਾਲੇ ਪਾਸੇ ਟੋਏ ਪੁੱਟਣ ਤੋਂ ਬਾਅਦ ਕੰਮ ਅੱਧ ਵਿਚਾਲੇ ਰੁਕਿਆ ਹੋਇਆ ਹੈ ਅਤੇ ਨਿਰਮਾਣ ਕਾਰਜ਼ ਦੇ ਰੁਕਣ ਕਾਰਨ ਲੋਕਾਂ ਨੂੰ ਆਉਣ ਜਾਣ ਲਈ ਮੁਸ਼ਕਲ ਦਰਪੇਸ਼ ਹੈ। ਅੰਡਰ ਬਰਿੱਜ ਦਾ ਨਿਰਮਾਣ ਕਾਰਜ ਰੁਕਣ ਕਾਰਨ ਉਦਯੋਗਿਕ ਖੇਤਰ ਅਤੇ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਧੂਰੀ ਸ਼ਹਿਰ ਆਉਣ ਜਾਣ 'ਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਦੂਰ ਦੁਰਾਡਿਓਂ ਘੁੰਮ ਕੇ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਪੁਲ ਦਾ ਨਿਰਮਾਣ ਕਾਰਜ ਰੁਕਣ ਕਾਰਨ ਦੁਸ਼ਵਾਰੀਆਂ ਝੱਲ ਰਹੇ ਲੋਕਾਂ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਦੀ ਰੇਲ ਵਿਭਾਗ ਤੋਂ ਮੰਗ ਹੈ ਕਿ ਰੇਲ ਅੰਡਰ ਬਰਿੱਜ ਦੇ ਨਿਰਮਾਣ ਨੂੰ ਜਲਦ ਮੁਕੰਮਲ ਕਰਵਾ ਕੇ ਲੋਕਾਂ ਨੂੰ ਰਾਹਤ ਦਿਵਾਈ ਜਾਵੇ।ਜਦੋਂ ਰੇਲ ਵਿਭਾਗ ਦੇ ਸਬੰਧਤ ਤਕਨੀਕੀ ਅਧਿਕਾਰੀ ਤੋਂ ਪੱਖ ਜਾਨਣ ਲਈ ਉਨ੍ਹਾਂ ਨਾਲ ਫੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਫੋਨ ਸੁਣਨਾ ਮੁਨਾਸਿਬ ਨਹੀਂ ਸਮਝਿਆ।

## ਹਾਰਵਰਡ ਸਕੂਲ 'ਚ ਮਨਾਇਆ ਵਿਸਾਖੀ ਦਾ ਤਿਉਹਾਰ

ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ।ਵਿਸਾਖੀ ਦੇ ਤਿਉਹਾਰ ਦੇ ਇਸ ਪਵਿੱਤਰ ਮੌਕੇ ਉੱਪਰ ਸਕੂਲ ਦੇ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਨੇ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ,



ਮਾਪਿਆਂ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਬੱਚਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਉੱਪਰ ਚੱਲਣ ਦੀ ਪ੍ਰੇਰਨਾ ਦਿੱਤੀ।ਇਸ ਸਮੇਂ ਸਕੂਲ ਵਿੱਚ ਇੱਕ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਗਿੱਧਾ, ਭੰਗੜਾ ਅਤੇ ਡਾਂਸ ਦੀਆਂ ਆਈਟਮਾਂ ਪੇਸ਼ ਕੀਤੀਆਂ ।ਛੋਟੇ ਬੱਚਿਆਂ ਵੱਲੋਂ ਪੇਸ਼ ਕੀਤਾ ਗਿਆ ਡਾਂਸ ਸਭ ਦਾ ਮਨ ਮੋਹ ਰਿਹਾ ਸੀ।ਬੱਚੇ ਰੰਗ ਬਰੰਗੀਆਂ ਪੰਜਾਬੀ ਪੁਸ਼ਾਕਾਂ ਵਿੱਚ ਸਕੂਲ ਪਹੁੰਚੇ।ਇਸ ਤੋਂ ਬਾਅਦ ਸਕੂਲ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਇਸ ਸਮੇਂ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਮੰਡੀਆਂ 'ਚ ਕਣਕ ਦੀ ਖਰੀਦ ਵਿੱਚ ਦੇਰੀ ਬਰਦਾਸ਼ਤ ਨਹੀਂ ਹੋਵੇਗੀ : ਪੂਨਮ ਸਿੰਘ

ਲੁਧਿਆਣਾ (ਰਾਜ ਸਿੰਗਲਾ)-ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਮੰਗਲਵਾਰ ਨੂੰ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਮੰਡੀਆਂ ਵਿੱਚੋਂ ਕਣਕ ਦੀ ਤੁਰੰਤ ਖਰੀਦ ਅਤੇ ਲਿਫਟਿੰਗ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਗਿੱਲ ਰੋਡ ਅਨਾਜ ਮੰਡੀ ਦੇ ਆਪਣੇ ਦੌਰੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕਿਹਾ ਕਿ ਅਨਾਜ ਦੀ ਖਰੀਦ ਵਿੱਚ ਕੋਈ ਵੀ ਬੇਲੋੜੀ ਦੇਰੀ ਗੈਰ-ਵਾਜਬ



ਅਤੇ ਅਸਹਿਣਯੋਗ ਹੈ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੂਰੀ ਸਰਕਾਰੀ ਮਸ਼ੀਨਰੀ ਨੂੰ ਲਾਮਬੰਦ ਕਰਕੇ ਵਿਸਤ੍ਰਿਤ ਪ੍ਰਬੰਧ ਕਰਨ ਤਾਂ ਜੋ ਕਿਸਾਨਾਂ ਦੀ ਸੁਨਹਿਰੀ ਫ਼ਸਲ ਮੰਡੀ ਵਿੱਚ ਆਉਂਦੇ ਹੀ ਤੁਰੰਤ ਖਰੀਦੀ ਜਾ ਸਕੇ।ਪੂਨਮ ਸਿੰਘ ਨੇ ਨਿਰਵਿਘਨ ਖਰੀਦ ਲਈ ਇੱਕ ਪੁਖਤਾ ਪ੍ਰਬੰਧ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।ਵਧੀਕ ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ 13 ਅਪ੍ਰੈਲ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ 7,685 ਮੀਟ੍ਰਿਕ ਟਨ ਕਣਕ ਪਹੁੰਚ ਚੁੱਕੀ ਹੈ, ਜਿਸ ਵਿੱਚੋਂ 3.18 ਕਰੋੜ ਰੁਪਏ ਦੀ ਅਦਾਇਗੀ ਪਹਿਲਾਂ ਹੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ।ਇਸ ਮੌਕੇ ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ ਸਰਤਾਜ ਸਿੰਘ ਚੀਮਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ

## ਅਕਾਲ ਅਕੈਡਮੀ ਭਦੌੜ ਦੀ ਵਿਦਿਆਰਥਣ ਬਲਪ੍ਰੀਤ ਕੌਰ ਨੇ ਰਾਸ਼ਟਰੀ ਪੱਧਰ 'ਤੇ ਮਾਰੀਆਂ ਮੱਲਾਂ



ਚੀਮਾ ਮੰਡੀ (ਰਵਿੰਦਰ ਚੀਮਾ)-ਕਲਗੀਧਰ ਟਰੱਸਟ ਬੜੂ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਚੱਲ ਰਹੀ ਅਕਾਲ ਅਕੈਡਮੀ ਭਦੌੜ ਲਈ ਬੜੇ ਮਾਣ ਦੀ ਗੱਲ ਹੈ ਕਿ ਕਲਾਸ ਨੌਵੀਂ ਦੀ ਹੋਣਹਾਰ ਵਿਦਿਆਰਥਣ ਬਲਪ੍ਰੀਤ ਕੌਰ (ਸਪੁੱਤਰੀ ਹਰਪ੍ਰੀਤ ਸਿੰਘ) ਨੇ ਰਗਬੀ ਖੇਡ ਵਿੱਚ ਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੌਥਾ ਸਥਾਨ ਪ੍ਰਾਪਤ ਕੀਤਾ ਹੈ।ਉੜੀਸਾ ਵਿੱਚ ਆਯੋਜਿਤ ਰਾਸ਼ਟਰੀ ਪੱਧਰ 'ਤੇ ਰਗਬੀ ਮੁਕਾਬਲਿਆਂ ਵਿੱਚ ਬਲਪ੍ਰੀਤ ਕੌਰ ਨੇ ਪੰਜਾਬ ਦੀ ਟੀਮ ਵੱਲੋਂ ਖੇਡਦਿਆਂ ਆਪਣੀ ਕਾਬਲੀਅਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਮੁਕਾਬਲੇ ਵਿੱਚ ਦੇਸ਼ ਭਰ ਦੀਆਂ ਕੁੱਲ 32 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਪੰਜਾਬ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ।ਬਲਪ੍ਰੀਤ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅਕੈਡਮੀ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ।ਅਕੈਡਮੀ ਦੇ ਪ੍ਰਿੰਸੀਪਲ ਪ੍ਰੀਤੀ ਗਰੋਵਰ ਨੇ ਬਲਪ੍ਰੀਤ ਕੌਰ ਦੀ ਇਸ ਕਾਮਯਾਬੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਵਿਦਿਆਰਥਣ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਸਫਲਤਾ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਸੰਸਕਾਰਾਂ ਦਾ ਨਤੀਜਾ ਹੈ।

## ਡਾ. ਅੰਬੇਡਕਰ ਦੇ ਜਨਮ ਦਿਨ ਮੌਕੇ ਬੱਚਿਆਂ ਨੂੰ ਵੰਡੀ ਸਟੇਸ਼ਨਰੀ



ਸਮਰਾਲਾ (ਸੁਰਜੀਤ ਸਿੰਘ)-ਬਾਬਾ ਸਾਹਿਬ ਬੀ. ਆਰ. ਅੰਬੇਦਕਰ ਮਿਸ਼ਨਰੀ ਸਭਾ ਸਮਰਾਲਾ ਵੱਲੋਂ ਡਾ. ਸੋਹਨ ਲਾਲ ਬਲੱਗਣ ਸਰਪ੍ਰਸਤ ਅਤੇ ਪ੍ਰਧਾਨ ਕਾ. ਭਜਨ ਸਿੰਘ ਦੀ ਅਗਵਾਈ ਹੇਠ ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਡਾ. ਭੀਮ ਰਾਓ ਅੰਬੇਦਕਰ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ ਅਤੇ ਮਿਸ਼ਨਰੀ ਸਭਾ ਵੱਲੋਂ ਗਰੀਬ ਅਤੇ ਲੋੜਵੰਦ 200 ਦੇ ਕਰੀਬ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਸੰਬੋਧਨ ਕਰਦੇ ਹੋਏ ਸਰਪ੍ਰਸਤ ਸੋਹਨ ਲਾਲ ਬਲੱਗਣ ਨੇ ਡਾ. ਭੀਮ ਰਾਓ ਅੰਬੇਦਕਰ ਦੀ ਮੁੱਢਲੀ ਅਤੇ ਉਚੇਰੀ ਵਿੱਦਿਆ ਬਾਰੇ ਚਾਨਣਾ ਪਾਇਆ। ਪ੍ਰਧਾਨ ਕਾ. ਭਜਨ ਸਿੰਘ ਨੇ ਕਿਹਾ ਕਿ ਅੱਜ ਪੂਰੀ ਦੁਨੀਆਂ ਵਿੱਚ ਡਾ ਅੰਬੇਦਕਰ ਨੂੰ ਇੱਕ ਮਹਾਨ ਕਾਨੂੰਨ ਸ਼ਾਸਤਰੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਐਡਵੋਕੇਟ ਸ਼ਿਵ ਕਲਿਆਣ, ਅਮਰਜੀਤ ਸਿੰਘ ਬਾਲਿਓਂ ਪ੍ਰਧਾਨ ਭ੍ਰਿਸ਼ਟਾਚਾਰ ਵਿਰੋਧੀ ਫਰੰਟ, ਦਲਵੀਰ ਸਿੰਘ ਮੰਡਿਆਲਾ ਬਸਪਾ ਆਗੂ, ਅੰਮ੍ਰਿਤਾ ਪੁਰੀ ਨੇ ਡਾ. ਭੀਮ ਰਾਓ ਅੰਬੇਦਕਰ ਦੇ ਜੀਵਨ ਫਲਸਫੇ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਦੁਆਰਾ ਦਿਖਾਏ ਰਸਤੇ ਦੇ ਤੁਰਨ ਦਾ ਪ੍ਰਣ ਕਰਨ ਲਈ ਕਿਹਾ। ਸਭਾ ਵੱਲੋਂ ਆਏ ਹੋਏ ਲੋਕਾਂ ਨੂੰ ਲੱਡੂ ਵੰਡੇ ਕੇ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੀ ਖੁਸ਼ੀ ਸਾਂਝੀ ਕੀਤੀ ਗਈ।

# ਕਣਕ ਦੀ ਸਰਕਾਰੀ ਖਰੀਦ ਲਈ ਕੀਤੇ ਪੁਖਤਾ ਤੇ ਉਸਾਰੂ ਪ੍ਰਬੰਧ : ਧਾਲੀਵਾਲ

**ਅੰਮ੍ਰਿਤਸਰ /ਅਜਨਾਲਾ (ਜਗਦੀਸ਼ ਕਮਲੇਸ਼, ਵਿਜੈ ਸ਼ਰਮਾ)** - ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਸ. ਕੁਲਦੀਪ ਸਿੰਘ ਧਾਲੀਵਾਲ ਵਲੋਂ ਤਹਿਸੀਲ ਅਜਨਾਲਾ ਦੀ ਸੱਭ ਤੋਂ ਵੱਡੀ ਅਨਾਜ ਮੰਡੀ ਅਜਨਾਲਾ ਸ਼ਹਿਰ, ਅਜਨਾਲਾ ਖੇਤਰ ਦੀਆਂ ਚਮਿਆਰੀ, ਸੁਧਾਰ ਤੇ



ਅਵਾਣ ਨੇੜੇ ਰਮਦਾਸ ਦਾਨਾ ਮੰਡੀਆਂ 'ਚ ਕਿਸਾਨਾਂ ਵਲੋਂ ਵਿਕਰੀ ਲਈ ਲਿਆਂਦੀ ਹੋਈ ਹਾੜੀ ਦੀ ਮੁੱਖ ਫਸਲ ਕਣਕ ਦੀ ਸਰਕਾਰੀ ਖਰੀਦ ਦੀ ਆਰੰਭਤਾ ਪੂਰੇ ਉਤਸ਼ਾਹ ਤੇ ਜੋਸ਼ੋ ਖਰੋਸ਼ ਨਾਲ ਕਰਵਾਈ ਗਈ। ਖਰੀਦ ਦੇ ਉਦਘਾਟਨ ਮੌਕੇ ਸ. ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ, ਆੜਤੀਆਂ ਤੇ ਮੰਡੀ ਮਜ਼ਦੂਰਾਂ (ਪੱਲੇਦਾਰਾਂ) ਦੇ ਹੱਕਾਂ ਤੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਪ੍ਰਤੀਬੱਧ ਹੈ ਅਤੇ ਇਸੇ ਪ੍ਰਤੀਬੱਧਤਾ ਦੇ ਰਾਜ ਧਰਮ ਨੂੰ ਨਿਭਾਉਂਦਿਆਂ ਸਰਕਾਰੀ ਖਰੀਦ ਏਜੰਸੀਆਂ , ਆੜਤੀਆਂ, ਪੱਲੇਦਾਰਾਂ ਤੇ ਕਿਸਾਨਾਂ ਦੇ ਸੁਮੇਲ ਨਾਲ ਕਣਕ ਦੀ ਸਰਕਾਰੀ ਖਰੀਦ ਪ੍ਰਕਿਰਿਆ ਦੌਰਾਨ ਅਜਨਾਲਾ ਖੇਤਰ ਸਮੇਤ ਪੰਜਾਬ ਦੀਆਂ ਦਾਨਾ ਮੰਡੀਆਂ 'ਚ ਆਉਣ ਵਾਲੀ ਕਣਕ ਦੇ ਇਕ ਇਕ ਦਾਣੇ ਦੀ ਸਰਕਾਰੀ ਖਰੀਦ ਯਕੀਨੀ ਬਣਾਉਣ ਲਈ ਬਕਾਇਦਾ ਪੁਖਤਾ ਤੇ ਉਸਾਰੂ ਪ੍ਰਬੰਧ ਕਰ ਲਏ ਗਏ ਹਨ। ਸ. ਧਾਲੀਵਾਲ ਨੇ ਕੇਂਦਰੀ ਸਰਕਾਰ ਦੀ ਪੰਜਾਬ ਦੇ ਕਿਸਾਨਾਂ, ਆੜਤੀਆਂ, ਤੇ ਪੱਲੇਦਾਰਾਂ ਪ੍ਰਤੀ ਮਾਰੂ ਤੇ ਮਤਰੇਈ ਮਾਂ ਵਾਲੇ ਸਲੂਕ ਦੀ ਨਿੰਦਾ ਕਰਦਿਆਂ ਕਿਹਾ ਕਿ ਕੇਂਦਰ ਦੇ ਮਾਰੂ ਰਵੱਈਏ ਦੇ ਬਾਵਜੂਦ ਕਣਕ ਦੀ ਸਰਕਾਰੀ ਖਰੀਦ 'ਚ ਕਿਸਾਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕੇਂਦਰੀ ਸਰਕਾਰ 'ਤੇ ਤਾਬੜਤੋੜ ਹਮਲੇ ਜਾਰੀ ਰੱਖਦਿਆਂ ਕੇਂਦਰੀ ਸਰਕਾਰ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਸ੍ਰੀ ਪ੍ਰਲਾਹਦ ਜੋਸ਼ੀ ਵਲੋਂ ਹਾਂ ਪੱਖੀ ਹੁੰਗਾਰਾ ਭਰਨ ਦੇ ਬਾਵਜੂਦ ਕੇਂਦਰੀ ਸਰਕਾਰ ਆਪਣੇ ਪੰਜਾਬ ਵਿਰੋਧੀ ਰਵੱਈਏ 'ਚ ਟੱਸ ਤੋਂ ਮੱਸ ਨਹੀਂ ਹੋਈ। ਸ. ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਦੇ ਬਾਵਜੂਦ ਕੁਦਰਤੀ ਆਫਤਾਂ ਨਾਲ ਨੁਕਸਾਨੀਆਂ ਜਾਣ ਵਾਲੀਆਂ ਫਸਲਾਂ ਦਾ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜਾ ਦੇਣ 'ਚ ਮਾਨ ਸਰਕਾਰ ਦੀ ਅਗਵਾਈ 'ਚ ਪੰਜਾਬ ਦੇਸ਼ ਵਿੱਚ ਪਹਿਲਾ ਰਾਜ ਬਣਿਆ ਹੈ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਐਡਵੋਕੇਟ ਅਮਨਦੀਪ ਕੌਰ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਮਾਰਕੀਟ ਕਮੇਟੀ ਅਜਨਾਲਾ ਸਕੱਤਰ ਅਮਰਦੀਪ ਸਿੰਘ ਕੌੜਾ, ਮੰਡੀ ਸੁਪਰਵਾਈਜ਼ਰ ਕਾਬਲ ਸਿੰਘ ਸੰਧੂ ਗੁਜਰਪੁਰਾ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਇੰਦਰਜੀਤ ਸਿੰਘ ਪੰਡੋਰੀ, ਹਰਜੀਤ ਸਿੰਘ ਅਲੀਵਾਲ, ਦਲਬੀਰ ਸਿੰਘ ਘੁੱਲੀ, ਏਐਫਐਸਓ ਸੰਦੀਪ ਸਿੰਘ ਸਮੇਤ ਆੜਤੀ ਯੂਨੀਅਨਾਂ ਦੇ ਆਹੁਦੇਦਾਰ, ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀ ਤੇ ਮੁਲਾਜਮ ਆਦਿ ਮੌਜੂਦ ਸਨ।

# ਦਸਵੀਂ 'ਚੋਂ ਅੰਮ੍ਰਿਤਸਰ ਦੇ ਮੁਦਿਤ ਜੈਨ ਨੇ ਦੇਸ਼ ਭਰ ਚੋਂ ਕੀਤਾ ਟਾਪ

**ਅੰਮ੍ਰਿਤਸਰ (ਵਿਜੈ ਸ਼ਰਮਾ)** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ ਬੀ ਐਸ ਈ) ਵੱਲੋਂ ਦਸਵੀਂ ਜਮਾਤ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ, ਜਿਸ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਦੇ ਵਿਦਿਆਰਥੀ ਮੁਦਿਤ ਜੈਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੂਰੇ ਭਾਰਤ ਵਿੱਚ ਪਹਿਲਾ



ਸਥਾਨ ਹਾਸਿਲ ਕੀਤਾ ਹੈ। ਮੁਦਿਤ ਨੇ 500 ਵਿੱਚੋਂ 500 ਅੰਕ ਪ੍ਰਾਪਤ ਕਰਕੇ ਇਤਿਹਾਸ ਰਚ ਦਿੱਤਾ।ਮੁਦਿਤ ਜੈਨ ਸ੍ਰੀ ਰਾਮ ਆਸ਼ਰਮ ਪਬਲਿਕ ਸਕੂਲ ਦਾ ਵਿਦਿਆਰਥੀ ਹੈ ਅਤੇ ਇਹ ਪਹਿਲੀ ਵਾਰ ਹੈ ਕਿ ਅੰਮ੍ਰਿਤਸਰ ਦੇ ਕਿਸੇ ਵਿਦਿਆਰਥੀ ਨੇ ਸੀ ਬੀ ਐਸ ਈ ਦਸਵੀਂ ਦੇ ਨਤੀਜਿਆਂ ਵਿੱਚ ਪੂਰੇ 500 ਅੰਕ ਪ੍ਰਾਪਤ ਕੀਤੇ ਹਨ।ਆਪਣੀ ਸਫਲਤਾ ਬਾਰੇ ਗੱਲ ਕਰਦਿਆਂ ਮੁਦਿਤ ਨੇ ਕਿਹਾ ਕਿ ਉਸ ਦੀ ਕਾਮਯਾਬੀ ਦੇ ਪਿੱਛੇ ਸਭ ਤੋਂ ਵੱਡਾ ਯੋਗਦਾਨ ਉਸ ਦੀ ਮਾਤਾ ਪਾਰੁਲ ਗੁਪਤਾ ਦਾ ਹੈ। ਉਸਨੇ ਦੱਸਿਆ ਕਿ ਉਸ ਦੀ ਮਾਤਾ, ਜੋ ਖੁਦ ਇੱਕ ਅਧਿਆਪਿਕਾ ਹਨ, ਹਰ ਰੋਜ਼ ਸਕੂਲ ਵਿੱਚ ਪੜ੍ਹਾਏ ਗਏ ਵਿਸ਼ਿਆਂ ਦੀ ਦੁਹਰਾਈ ਕਰਵਾਉਂਦੀ ਸੀ। ਮੁਦਿਤ ਨੇ ਕਿਹਾ ਕਿ 500 ਵਿੱਚੋਂ 500 ਅੰਕ ਹਾਸਿਲ ਕਰਨਾ ਕੋਈ ਅਸੰਭਵ ਕੰਮ ਨਹੀਂ ਹੈ, ਸਿਰਫ਼ ਟੀਚਾ ਸਪਸ਼ਟ ਹੋਣਾ ਚਾਹੀਦਾ ਹੈ ਅਤੇ ਨਿਯਮਿਤ ਮਿਹਨਤ ਕਰਨੀ ਚਾਹੀਦੀ ਹੈ। ਮੁਦਿਤ ਦੀ ਮਾਤਾ ਪਾਰੁਲ ਗੁਪਤਾ ਨੇ ਕਿਹਾ ਕਿ ਉਹਨਾਂ ਨੂੰ ਆਪਣੇ ਪੁੱਤਰ ਦੀ ਇਸ ਉਪਲਬਧੀ 'ਤੇ ਮਾਣ ਹੈ। ਉਹਨਾਂ ਨੇ ਕਿਹਾ ਕਿ ਟਾਪ ਕਰਨ ਵਾਲੇ ਬੱਚੇ ਆਸਮਾਨ ਤੋਂ ਨਹੀਂ ਆਉਂਦੇ, ਸਗੋਂ ਮਿਹਨਤ ਅਤੇ ਸਹੀ ਮਾਰਗਦਰਸ਼ਨ ਨਾਲ ਇਹ ਮੰਜ਼ਿਲ ਹਾਸਿਲ ਕੀਤੀ ਜਾ ਸਕਦੀ ਹੈ। ਸਕੂਲ ਦੀ ਪ੍ਰਿੰਸੀਪਲ ਵਿਨੋਦਿੱਤਾ ਨੇ ਕਿਹਾ ਕਿ ਮੁਦਿਤ ਜੈਨ ਨੇ ਸਕੂਲ ਅਤੇ ਅੰਮ੍ਰਿਤਸਰ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਨੇ ਕਿਹਾ ਕਿ ਸਕੂਲ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਅਤੇ ਸਾਰੇ ਸਟਾਫ ਵਿੱਚ ਖੁਸ਼ੀ ਦਾ ਮਾਹੌਲ ਹੈ।

# ਭਰੋਵਾਲ ਨੇ ਪਰਮਜੀਤ ਕੌਰ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਖਡੂਰ ਸਾਹਿਬ ਵਿਧਾਨ ਸਭਾ ਹਲਕੇ ਦੇ ਪਿੰਡ ਬ੍ਰਹਮਪੁਰਾ 'ਚ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਅਰਪਨਦੀਪ ਸਿੰਘ ਸੰਧੂ ਦੀ ਮਾਤਾ ਤੇ ਨਿਰਮਲ ਸਿੰਘ ਦੀ ਭਰਜਾਈ ਬੀਬੀ ਪਰਮਜੀਤ ਕੌਰ ਦੀ ਹੋਈ ਬੇਵਕਤੀ ਮੌਤ 'ਤੇ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਭਾਜਪਾ ਦੇ ਸੀਨੀਅਰ ਆਗੂ ਰਮਨਦੀਪ ਸਿੰਘ ਭਰੋਵਾਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ । ਇਸ ਮੌਕੇ ਸ ਭਰੋਵਾਲ ਨੇ ਕਿਹਾ ਕਿ ਸ ਅਰਪਨਦੀਪ ਸਿੰਘ ਦੇ ਪਿਤਾ ਦੇ ਪਹਿਲੇ ਹੀ ਆਕਾਲ ਚਲਾਣਾ ਕਰ ਜਾਣ ਕਾਰਨ ਮਾਤਾ ਜੀ ਨੇ ਪਰਿਵਾਰ ਨੂੰ ਪੂਰੀ ਤਰ੍ਹਾਂ ਸੰਭਾਲਿਆ ਸੀ ਪਰ ਪਰਮਾਤਮਾ ਦੇ ਆਏ ਬੁਲਾਵੇ ਕਾਰਨ ਉਹ ਦੁਨੀਆਂ ਨੂੰ ਅਲਵਿਦਾ ਆਖ ਉਸ ਆਕਾਲ ਪੁਰਖ ਦੇ ਚਰਨਾਂ ਚ ਜਾ ਬਿਰਾਜੇ ਜਿਸ ਨਾਲ ਸੰਧੂ ਪਰਿਵਾਰ ਦੀ ਮਾਲਾ ਦਾ ਇਹ ਅਨਮੋਲ ਮੋਤੀ ਸਦਾ ਲਈ ਕਿਰ ਗਿਆ । ਇਸ ਮੌਕੇ ਚੋਹਲਾ ਸਾਹਿਬ ਸਰਕਲ ਦੇ ਪ੍ਰਧਾਨ ਬਾਬਾ ਖੁਸ਼ਪਿੰਦਰ ਸਿੰਘ ਬ੍ਰਹਮਪੁਰਾ, ਗੁਰਪ੍ਰੀਤ ਸਿੰਘ ਸੋਨੂ, ਭੁਪਿੰਦਰ ਸਿੰਘ ਟੀਟੂ, ਤਰਸੇਮ ਸਿੰਘ ਛਾਪੜੀ, ਜਵਾਹਰ ਨਈਅਰ ਚੋਹਲਾ ਸਾਹਿਬ,ਨਿਸ਼ਾਨ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ ਸੰਗਤਪੁਰਾ,ਲਾਭ ਸਿੰਘ ਛਾਪੜੀ ਗੁਰਿੰਦਰ ਸਿੰਘ ਆਦਿ ਆਗੂਆਂ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਚੀਫ਼ ਖਾਲਸਾ ਦੀਵਾਨ ਵੱਲੋਂ ਜ਼ੋਨਲ ਦਸਤਾਰ ਮੁਕਾਬਲੇ

**ਤਰਨ ਤਾਰਨ ( ਪ੍ਰਿਤਪਾਲ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਦੀ ਅਗਵਾਈ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਦਸਤਾਰ ਸਜਾਉਣ ਦੇ ਜੋਨਲ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਤਰਨ ਤਾਰਨ ਜ਼ੋਨ ਦੇ 10 ਸਕੂਲਾਂ ਨੇ ਭਾਗ ਲਿਆ, ਜਿਸ ਵਿੱਚ ਤਰਨ ਤਾਰਨ, ਪੱਟੀ, ਸੁਰ ਸਿੰਘ, ਨੌਸ਼ਹਿਰਾ ਪਨੂੰਆ, ਘਸੀਟਪੁਰ, ਬੁਰਜ਼ ਮਹਾਰਾਣਾ, ਝਬਾਲ, ਕਸੇਲ, ਪਿੰਦੀ ਅਤੇ ਨੱਥੂਪੁਰ ਸਕੂਲ ਸ਼ਾਮਿਲ ਸਨ । ਇਸ ਮੌਕੇ ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ. ਤਰਲੋਚਨ ਸਿੰਘ , ਸ.ਗੁਰਭੇਜ ਸਿੰਘ ਅਤੇ ਜੀ.ਟੀ ਰੋਡ ਅੰਮ੍ਰਿਤਸਰ ਦੀ ਧਾਰਮਿਕ ਅਧਿਆਪਕਾ ਬੀਬੀ ਸੁਖਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ । ਸਕੂਲ ਵਿੱਚ ਪਹੁੰਚੇ ਮਹਿਮਾਨਾਂ ਦਾ ਸਕੂਲ ਦੇ ਪ੍ਰਿੰਸੀਪਲ ਸ. ਸਤਵੰਤ ਸਿੰਘ ਬੈਂਸ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਸ. ਗੁਰਭੇਜ ਸਿੰਘ ਨੇ ਪ੍ਰਤੀਯੋਗੀਆਂ ਦੇ ਸਾਹਮਣੇ ਦਸਤਾਰ ਸਜਾਉਣ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਬਾਰੇ ਵੀ ਦੱਸਿਆ। ਇਸ ਤੋਂ ਬਾਅਦ ਦਸਤਾਰ ਸਜਾਉਣ ਦੇ ਮੁਕਾਬਲੇ ਸ਼ੁਰੂ ਹੋਏ । ਮੁਕਾਬਲੇ ਦੋ ਗਰੁੱਪਾਂ ਵਿੱਚ ਕਰਵਾਏ ਗਏ ।



ਸੀਨੀਅਰ ਗਰੁੱਪ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਦਾ ਸੀ, ਜਿਸ ਵਿੱਚ ਪ੍ਰਭਜੋਤ ਸਿੰਘ ਪੱਟੀ ਸਕੂਲ, ਰੋਹਨਦੀਪ ਸਿੰਘ ਨੌਸ਼ਹਿਰਾ ਪਨੂੰਆ, ਗੁਰਜੋਤਪਾਲ ਸਿੰਘ ਤਰਨ ਤਾਰਨ, ਅਨੂਪ ਸਿੰਘ ਝਬਾਲ, ਅਭੀਜੋਤ ਸਿੰਘ ਸੁਰਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਜੂਨੀਅਰ ਵਰਗ ਪੰਜਵੀਂ ਤੋਂ ਅੱਠਵੀਂ ਤੱਕ ਦਾ ਸੀ ਜਿਸ ਵਿੱਚ ਅਮਰਬੀਰ ਸਿੰਘ ਤਰਨ ਤਾਰਨ, ਨਵਜੀਤ ਸਿੰਘ ਬੁਰਜ ਮਹਰਾਣਾ, ਅਭੀਨੂਰ ਸਿੰਘ ਸੁਰਸਿੰਘ, ਨਾਜਵੀਰ ਸਿੰਘ ਝਬਾਲ ਅਤੇ ਹਰਦੀਪ ਸਿੰਘ ਭੱਟੀ ਨੇ ਪਹਿਲਾ ਸਥਾਨ ਹਾਸਿਲ ਕੀਤਾ।ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੇ ਬੱਚਿਆਂ ਵੱਲੋਂ ਦਸਤਾਰਾਂ ਬੰਨ੍ਹਣ ਦੇ ਤਰੀਕੇ ਦੀ ਸ਼ਲਾਘਾ ਕੀਤੀ ਅਤੇ ਆਪਣੇ ਸਿੱਖੀ ਸਰੂਪ ਵਿੱਚ ਸਦਾ ਕਾਇਮ ਰਹਿਣ ਦੀ ਮਹੱਤਤਾ ਬਾਰੇ ਦੱਸਿਆ।ਮੁਕਾਬਲੇ ਉਪਰੰਤ ਸਕੂਲ ਦੇ ਪ੍ਰਿੰਸੀਪਲ ਸ. ਸਤਵੰਤ ਸਿੰਘ ਬੈਂਸ ਨੇ ਆਏ ਹੋਏ ਮਹਿਮਾਨਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ਚੀਫ਼ ਖਾਲਸਾ ਦੀਵਾਨ ਦੇ ਐਡੀਸ਼ਨਲ ਆਨਰੇਰੀ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ. ਹਰਜੀਤ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦਸਤਾਰ ਸਾਡੇ ਗੁਰੂ ਵੱਲੋਂ ਸਾਡੇ ਲਈ ਇੱਕ ਤੋਹਫਾ ਹੈ ਅਤੇ ਇਹ ਸਿੱਖ ਦੇ ਸਿਰ ਦਾ ਮਾਣ ਹੈ। ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ.ਗੁਰਿੰਦਰ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੱਤੀ। ਸਕੂਲ ਦੇ ਮੈਂਬਰ ਇੰਚਾਰਜ ਸ.ਨਵਜੋਤ ਸਿੰਘ ਅਤੇ ਸ. ਰਣਦੀਪ ਸਿੰਘ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁੰਮ ਹੋਇਆ ਕੀਮਤੀ ਬੈਗ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਲੱਭ ਕੇ ਕੀਤਾ ਵਾਪਸ

**ਅੰਮ੍ਰਿਤਸਰ ( ਜਗਦੀਸ਼ ਕਮਲੇਸ਼, ਵਿਜੇ ਸ਼ਰਮਾ )** -ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਆਏ ਇੰਗਲੈਂਡ ਨਿਵਾਸੀ ਪਰਿਵਾਰ ਦਾ ਗੁੰਮ ਹੋਇਆ ਬੈਗ ਜਿਸ ਵਿਚ ਪਾਸਪੋਰਟ ਅਤੇ ਕਰੀਬ 20 ਲੱਖ ਰੁਪਏ ਦੀ ਕੀਮਤ ਦੇ ਪੌਂਡ ਸਨ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਲੱਭ ਕੇ ਪਰਿਵਾਰ ਨੂੰ ਸੌਂਪ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਮਾਨਦਾਰੀ ਤੇ ਸਮਰਪਨ ਭਾਵ ਨਾਲ ਡਿਊਟੀ ਕਰਨ ਵਾਲੇ ਸ੍ਰੀ ਦਰਬਾਰ ਸਾਹਿਬ ਦੇ ਇਨ੍ਹਾਂ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਸੰਗਤ ਨਤਮਸਤਕ ਹੋਣ ਪੁੱਜਦੀ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਤਾਇਨਾਤ ਸਟਾਫ਼ ਹਮੇਸ਼ਾ ਸੰਗਤ ਦੀ ਸਹੂਲਤ ਲਈ ਯਤਨਸ਼ੀਲ ਰਹਿੰਦਾ ਹੈ। ਸਟਾਫ਼ ਵੱਲੋਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਕਿਸੇ ਵੀ ਸ਼ਰਧਾਲੂ ਦੇ ਕੀਮਤੀ ਸਮਾਨ ਨੂੰ ਨੁਕਸਾਨ ਨਾ ਪੁੱਜੇ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਇੰਗਲੈਂਡ ਦਾ ਇਕ ਪਰਿਵਾਰ ਦਰਸ਼ਨਾਂ ਲਈ ਆਇਆ ਸੀ, ਜਿਨ੍ਹਾਂ ਦਾ ਗੁੰਮ ਹੋਇਆ ਬੈਗ ਜਿਸ ਵਿਚ ਕਰੀਬ 20 ਲੱਖ ਦੀ ਕੀਮਤ ਦੇ ਪੌਂਡ ਅਤੇ ਪਾਸਪੋਰਟ ਸਨ, ਇਹ ਮਾਮਲਾ ਧਿਆਨ ਵਿਚ ਆਉਣ 'ਤੇ ਗੁੰਮ ਹੋਇਆ ਸਮਾਨ ਲੱਭ ਕੇ ਸ਼ਰਧਾਲੂ ਪਰਿਵਾਰ ਨੂੰ ਸੌਂਪਿਆ ਗਿਆ । ਇਸੇ ਦੌਰਾਨ ਇੰਗਲੈਂਡ ਨਿਵਾਸੀ ਸ. ਸੋਢੀ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਸਟਾਫ਼ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ



ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓ ਐਸ ਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸ. ਜਸਪਾਲ ਸਿੰਘ ਢੱਡੇ ਆਦਿ ਮੌਜੂਦ ਸਨ।

## ਪਾਰਕ ਨੂੰ ਬਚਾਉਣ ਲਈ ਰਾਜਪਾਲ ਨੂੰ ਦਿੱਤਾ ਮੰਗ ਪੱਤਰ

**ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)**- ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਯਾਦਗਾਰੀ ਪਾਰਕ ਐਕਸ਼ਨ ਕਮੇਟੀ ਵੱਲੋਂ ਬਟਾਲਾ ਪਹੁੰਚੇ ਸ੍ਰੀ ਗੁਲਾਬ ਚੰਦ ਕਟਾਰੀਆ ਰਾਜਪਾਲ ਪੰਜਾਬ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਯਾਦਗਾਰੀ ਪਾਰਕ ਵਿੱਚ ਧੱਕੇ ਨਾਲ ਹੋ ਰਹੀ ਉਸਾਰੀ ਨੂੰ ਰੁਕਵਾਇਆ ਜਾਵੇ। ਮੰਗ ਪੱਤਰ ਵਿੱਚ ਐਕਸ਼ਨ ਕਮੇਟੀ ਵੱਲੋਂ ਮੰਗ ਪੱਤਰ ਨਾਲ ਸਬੂਤ ਵੀ ਨੱਥੀ ਕੀਤੇ ਗਏ ਕਿ ਇਸ ਯਾਦਗਾਰੀ ਪਾਰਕ ਵਿੱਚ ਮੁਹੱਲਾ ਕਲੀਨਿਕ ਬਣਾਉਣ ਦੀ ਕੋਈ ਵੀ ਸਰਕਾਰੀ ਤਜਵੀਜ਼ ਪਾਸ ਨਹੀਂ ਹੈ, ਅਤੇ ਨਾ ਹੀ ਮਿਉਂਸਪਲ ਕਾਰਪੋਰੇਸ਼ਨ ਵਿੱਚ ਕੋਈ ਇਸ ਸਬੰਧੀ ਮਤਾ ਪਾਸ ਹੋਇਆ ਹੈ, ਸਗੋਂ ਇਹ ਕਲਿਨਿਕ ਬਟਾਲੇ ਦੇ ਹੋਰ ਮੁਹੱਲਿਆਂ ਵਿੱਚ ਬਨਣੇ ਸਨ,ਪਰ



ਇੰਮਪਰੂਵਮੈਂਟ ਟਰਸੱਟ ਦੇ ਚੇਅਰਮੈਨ ਨੇ ਪਾਰਕ ਦਾ ਇੱਕ ਹਿੱਸਾ ਤੋੜ ਕੇ ਇਸ ਦੀ ਦਿੱਖ ਖਰਾਬ ਕਰ ਰਹੇ ਹਨ। ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਟਰੱਸਟ ਦੇ ਹਵਾਲੇ ਕਰਨ ਵੇਲੇ ਸਥਾਨਕ ਬਟਾਲਾ ਇੰਪਰੂਵਮੈਂਟ ਟਰੱਸਟ ਵੱਲੋਂ ਇੱਕ ਅਹਿਮ ਸ਼ਰਤ ਰੱਖੀ ਗਈ ਸੀ ਕਿ ਭਵਿੱਖ ਵਿੱਚ ਇਸ ਬਾਗ਼ ਵਿੱਚ ਕੋਈ ਪੱਕੀ ਉਸਾਰੀ ਭਾਵ ਇਮਾਰਤ ਆਦਿ ਨਹੀਂ ਬਣਾਈ ਜਾਵੇਗੀ।

## ਮੱਝਵਿੰਡ ਵਿਖੇ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਪਿੰਡ ਮੱਝਵਿੰਡ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ ਗਿਆ। ਜਿਸ ਵਿੱਚ ਜਿਲ੍ਹਾ ਪ੍ਰੀਸ਼ਦ ਸਾਬਕਾ



ਚੇਅਰਮੈਨ ਸ੍ਰ: ਜੈਲ ਸਿੰਘ ਬਾਬਾ ਸ੍ਰ: ਮੇਘਨਾਥ ਜੀ, ਸਾਬਕਾ ਜੇ. ਈ. ਅਜੀਤ ਸਿੰਘ ਲੁੱਧੜ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਜਿੰਦਗੀ 'ਤੇ ਰੋਸ਼ਨੀ ਪਾਈ । ਇਸ ਮੌਕੇ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਿਰਫ ਬਾਬਾ ਸਾਹਿਬ ਦਾ ਜਨਮ ਦਿਨ ਮਨਾਉਣ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਬਲਕਿ ਉਹਨਾਂ ਦੇ ਸੰਘਰਸ਼ ਬਾਰੇ ਵੀ ਜਰੂਰ ਪੜ੍ਹਨਾ ਚਾਹੀਦਾ ਹੈ। ਬਾਬਾ ਸਾਹਿਬ ਨੂੰ ਜਦੋਂ ਜਾਤੀ ਤੌਰ 'ਤੇ ਨਫਰਤ ਦਾ ਸ਼ਿਕਾਰ ਹੋਣਾ ਪਿਆ ਤਾਂ ਅਜਿਹੇ ਔਖੇ ਹਾਲਾਤ ਵਿੱਚ ਵੀ ਉਹਨਾ ਆਪਣੀ ਪੜ੍ਹਾਈ ਨੂੰ ਜਾਰੀ ਰੱਖਿਆ। ਇਸ ਪ੍ਰੋਗਰਾਮ ਦੀ ਤਿਆਰੀ ਸਰਬਜੀਤ ਸਿੰਘ ਸ਼ੁਭ ਅਤੇ ਸੇਵਾ ਸਿੰਘ ਨੇ ਕਰਵਾਈ । ਇਸ ਮੌਕੇ ਕੁਲਵਿੰਦਰ ਕੌਰ, ਬਲਵਿੰਦਰ ਕੌਰ ਸੁਖਬੀਰ ਕੌਰ ਮੱਝਵਿੰਡ ਮੈਡਮ ਵਿਸਾਲੀ ਗੋਪਾਲਪੁਰ ਬਲਦੇਵ ਸਿੰਘ ਦੀਪਕ ਗੋਪਾਲਪੁਰ ਨਿੰਦਰ ਸਿੰਘ ਨਿਸਾਨ ਸਿੰਘ ਸੁਖਬੀਰ ਸਿੰਘ ਸੁੱਖੀ ਗੁਰਮੀਤ ਸਿੰਘ ਮੱਝਵਿੰਡ ਨੇ ਵੀ ਆਪਣੇ ਵਿਚਾਰ ਰੱਖੇ । ਸਰਬਜੀਤ ਸਿੰਘ ਸ਼ੁਭ ਨੇ ਸੈਕਟਰੀ ਦੀ ਜਿੰਮੇਵਾਰੀ ਬਖੂਬੀ ਨਿਭਾਈ । ਕਾਮਰੇਡ ਸੇਵਾ ਸਿੰਘ ਮੱਝਵਿੰਡ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਐਸ. ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀਵਲਾਹ ਦਾ ਦਸਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ



**ਚੋਹਲਾ ਸਾਹਿਬ ( ਰਮਨ ਚੱਢਾ)**- ਸਿੰਪਸ ਇੰਸਟੀਚਿਊਟਸ ਅਧੀਨ ਚੱਲ ਰਹੇ ਐਸ. ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀਵਲਾਹ ਦਾ ਦਸਵੀਂ ਜਮਾਤ ਦਾ ਨਤੀਜਾ ਇਸ ਸਾਲ ਵੀ 100 ਰਿਹਾ ਸਕੂਲ ਵਿੱਚੋਂ ਲਵਪ੍ਰੀਤ ਕੌਰ ਪਹਿਲਾ, ਪਵਨਦੀਪ ਕੌਰ ਦੂਜਾ,ਮੁਸਕਾਨ ਕੌਰ ਅਤੇ ਰੌਬਨਪ੍ਰੀਤ ਸਿੰਘ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਸ਼ਸ਼ੀ ਸ਼ਰਮਾ , ਐਜੂਕੇਸ਼ਨਲ ਡਾਇਰੈਕਟਰ ਅਤੇ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਸੰਧੂ, ਅਤੇ ਮੈਡਮ ਹਰਦੀਪ ਕੌਰ ਨੇ ਸਾਂਝੇ ਤੌਰ 'ਤੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸ ਗੁਲਵਿੰਦਰ ਸਿੰਘ ਸੰਧੂ,ਮਦਨ ਪਠਾਨੀਆਂ ਅਤੇ ਨਿਰਭੈ ਸਿੰਘ ਸੰਧੂ ਨੇ ਵੀ ਪੂਰੇ ਸਿੰਪਸ ਇੰਸਟੀਚਿਊਟਸ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਾਰੇ ਵਿਦਿਆਰਥੀ ਆਪਣੀ ਮਿਹਨਤ ਦੇ ਬਲ 'ਤੇ ਕਾਮਯਾਬ ਰਹੇ ਹਨ।

# ਆਰ ਡੀ ਖੋਸਲਾ ਸਕੂਲ ਬਟਾਲਾ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ

**ਬਟਾਲਾ (ਡਾਕਟਰ ਮਲਵਿੰਦਰ ਸਿੰਘ, ਤਰਲੋਕ ਬੱਗਾ)**- ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਨੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਦੇ ਦਸਵੀਂ ਜਮਾਤ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਾਲ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਨਾ ਸਿਰਫ਼ ਆਪਣੇ ਮਾਪਿਆਂ ਦਾ ਮਾਣ ਵਧਾਇਆ ਬਲ ਕਿ ਸਕੂਲ ਦੀ ਸਾਖ ਵੀ ਵਧਾਈ।ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਆਦਿਤਿਆ ਕਾਂਸਰਾ ਨੇ 99.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਸਕੂਲ ਨੂੰ ਮਾਣ ਦਿਵਾਇਆ। ਪਾਰਥ ਕਾਂਸਰਾ ਨੇ 98.4% ਅੰਕ ਪ੍ਰਾਪਤ ਕਰਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ। ਅਵਲੀਨ ਕੌਰ ਨੇ




96.8% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਸਕੂਲ ਦੇ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾਇਆ। ਕੁੱਲ 40 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 120 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਜੋ ਸਕੂਲ ਦੀ ਅਕਾਦਮਿਕ ਉੱਤਮਤਾ ਦਾ ਪ੍ਰਦਰਸ਼ਨ ਕਰਦੇ ਹਨ। ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਇਸ ਸ਼ਾਨਦਾਰ ਨਤੀਜੇ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੇ ਸਮਰਪਣ ਅਤੇ ਮਾਪਿਆਂ ਦੇ ਸਮਰਥਨ ਦਾ ਸਾਂਝਾ ਨਤੀਜਾ ਹੈ।ਸਕੂਲ ਚੇਅਰਮੈਨ ਸ੍ਰੀ ਅਰਵਿੰਦ ਖੋਸਲਾ ਅਤੇ ਪ੍ਰਧਾਨ ਸ੍ਰੀ ਅਜੈ ਖੋਸਲਾ ਨੇ ਵੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ ।

# ਟੈਕਸਟਾਈਲ ਕਾਮਿਆਂ ਦੇ ਘੋਲ ਦੀ ਹੋਈ ਜਿੱਤ



**ਛੇਹਰਟਾ/ਖਾਸਾ, (ਮਨੋਜ ਕੁਮਾਰ/ ਸ਼ਸ਼ਪਾਲ)**- ਮਜ਼ਦੂਰ ਜਥੇਬੰਦੀਆਂ ਦੇ ਘੋਲ ਸਦਕਾ ਟੈਕਸਟਾਈਲ ਕਾਮਿਆਂ ਦੀਆਂ ਮਜ਼ਦੂਰੀ ਦਰਾਂ ਵਿਚ 9 ਫ਼ੀਸਦੀ ਦਾ ਵਾਧਾ ਹੋ ਗਿਆ ਹੈ। ਇਹ ਐਲਾਨ ਵੀਰਵਾਰ ਨੂੰ ਟੈਕਸਟਾਈਲ ਕਾਮਿਆਂ ਦੇ ਵੱਡੇ ਇਕੱਠ ਵਿਚ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੀਟੂ, ਏਟਕ ਤੇ ਸੀ.ਟੀ.ਯੂ. ਵੱਲੋਂ ਸਾਂਝੇ ਤੌਰ 'ਤੇ ਟੈਕਸਟਾਈਲ ਕਾਮਿਆਂ ਦੇ ਰੇਟਾਂ ਵਿਚ ਵਾਧਾ ਕਰਵਾਉਣ ਲਈ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਬੀਤੀ 15 ਅਪ੍ਰੈਲ ਨੂੰ ਮਾਲਕਾਂ ਦੀ ਜੱਥੇਬੰਦੀ ਨਾਲ ਗੱਲਬਾਤ ਕਰਕੇ 9 ਫ਼ੀਸਦੀ ਵਾਧਾ ਕੀਤਾ ਗਿਆ। ਵੀਰਵਾਰ ਨੂੰ ਅੰਮ੍ਰਿਤਸਰ ਸ਼ਹਿਰ ਦੇ ਸਾਰੇ ਟੈਕਸਟਾਈਲ ਵਰਕਰਾਂ ਦਾ ਭਾਰੀ ਇਕੱਠ ਮਾਇਆ ਰਾਮ ਦੀ ਹਵੇਲੀ ਵਿਚ ਕੀਤਾ ਗਈ। ਇਸ ਇਕੱਠ ਵਿਚ ਸਮਝੌਤਾ ਪੇਸ਼ ਕੀਤਾ ਗਿਆ, ਜਿਸ ਨੂੰ ਸਾਰੇ ਵਰਕਰਾਂ ਨੇ ਨਾਅਰੇ ਮਾਰ ਕੇ ਸਵੀਕਾਰ ਕੀਤਾ। ਇਹ ਸਮਝੌਤਾ 31/12 /2027 ਤਕ ਜਾਰੀ ਰਹੇਗਾ। ਇਸ ਮੌਕੇ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ, ਏਟਕ ਦੇ ਸੂਬਾਈ ਆਗੂ ਕਾਮਰੇਡ ਅਮਰਜੀਤ ਸਿੰਘ ਆਸਲ, ਸੀ ਟੀ ਯੂ ਆਗੂ ਜਗਤਾਰ ਸਿੰਘ ਕਰਮਪੁਰਾ ਨੇ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ। ਆਗੂਆਂ ਨੇ ਨੋਇਡਾ ਵਿਚ ਚੱਲ ਰਹੇ ਮਜ਼ਦੂਰਾਂ ਦੇ ਸੰਘਰਸ਼ ਦੀ ਵੀ ਹਮਾਇਤ ਕੀਤੀ।

ਉਨ੍ਹਾਂ ਕਿਹਾ ਕਿ ਨੋਇਡਾ ਦੇ ਮਜ਼ਦੂਰਾਂ 'ਤੇ ਨਾਜ਼ਾਇਜ਼ ਬਣੇ ਕੇਸ ਤੁਰੰਤ ਵਾਪਸ ਲੈ ਕੇ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ ਤੇ ਮੰਗਾਂ ਪ੍ਰਵਾਨ ਕਰਕੇ ਹਾਲਾਤ ਸਾਜ਼ਗਾਰ ਬਣਾਏ ਜਾਣ। ਇਸ ਮੌਕੇ ਕਾਮਰੇਡ ਚਰਨਜੀਤ ਮਜੀਠਾ, ਵਿਜੇ ਕੁਮਾਰ, ਕਿਰਪਾ ਰਾਮ, ਮੋਹਨ ਲਾਲ, ਸ਼ਮਸ਼ੇਰ ਸਿੰਘ, ਕਾਮਰੇਡ ਦਸਵਿੰਦਰ ਕੌਰ, ਧਰਮਪਾਲ, ਬਲਬੀਰ ਸਿੰਘ, ਸੂਰਜ, ਅਸ਼ੋਕ, ਰਾਮ ਮੂਰਤੀ, ਬਿੱਲਾ ਆਦਿ ਹਾਜ਼ਰ ਸਨ।

## ਭਗਵਾਨ ਪਰਸ਼ੂਰਾਮ ਪ੍ਰਗਟ ਉਤਸਵ 19 ਨੂੰ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਦੇ ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਗਵਾਨ ਸ੍ਰੀ ਪਰਸ਼ੂਰਾਮ ਦੇ ਪ੍ਰਗਟ ਉਤਸਵ 19 ਅਪ੍ਰੈਲ ਮੌਕੇ ਸਵੇਰੇ 8 ਵਜੇ ਪਵਿੱਤਰ ਹਵਨ ਯੱਗ, ਤਤ ਪਸਚਾਤ ਸ੍ਰੀ ਸੁੰਦਰ ਕਾਂਡ ਦੇ ਪਾਠ ਉਪਰੰਤ ਮਾਂ ਰੇਣੁਕਾ ਦਾ ਅਟੁੱਟ ਭੰਡਾਰਾ ਬ੍ਰਾਹਮਣ ਸਭਾ ਹਾਲ ਫਤਿਹਗੜ ਚੂੜੀਆਂ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਬੁੱਧੀਜੀਵੀਆਂ ਵੱਲੋਂ ਭਗਵਾਨ ਸ੍ਰੀ ਪਰਸ਼ੂਰਾਮ ਦੇ ਜੀਵਨ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ ਜਾਵੇਗਾ।

## ਅਨੁਜ ਖੇਮਕਾ ਤੇ ਅਰੋੜਾ ਨੂੰ ਕੀਤਾ ਸਨਮਾਨਿਤ

**ਛੇਹਰਟਾ (ਮਨੋਜ ਕੁਮਾਰ)** : ਸ੍ਰੀ ਮਾਰਵਾੜੀ ਪੰਚਾਇਤੀ ਵੱਡਾ ਮੰਦਰ, ਚੌਂਕ ਫੁਹਾਰੇ ਵਿਖੇ ਭਾਗਵਤ ਕਥਾ ਕਰਵਾਈ ਜਾ ਰਿਹਾ ਹੈ। ਪ੍ਰੋਗਰਾਮ ਦੇ ਆਖ਼ਰੀ ਦਿਨ ਸਮਾਜ ਸੇਵਕ ਤੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਅਤੇ ਉਪ ਪ੍ਰਧਾਨ ਸ਼ੰਕਰ ਅਰੋੜਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮਹਾਰਾਜ ਸ਼ੁਭਮ ਤਿਵਾੜੀ ਨੇ ਦੋਹਾਂ ਆਗੂਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ ਤੇ ਸਨਮਾਨਿਤ ਵੀ ਕੀਤਾ। ਅਨੁਜ ਖੇਮਕਾ ਨੇ ਦੱਸਿਆ ਕਿ ਇਹ ਭਾਗਵਤ ਕਥਾ 7 ਦਿਨਾਂ ਤੋਂ ਲਗਾਤਾਰ ਚੱਲ ਰਹੀ ਹੈ। ਖੇਮਕਾ ਨੇ



ਕਿਹਾ ਕਿ ਭਾਗਵਤ ਕਥਾ ਸੁਣਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ। ਇਸ ਮੌਕੇ ਮੰਦਰ ਦੇ ਜਨਰਲ ਸਕੱਤਰ ਸੰਜੇ ਕੇਜਰੀਵਾਲ, ਪ੍ਰਧਾਨ ਸੁਨੀਲ ਗੁਪਤਾ, ਸੀਨੀਅਰ ਉਪ ਪ੍ਰਧਾਨ ਆਨੰਦ ਬਾਂਸਲ, ਵਰੁਣ ਨੇਵਟੀਆ, ਹਰੀਸ਼ ਕੇਜਰੀਵਾਲ, ਅਤੇ ਟਰੱਸਟ ਦੇ ਸਾਰੇ ਮੈਂਬਰ ਮੌਜੂਦ ਸਨ।

# ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਵਿਖੇ ਵਿਸਾਖੀ ਦਾ ਦਿਹਾੜਾ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਗੁਰਦੁਆਰਾ ਧੰਨ-ਧੰਨ ਸ਼ਹੀਦ ਬਾਬਾ ਮੱਤੀ ਜੀ ਡਰੋਲੀ ਕਲਾਂ ਜਲੰਧਰ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਸਮੂਹ ਨਗਰ ਨਿਵਾਸੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਦੀ ਦੇਖ-ਰੇਖ ਹੇਠ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਦੌਰਾਨ ਕਥਾ ਵਾਚਕ ਭਾਈ ਹਰਪ੍ਰੀਤ ਸਿੰਘ ਵਡਾਲਾ ਗੁਰਦੁਆਰਾ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਗੁਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ, ਭਾਈ ਵਰੁਣਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਤਾਰਬਲਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਤਿੰਦਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਢਾਡੀ ਭਾਈ ਜੈਦੇਵ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਵਾਲਿਆਂ ਦੇ ਜੱਥਿਆਂ ਵੱਲੋਂ ਆਈਆਂ ਸੰਗਤਾਂ ਨੂੰ ਗੁਰਬਾਨੀ ਕੀਰਤਨ ਕਥਾ ਅਤੇ ਢਾਡੀ



ਵਾਰਾਂ ਰਾਹੀਂ ਨਿਹਾਲ ਕੀਤਾ ਗਿਆ। ਸਾਲਾਨਾ ਖੂਨਦਾਨ ਕੈਂਪ ਵੀ ਲਗਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸੈਕਟਰੀ ਮਾਸਟਰ ਸੁਰਜੀਤ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਸ਼ਪਾਲ ਸਿੰਘ ਸਰਪੰਚ, ਹਲਕਾ ਵਿਧਾਇਕ ਆਦਮਪੁਰ ਸੁਖਵਿੰਦਰ ਸਿੰਘ ਕੋਟਲੀ, ਬਸਪਾ ਆਗੂ ਬਲਵਿੰਦਰ ਕੁਮਾਰ, ਸੋਹਣ ਸਿੰਘ ਠੰਡਲ, ਹਰਨਾਮ ਸਿੰਘ ਅਲਾਵਲਪੁਰ, ਜਰਨੈਲ ਸਿੰਘ ਨਡਾਲੋ, ਅਵਤਾਰ ਸਿੰਘ ਪੰਚ, ਗੁਰਦੀਪ ਸਿੰਘ ਕਾਲਰਾ, ਦਲਜੀਤ ਸਿੰਘ ਭੱਟੀ, ਤਰਨਵੀਰ ਸਿੰਘ, ਰਣਵੀਰ ਪਾਲ ਸਿੰਘ, ਨਰਿੰਦਰ ਸਿੰਘ ਨਿੰਦੀ, ਜਰਨੈਲ ਸਿੰਘ, ਕਮਲਜੀਤ ਸਿੰਘ, ਜਰਨੈਲ ਸਿੰਘ ਪਰਮਾਰ, ਸਤਨਾਮ ਸਿੰਘ ਇੰਸਪੈਕਟਰ ਸੀ ਆਈ ਡੀ, ਡਾ. ਰਣਧੀਰ ਸਿੰਘ ਰੰਧਾਵਾ, ਦਲਵੀਰ ਸਿੰਘ ਤੇ ਹੋਰ ਇਲਾਕੇ ਦੀਆਂ ਸੰਗਤਾਂ ਹਾਜ਼ਰ ਹੋਈਆਂ।ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸੁੱਚਾ ਸਿੰਘ ਰੰਧਾਵਾ ਦਾ ਨਾਵਲ 'ਵਿਦਰੋਹੀ ਸੰਤ' 19 ਨੂੰ ਹੋਵੇਗਾ ਰਿਲੀਜ਼

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਾਹਿਤ ਸਭਾ ਫ਼ਤਿਹਗੜ੍ਹ ਚੂੜੀਆਂ ਵੱਲੋਂ ਸਾਹਿਤਕ ਵਿਚਾਰ ਮੰਚ ਅਤੇ ਜਸਪਾਲ ਹੰਝਰਾਅ ਯਾਦਗਾਰੀ ਮੰਚ ਦੇ ਸਹਿਯੋਗ ਨਾਲ ਸੁੱਚਾ ਸਿੰਘ ਰੰਧਾਵਾ ਦਾ ਨਵਾਂ ਇਤਿਹਾਸਕ ਨਾਵਲ ਵਿਦਰੋਹੀ ਸੰਤ ਉੱਨੀ ਅਪ੍ਰੈਲ ਦਿਨ



ਐਤਵਾਰ ਨੂੰ ਕਰਨ ਪੈਲਿਸ ਰੇਲਵੇ ਰੋਡ ਫ਼ਤਿਹਗੜ੍ਹ ਚੂੜੀਆਂ ਵਿਖੇ ਵੱਡੀਆਂ ਸਾਹਿਤਕ ਸ਼ਖ਼ਸ਼ੀਅਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਜਾਵੇਗਾ । ਸ੍ਰ. ਗੁਰਸਾਗਰ ਸਿੰਘ ਬ੍ਰਦਰਜ਼ ਪਬਲੀਕੇਸ਼ਨ ਅੰਮ੍ਰਿਤਸਰ ਵਾਲੇ ਖ਼ਾਸ ਮਹਿਮਾਨ ਹੋਣਗੇ। ਇਸ ਸੰਬਧੀ ਹੋਈ ਇਕ ਪ੍ਰੈਸ ਮੀਟਿੰਗ ਦੌਰਾਨ ਸਭਾ ਦੇ ਜਨਰਲ ਸਕੱਤਰ ਸ੍ਰ. ਸੁਖਦੇਵ ਸਿੰਘ ਕਾਹਲੋਂ ਅਤੇ ਸੁੱਚਾ ਸਿੰਘ ਰੰਧਾਵਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਨਾਵਲ ਉਪਰ ਆਪਣਾ ਅਲੋਚਨਾਤਮਿਕ ਪਰਚਾ ਵਿਦਵਾਨ ਡਾ. ਅਨੂਪ ਸਿੰਘ ਬਟਾਲਾ ਪੜ੍ਹਨਗੇ ਅਤੇ ਬਾਅਦ ਵਿੱਚ ਇਸ ਉਪਰ ਚਰਚਾ ਹੋਵੇਗੀ। ਸਮਾਗਮ ਦੌਰਾਨ ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਸਮਾਗਮ ਵਿੱਚ ਹਾਜ਼ਿਰ ਕਵੀ ਜਨ ਆਪੋ ਆਪਣਾ ਕਲਾਮ ਪੇਸ਼ ਕਰਨਗੇ। ਸਮਾਗਮ ਸਵੇਰੇ 10 ਵਜੇ ਸ਼ੁਰੂ ਹੋ ਕੇ ਦੁਪਿਹਰ ਦੇ ਖਾਣੇ ਤੱਕ ਸਮਾਪਤ ਹੋਵੇਗੀ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ, ਮਾਸਟਰ ਤਰਸੇਮ ਸਿੰਘ, ਰਜਿੰਦਰਪਾਲ ਸਿੰਘ ਬਿੱਲਾ, ਡਾ. ਅਸ਼ਵਨੀ ਕਾਲਾ ਅਫ਼ਗਾਨਾ, ਪ੍ਰੀਤਮ ਸਰਪੰਚ, ਰਾਜਪਾਲ ਸਿੰਘ ਬਾਠ, ਚਰਨਜੀਤ ਸੰਘ ਚੰਨ ਹਾਜ਼ਿਰ ਸਨ।

## ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਖਾਲਸਾ ਸਾਜਨਾ ਦਿਵਸ ਸ਼ਰਧਾ ਨਾਲ ਮਨਾਇਆ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਇਲਾਕੇ ਦੀ ਪੁਰਾਤਨ ਤੇ ਸਿਰਮੌਰ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੰਜਾਬੀ ਸੰਸਕ੍ਰਿਤੀ ਖੁਸ਼ਹਾਲੀ ਅਤੇ ਖਾਲਸਾ ਪੰਥ ਦੀ ਸਾਜਨਾ ਦਾ ਦਿਵਸ ਵਿਸਾਖੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦਾ ਜਸ ਸ਼ਬਦ ਕੀਰਤਨ ਗਾਇਨ ਕਰਕੇ ਕੀਤੀ ਗਈ।ਇਸ ਤਿਉਹਾਰ ਨਾਲ ਸਬੰਧਤ ਬੱਚਿਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਜਿਵੇਂ ਕਵਿਤਾਵਾਂ, ਕਵੀਸ਼ਰੀ,ਗੀਤ ਤੇ ਭਾਸ਼ਣ ਵੀ ਦਿੱਤੇ ਗਏ। ਛੋਟੇ ਵਿਦਿਆਰਥੀਆਂ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਡਾਂਸ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ । ਇਸ ਮੌਕੇ ਧਾਰਮਿਕ ਪ੍ਰੀਖਿਆ ਵਿੱਚੋਂ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੀਲਡਾਂ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੰਦਿਆ ਤੇ ਵਿਸਾਖੀ ਦੇ ਇਤਿਹਾਸ ਬਾਰੇ ਦੱਸਿਆ । ਇਸ ਮੌਕੇ ਪ੍ਰਿੰਸੀਪਲ ਮੈਡਮ ਗੁਰਬੀਰ ਕੌਰ, ਡਾਇਰੈਕਟਰ ਮੈਡਮ ਹਰਪ੍ਰੀਤ ਕੌਰ, ਮੈਡਮ ਰਵਿੰਦਰ ਕੌਰ, ਸਰ ਅੰਮ੍ਰਿਤ ਸਮੂਹ ਸਟਾਫ ਅਤੇ ਬੱਚੇ ਹਾਜਰ ਸਨ।

## ਅੰਬੇਡਕਰ ਦੇ ਜਨਮ ਦਿਹਾੜੇ ਪ੍ਰੋਗਰਾਮ ਨੂੰ ਲੈ ਕੇ ਵਿਚਾਰ-ਵਟਾਂਦਰਾ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਡਾ.ਅੰਬੇਡਕਰ ਮਿਸ਼ਨ ਗੁਰਦਾਸਪੁਰ ਦੀ ਸਮੂੰਹ ਇਕਾਈਆਂ ਦੀ ਮੀਟਿੰਗ ਅੰਬੇਡਕਰ ਭਵਨ, ਰੋੜੀ ਮੁਹੱਲਾ ਗੁਰਦਾਸਪੁਰ ਵਿਖੇ ਹੋਈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ ਅੰਬੇਡਕਰ ਮਿਸ਼ਨ (ਰਜਿ:) ਗੁਰਦਾਸਪੁਰ ਦੇ ਪ੍ਰਧਾਨ ਕੇਵਲ ਕ੍ਰਿਸ਼ਨ ਲਾਡੀ ਅਤੇ ਕੋਆਰਡੀਨੇਟਰ, ਐਡ. ਸੁਰਿੰਦਰ ਚੌਧਰੀ ਨੇ ਦੱਸਿਆ ਕਿ ਮੀਟਿੰਗ ਵਿੱਚ 19 ਅਪ੍ਰੈਲ 2026 ਨੂੰ ਮਿਸ਼ਨ ਵੱਲੋਂ ਮਨਾਏ ਜਾ ਰਹੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦੇ ਜਨਮ



ਦਿਹਾੜੇ ਪ੍ਰੋਗਰਾਮ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪ੍ਰੋਗਰਾਮ ਦੀ ਸਫਲਤਾ ਲਈ ਵੱਖ ਵੱਖ ਅਹੁਦੇਦਾਰਾਂ ਦੇ ਮੈਂਬਰ ਸਾਹਿਬਾਨ ਨੂੰ ਡਿਊਟੀਆਂ ਦੀ ਵੰਡ ਕੀਤੀ ਗਈ।

## ਸ੍ਰੀ ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਵਿਸਾਖੀ ਦਿਹਾੜਾ ਮਨਾਇਆ

**ਮਜੀਠਾ (ਸੋਇਮ ਆਨੰਦ)**- ਸ੍ਰੀ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਸਕੂਲ ਪ੍ਰਿੰਸੀਪਲ ਵਿਨੋਦ ਸ਼ਰਮਾ ਦੀ ਅਗਵਾਈ ਵਿਚ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਬੜੇ



ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਪ੍ਰਿੰਸੀਪਲ ਨੇ ਸੰਬੋਧਨ ਕਰਦਿਆਂ ਖਾਲਸੇ ਦੇ ਸਾਜਨਾ ਦਿਵਸ ਦੀ ਮਹਾਨਤਾ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਵੇਂ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸਮਾਜ ਵਿਚ ਜਾਤ ਪਾਤ, ਛੂਤ ਛਾਤ, ਭਿੰਨ ਭੇਦ ਤੋਂ ਉਪਰ ਉਠ ਕੇ ਮਾਨਵਤਾ ਦਾ ਭਲਾ ਕਰਨ ਦਾ ਸੰਦੇਸ਼ ਦਿੱਤਾ ਅਤੇ ਸਮਾਜ ਵਿਚ ਵੱਧ ਰਹੀਆਂ ਕੁਰੀਤੀਆਂ ਅਤੇ ਜੁਲਮ ਜ਼ਬਰ ਦਾ ਟਾਕਰਾ ਕੀਤਾ ਅਤੇ ਮਜਲੂਮਾਂ ਨੂੰ ਨਿਆਂ ਦਿਵਾਇਆ। ਇਸ ਮੌਕੇ ਬੱਚਿਆਂ ਵੱਲੋਂ ਜੱਟਾ ਆਈ ਵਿਸਾਖੀ ਤੇ ਗਿੱਧਾ ਭੰਗੜਾ ਵੀ ਪੇਸ਼ ਕੀਤਾ। ਸਕੂਲ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਵਿਨੋਦ ਸ਼ਰਮਾ ਨਾਲ ਜੋਗਾ ਸਿੰਘ ਅਠਵਾਲ, ਪਰਿਤਪਾਲ ਸਿੰਘ, ਇਕਬਾਲ ਸਿੰਘ, ਕਵਲਜੀਤ ਸਿੰਘ, ਹਰਪ੍ਰੀਤ ਸਿੰਘ, ਪਰਮਜੀਤ ਕੌਰ,ਸਰਿੰਦਰ ਕੌਰ, ਹਰਦੀਪ ਕੌਰ, ਗੁਰਬਿੰਦਰਜੀਤ ਕੌਰ ਸਮੇਤ ਵੱਡੀ ਗਿਣਤੀ ਵਿਚ ਸਕੂਲ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਖਾਲਸਾ ਕਾਲਜ ਵਿਖੇ ਸਾਹਿਤਕ ਮੇਲਾ 'ਲਿਟ-ਫਿਏਸਟਾ' ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ )**— ਖਾਲਸਾ ਕਾਲਜ ਦੇ ਅੰਗਰੇਜ਼ੀ ਵਿਭਾਗ ਨੇ ਮੁਲਕ ਰਾਜ ਆਨੰਦ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਸਹਿਯੋਗ ਨਾਲ ਸਾਹਿਤਕ ਮੇਲਾ ਲਿਟ-ਫਿਏਸਟਾ 2026 ਕਰਵਾਇਆ। ਜਿਸ 'ਚ ਵਿਵਹਾਰਕ ਰੂਪ ਹੁੰਦੀਆਂ ਹਨ ਅਤੇ ਵਿਦਿਆਰਥੀਆਂ 'ਚ ਜੀਵਨ ਕੌਸ਼ਲਾਂ ਨੂੰ ਵਿਕਸਿਤ ਕਰਦੀਆਂ ਹਨ। ਇਸ ਤੋਂ ਪਹਿਲਾਂ ਵਿਭਾਗ ਮੁੱਖੀ ਪ੍ਰੋ. ਸੁਪਨਿੰਦਰਜੀਤ ਕੌਰ ਨੇ ਪ੍ਰਿੰ: ਡਾ. ਰੰਧਾਵਾ ਅਤੇ ਵਿਸ਼ੇਸ਼ ਮਹਿਮਾਨ ਰਜਿਸਟਰਾਰ ਡਾ. ਦਵਿੰਦਰ ਸਿੰਘ




ਅੰਗਰੇਜ਼ੀ ਭਾਸ਼ਾ ਕਵਿੱਜ਼, ਕਹਾਣੀ ਲੇਖਣ, ਪੋਸਟਰ ਮੇਕਿੰਗ, ਸਲੋਗਨ ਲੇਖਣ ਅਤੇ ਵੈਸਟਰਨ ਗੀਤ ਮੁਕਾਬਲੇ ਕਰਵਾਏ ਗਏ, ਜਿਨ੍ਹਾਂ 'ਚ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਮੁੱਖ ਮਹਿਮਾਨ ਵਜੋਂ ਪੁੱਜੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਕਿਹਾ ਕਿ ਅਜਿਹੀਆਂ ਸਾਹਿਤਕ ਗਤੀਵਿਧੀਆਂ ਕਲਾਸ ਰੂਮ ਸਿੱਖਿਆ ਦਾ ਅਤੇ ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਨੂੰ ਪੌਦੇ ਭੇਟ ਕਰਕੇ ਸਵਾਗਤ ਕੀਤਾ। ਉਨ੍ਹਾਂ ਪ੍ਰਿੰ: ਡਾ. ਰੰਧਾਵਾ ਦਾ ਲਗਾਤਾਰ ਸਹਿਯੋਗ ਦੇਣ ਲਈ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਸਹਿ-ਪਾਠਕ੍ਰਮ ਗਤੀਵਿਧੀਆਂ 'ਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਭਵਿੱਖ 'ਚ ਪੂਰੇ ਆਤਮ ਵਿਸ਼ਵਾਸ ਨਾਲ ਅਗਾਂਹ ਵੱਧਣ ਲਈ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਉਕਤ ਮੁਕਾਬਲਿਆਂ ਲਈ ਜੱਜਾਂ ਦੇ ਪੈਨਲ 'ਚ ਹਿਊਮੈਨਿਟੀਜ਼ ਡੀਨ ਪ੍ਰੋ. ਜਸਪ੍ਰੀਤ ਕੌਰ, ਡਿਪਟੀ ਰਜਿਸਟਰਾਰ ਡਾ. ਦੀਪਕ ਦੇਵਗਨ, ਹਿੰਦੀ ਵਿਭਾਗ ਮੁੱਖੀ ਡਾ. ਸੁਰਜੀਤ ਕੌਰ, ਜ਼ੂਆਲੋਜੀ ਵਿਭਾਗ ਤੋਂ ਡਾ. ਜੋਰਾਵਰ ਸਿੰਘ ਅਤੇ ਪ੍ਰੋ. ਰਣਦੀਪ ਸਿੰਘ, ਫਾਈਨ ਆਰਟਸ ਤੋਂ ਡਾ. ਹਰਮਨਪ੍ਰੀਤ ਕੌਰ ਅਤੇ ਜਗਦੀਪ ਕੌਰ, ਮਿਊਜ਼ਿਕ ਵਿਭਾਗ ਤੋਂ ਪ੍ਰੋ. ਨਵਜੋਤ ਕੌਰ ਸ਼ਾਮਿਲ ਸਨ। ਪ੍ਰੋ. ਸਵੰਤ ਸਿੰਘ ਮੰਟੋ ਵੱਲੋਂ ਧੰਨਵਾਦ ਕੀਤਾ ਗਿਆ। ਪ੍ਰਿੰ: ਡਾ. ਰੰਧਾਵਾ ਵੱਲੋਂ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਵਿੱਚ ਪ੍ਰੋ: ਮਲਕਿੰਦਰ ਸਿੰਘ, ਪ੍ਰੋ: ਦਲਜੀਤ ਸਿੰਘ, ਡਾ: ਮਮਤਾ ਮਹਿੰਦਰੂ, ਪ੍ਰੋ: ਵਿਜੇ ਬਰਨਾਰਡ, ਡਾ: ਜਸਵਿੰਦਰ ਕੌਰ ਔਲਖ, ਪ੍ਰੋ: ਪੂਜਾ ਕਾਲੀਆ, ਪ੍ਰੋ: ਗੁਰਪ੍ਰੀਤ ਸਿੰਘ, ਪ੍ਰੋ: ਸੌਰਵ ਮੇਘ, ਪ੍ਰੋ: ਹਰਸ਼ ਸਲਾਰੀਆ, ਪ੍ਰੋ: ਹਰਮਨਪ੍ਰੀਤ ਸਿੰਘ, ਪ੍ਰੋ: ਅਭਿਸ਼ੇਕ ਠਾਕੁਰ, ਡਾ. ਅਕਾਂਕਸ਼ਾ ਨੌਟਿਆਲ, ਪ੍ਰੋ: ਅਮਨਪ੍ਰੀਤ ਕੌਰ, ਪ੍ਰੋ: ਵਿਮਲਜੀਤ ਕੌਰ, ਪ੍ਰੋ: ਰਵਨੀਤ ਕੌਰ ਸਮੇਤ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# ਵਿਸਾਖੀ ਤੇ ਡਾ. ਭੀਮ ਰਾਓ ਅੰਬੇਡਕਰ ਜੈਯੰਤੀ ਮਨਾਈ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਿਟੀ ਵੈਲੇਫਅਰ ਕਲੱਬ (ਰਜਿ:) ਡੇਰਾ ਬਾਬਾ ਨਾਨਕ ਵੱਲੋਂ ਕਲੱਬ ਦੇ ਪ੍ਰਧਾਨ ਰਾਜੇਸ਼ ਹਾਂਡਾ ਦੀ ਅਗਵਾਈ ਹੇਠ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਅਤੇ ਭਾਰਤੀ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।



ਇਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀ ਪ੍ਰਧਾਨ ਸ੍ਰੀਮਤੀ ਸ਼ਿਖਾ ਗੁਪਤਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਐਸ ਐਚ ਓ ਡੇਰਾ ਬਾਬਾ ਨਾਨਕ ਅਸ਼ੋਕ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਸ਼ਬਦ, ਭਾਸ਼ਣ, ਗੀਤ, ਕਵਿਤਾਵਾਂ ਅਤੇ ਭੰਗੜਾ ਪੇਸ਼ ਕੀਤਾ। ਕਲੱਬ ਦੇ ਸੀਨੀਅਰ ਆਗੂ ਮਾਸਟਰ ਬਚਨ ਦਾਸ ਨੇ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਮੁੱਖ ਮਹਿਮਾਨ ਸ਼ਿਖਾ ਗੁਪਤਾ, ਸੀਨੀਅਰ ਆਪ ਆਗੂ ਰਾਜੇਸ਼ ਗੁਪਤਾ, ਐਸ.ਐਚ.ਓ. ਅਸ਼ੋਕ ਸ਼ਰਮਾ, ਕਲੱਬ ਦੇ ਪ੍ਰਧਾਨ ਰਾਜੇਸ਼ ਹਾਂਡਾ ਅਤੇ ਮੈਂਬਰਾਂ ਵੱਲੋਂ ਜੇਤੂ ਕ੍ਰਿਕਟ ਟੀਮਾਂ, ਭੰਗੜਾ ਟੀਮਾਂ ਅਤੇ ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਮੈਡਲ ਤੇ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀ ਪ੍ਰਧਾਨ ਸ਼ਿਖਾ ਗੁਪਤਾ, ਐੱਸ ਐੱਚ ਓ ਅਸ਼ੋਕ ਸ਼ਰਮਾ, ਸੀਨੀਅਰ ਆਪ ਆਗੂ ਸ੍ਰੀ ਰਾਜੇਸ਼ ਗੁਪਤਾ, ਕਲੱਬ ਦੇ ਪ੍ਰਧਾਨ ਸ੍ਰੀ ਰਾਜੇਸ਼ ਕੁਮਾਰ ਹਾਂਡਾ, ਮਾਸਟਰ ਬਚਨ ਦਾਸ, ਡਾ. ਅਸ਼ੋਕ ਸੋਨੀ, ਵਿਜੇ ਕੁਮਾਰ ਵਿੱਗ, ਕੁਲਬੀਰ ਸਿੰਘ ਸਰਪ੍ਰਸਤ, ਰਮੇਸ਼ ਬੱਬਰ, ਡਾ. ਪ੍ਰਦੀਪ ਕੁਮਾਰ, ਮਾਸਟਰ ਪਿਆਰਾ ਲਾਲ, ਮਾਸਟਰ ਰਾਮ ਸਰੂਪ, ਨੋਬਲ ਜ਼ਖਮੀ, ਰਾਜੇਸ਼ ਡੋਗਰਾ, ਮਾਸਟਰ ਰਮੇਸ ਅਵੱਸਥੀ, ਮਾਸਟਰ ਅਰਵਿੰਦਰਪਾਲ ਸਿੰਘ, ਡਾ. ਮਨਮੋਹਨ ਸਿੰਘ ਭੱਟੀ ਆਦਿ ਹਾਜ਼ਰ ਸਨ।

## ਨਸ਼ਾ ਮੁਕਤੀ ਸਮਾਗਮ ਲਈ ਨੌਜਵਾਨਾਂ ਦੀ ਟੀਮ ਦਾ ਗਠਨ

**ਛੇਹਰਟਾ (ਮਨੋਜ ਕੁਮਾਰ)** : ਅੰਮ੍ਰਿਤਸਰ ਵਿਚ ਹੋ ਰਹੇ ਨਸ਼ਾ ਮੁਕਤੀ ਪੰਜਾਬ ਸੰਕਲਪ ਸਮਾਗਮ ਦੌਰਾਨ ਵਧੀਆ ਪ੍ਰਬੰਧਾਂ ਲਈ ਨੌਜਵਾਨਾਂ ਦੀ ਟੀਮ ਦਾ ਗਠਨ ਕੀਤਾ ਗਿਆ। ਇਸ ਸਬੰਧ ਵਿਚ ਮੀਟਿੰਗ ਰਾਜ ਕੁਮਾਰ ਰਾਜੂ ਜੂਡੋ ਤੇ ਰਾਜਵਿੰਦਰ ਸਿੰਘ ਬਿੱਲਾ ਦੀ ਅਗਵਾਈ ਵਿਚ ਹੋਈ। ਮੀਟਿੰਗ ਦੌਰਾਨ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਮੌਕੇ ਰਾਜ ਕੁਮਾਰ ਰਾਜੂ ਜੂਡੋ ਨੇ



ਕਿਹਾ ਕਿ ਨਸ਼ਾ ਮੁਕਤੀ ਪੰਜਾਬ ਸੰਕਲਪ ਸਮਾਗਮ ਦੀਆਂ ਤਿਆਰੀਆਂ ਕਰੀਬ-ਕਰੀਬ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਰਾਜਪਾਲ ਹੋਣਗੇ। ਪ੍ਰੋਗਰਾਮ ਦਾ ਮੁੱਖ ਉਦੇਸ਼ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣਾ ਹੈ। ਗਠਨ ਕੀਤੀ ਟੀਮ ਦੀ ਅਗਵਾਈ ਅਰੁਣਪ੍ਰੀਤ ਸਿੰਘ ਕਰਨਗੇ, ਜਦੋਂ ਕਿ ਟੀਮ ਦੇ ਬਾਕੀ ਮੈਂਬਰਾਂ ਵਿਚ ਵੰਸ਼ਦੀਪ ਸਿੰਘ, ਜਸ਼ਨਦੀਪ ਸਿੰਘ, ਹਿਮਾਂਸ਼ੂ ਸੇਠ, ਅਮਰਿੰਦਰ ਸਿੰਘ ਰਾਹੁਲ ਪਾਂਡੇ, ਪ੍ਰਥਮ ਜਰਮਨਜੀਤ ਸਿੰਘ ਹਰਸ਼ਦੀਪ ਸਿੰਘ ਪ੍ਰਭਜੋਤ ਸਿੰਘ, ਅਰਮਾਨਦੀਪ ਸਿੰਘ, ਹਰਸ਼ਿਤ ਸ਼ਰਮਾ ਸਾਹਿਲ, ਤੇ ਦਮਨਜੀਤ ਸਿੰਘ ਸ਼ਾਮਿਲ ਹਨ।

# ਵਿਸਾਖੀ ਤੇ ਡਾ.ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਆਦਮਪੁਰ ਤੋਂ ਵਿਸ਼ੇਸ਼ ਸਪਲੀਮੈਂਟ


ਅਮਨਦੀਪ ਸਿੰਘ ਢਿੱਲੋਂ ਲੰਬਰਦਾਰ | ਹਰਕੀਤ ਸਿੰਘ ਨਿੱਜਰ, ਕੋਆਰਡੀਨੇਟਰ ਕਿਸਾਨ ਵਿੰਗ | ਪਵਨ ਕੁਮਾਰ ਟੀਨੂੰ ਆਪ ਹਲਕਾ ਇੰਚਾਰਜ਼ ਆਦਮਪੁਰ ਦੋਆਬਾ | ਕਮਲਜੀਤ ਸਿੰਘ ਬਲਾਕ ਉਪ ਚੇਅਰਮੈਨ ਆਦਮਪੁਰ ਦੋਆਬਾ | ਤਰਸੇਮ ਸਿੰਘ ਆਪ ਆਗੂ | ਪਰਮਜੀਤ ਸਿੰਘ ਕਨੇਡਾ | ਦਲਵੀਰ ਸਿੰਘ ਕਨੇਡਾ

ਮੇਰੇ ਵੱਲੋਂ ਸਮੂਹ ਸਹਿਯੋਗੀਆਂ ਦਾ ਧੰਨਵਾਦ



ਇਸ਼ਤਿਹਾਰ ਦੇਣ ਵਾਲੇ ਸਮੂਹ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਪਰਮਜੀਤ ਸਿੰਘ ਰਿਪੋਰਟਰ ਨਵਾਂ ਜ਼ਮਾਨਾਂ ਆਦਮਪੁਰ, 94171-44897

ਵਿਸਾਖੀ ਦਿਹਾੜੇ ਦੀਆਂ ਮੁਬਾਰਕਾਂ



ਵਲੋਂ - ਮਨਮੋਹਨ ਸਿੰਘ ਬਾਬਾ, ਬਾਬਾ ਢਾਬਾ ਆਦਮਪੁਰ ਦੋਆਬਾ ਜਲੰਧਰ, ਸੰਪਰਕ : 981-41-95175


ਜੋਗਿੰਦਰਪਾਲ ਬਲਾਕ ਪ੍ਰਧਾਨ ਆਪ ਆਦਮਪੁਰ | ਬਿਮਲਜੀਤ ਸਿੰਘ ਖਾਲਸਾ ਢਾਡੀ ਜਥਾ ਆਦਮਪੁਰ ਦੋਆਬਾ | ਅਮਰੀਕ ਸਿੰਘ ਪੰਜਾਬ ਮੋਟਰ ਗੈਰਜ਼ | ਹਨਿੰਦਰ ਸਿੰਘ ਆਪ ਆਗੂ ਆਦਮਪੁਰ | ਹਰਿੰਦਰ ਸਿੰਘ ਸਮਾਜ ਸੇਵਕ ਆਦਮਪੁਰ


ਭੁਪਿੰਦਰ ਸਿੰਘ ਕੌਂਸਲਰ ਆਦਮਪੁਰ | ਜਗਦੀਸ਼ ਜੱਸਲ ਭਾਜਪਾ ਆਗੂ | ਗੁਰਿੰਦਰ ਸਿੰਘ ਲੈਕਚਰਾਰ | ਮਾ. ਰਜਿੰਦਰ ਸਿੰਘ | ਸ. ਬਲਕਾਰ ਸਿੰਘ | ਹਰਦੀਪ ਸਿੰਘ ਰਿਟਾਇਡ ਮਾਸਟਰ | ਕਮਲ ਹੀਰ ਕਨੇਡਾ


ਮੱਖਣ ਸਿੰਘ ਕਵਾੜੀਆ ਆਦਮਪੁਰ | ਦਵਿੰਦਰ ਕੁਮਾਰ ਪਵਾਰ ਲੰਬਰਦਾਰ ਆਦਮਪੁਰ ਦੋਆਬਾ | ਮਾ. ਗੁਰਮੇਜਰ ਸਿੰਘ ਆਦਮਪੁਰ ਦੋਆਬਾ | ਗੁਰਨਾਮ ਸਿੰਘ ਸਮਾਜ ਸੇਵਕ ਆਦਮਪੁਰ ਦੋਆਬਾ | ਗੁਰਚਰਨ ਸਿੰਘ ਸਿਖਿਆ ਕੋਆਰਡੀਨੇਟਰ


ਅਕਸ਼ੈਦੀਪ ਆਸ਼ੂ ਬਲਾਕ ਪ੍ਰਧਾਨ ਆਪ ਆਦਮਪੁਰ ਦੋਆਬਾ | ਕਨੂੰ ਐਮ.ਸੀ ਨਗਰ ਕੌਂਸਲ ਆਦਮਪੁਰ | ਰਾਕੇਸ਼ ਚੋਡਾ ਪ੍ਰਧਾਨ ਐਲ.ਸੀ ਆਦਮਪੁਰ | ਦਸਵਿੰਦਰ ਚਾਂਦ ਚੇਅਰਮੈਨ ਐਲ.ਸੀ ਆਦਮਪੁਰ | ਅਮਰਜੀਤ ਸਿੰਘ ਭੋਗਪੁਰ ਉਪ ਚੇਅਰਮੈਨ ਐਲ.ਈ.ਐਚ ਆਦਮਪੁਰ | ਰਾਕੇਸ਼ ਕੁਮਾਰ ਕੁਮਾਰ ਰਾਜੂ ਆਦਮਪੁਰ ਦੋਆਬਾ | ਪੱਤਰਕਾਰ ਹਤਿੰਦਰ ਮਹਿਤਾ ਹਲਕਾ ਆਦਮਪੁਰ | ਗੁਰਜੀਤ ਸਿੰਘ ਪਿੰਡ ਡੀਂਗਰੀਆਂ | ਗੁਰਵਿੰਦਰ ਸਿੰਘ ਕਿਸ਼ਨਪੁਰ | ਬਲਜੀਤ ਸਿੰਘ ਨਿੱਜਰ | ਦਲਵੀਰ ਸਿੰਘ ਖੋਜਕੀਪੁਰ | ਦਵਿੰਦਰ ਸਿੰਘ ਬਿੱਲੂ ਆਦਮਪੁਰ | ਕੁਲਵਿੰਦਰ ਸਿੰਘ ਟੋਨੀ ਅਕਾਲੀ ਆਗੂ ਆਦਮਪੁਰ | ਦਲਜੀਤ ਸਿੰਘ ਭੱਟੀ ਅਕਾਲੀ ਆਗੂ ਆਦਮਪੁਰ


ਡੇਰਾ ਸੰਤ ਬਾਬਾ ਭਾਗ ਸਿੰਘ ਜੀ (ਜੱਬੜ), ਡਾਕ ਮਾਣਕੋ, ਜਲੰਧਰ
SANT BABA BHAG SINGH MEMORIAL CHARITABLE SOCIETY
SANT BABA BHAG SINGH UNIVERSITY
(Established vide Punjab Govt Act No – 6 of 2015 and recognized by UGC under Section 2(f) of UGC Act, 1956, Accredited by NAAC with B+ grade)
Sant Baba Bhag Singh International School
Sant Baba Bhag Singh Public School, Guru Nanak Sadh Sangat Charitable Hospital
COURSES OFFERED
- B.Tech. CSE (AI & ML) (in association with IBM)
- B.Tech. CSE, EE, CE, ME
- B.Tech ME (with minor degree in AI & ML)
- B.Tech. CSE (Cyber Security)
- M.Tech. (CSE, EE, ME, CE)
- B.Com., M.Com.
- BBA, MBA (HR, Finance, Marketing, IT)
- BBA (In Association with IBM)
- MBA
- BHMCT (Hotel Mgmt. & Catering Tech.)
- BTTM (Tourism & Travel Management)
- BCA (In Association with IBM)
- MCA
- B.Sc. IT
- B.Sc. (Animation & Multimedia)
- B.Sc. Home Science
- B.Sc. Forensic Science
- BMRIT (Medical Radiology & Imaging Technology)
- BAOTT (Anaesthesia & Operation Theatre Technology)
- BMLT (Medical Lab Technology)
- Master of Medical Laboratory Science (Medical Microbiology, Clinical Biochemistry)
- B.Sc. (Hons) Agriculture
- M.Sc. (Agronomy, Horticulture (Fruit Science, Vegetable Science), Soil Science and Agricultural Chemistry, Food Science & Technology)
- B.Sc. (Life Science, Physical Science)
- M.Sc. (Hons) (Physics, Chemistry, Botany, Zoology, Mathematics)
- B.A. (Humanities, Yoga)
- M.A. (History, English, Punjabi, Economics & Political Science)
- B.Ed., M.Ed.
- BPES, MPES
- B.P.Ed. (Bachelor of Physical Education)
- B.A.LL.B.
- LL.M.
- B.Sc., M.Sc. (Fashion Designing)
- B.Lib (Bachelor of Library Science)
- Ph.D available in various disciplines
SANT BABA BHAG SINGH INSTITUTE OF NURSING COURSES:
• B Sc Nursing • Post Basic B Sc Nursing • ANM • GNM
Various scholarship schemes up to 100% of tuition fee available for meritorious and needy students
Admission Helpline: 81466 20135/36/37/38/39 Website: www.sbbsuniversity.ac.in
Village Khiala, PO Padhiana, Distt Jalandhar (Punjab) 144030



Learn today...Lead tomorrow
CBSE Affiliation No. 1631480
THE IMPERIAL SCHOOL
GREEN CAMPUS, ADAMPUR
Under the aegis of Hope Educational Society.
SESSION 2025-26
For Classes
I to XI
Enroll Now
81461-82131
principal.tis.gc@gmail.com www.theimperialschool.com
SATOWALI ROAD, ADAMPUR DOABA (PUNJAB) 144102



PAUL'S EMPORIUM
DESIGNER BOUTIQUE SUITS, SAREES, LEHNGAS
MAIN BAZAR, ADAMPUR DOABA, 8699998881, 97804-80048 PH. 0181-5090840, E-mail: paulfashions@yahoo.com FB- pauldesignerboutique, M. Raj 98152-81124



ਜਸਕਰਨ ਸਿੰਘ | ਗੌਰਵ ਭੋਗਪੁਰ | ਬਾਜ਼ ਕਨੇਡਾ | ਬਲਜੋਤ ਸਿੰਘ


ਵਿਸਾਖੀ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ








ਵੱਲੋਂ : ਜਥੇਦਾਰ ਮਨੋਹਰ ਸਿੰਘ
ਪ੍ਰਧਾਨ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ, ਪਿੰਡ ਡਰੋਲੀ ਕਲਾਂ ਜਲੰਧਰ



HOTEL SAGAR
SINCE 1996
A FINE DINE FAMILY RESTAURANT | PUB & HARD BAR | BANQUET HALL | ROOMS
DAVINDER SINGH (SAGAR RESTAURANT)
AVAILABLE ALL PARTY HALLS | RING CEREMONY HALL | DJ PARTY HALL
KITTY PARTY HALL | BIRTHDAY PARTY HALL | CEREMONY PARTY HALL | MARRIAGE CEREMONY HALL | RECEPTION PARTY HALL







MAIN ROAD ADAMPUR DOABA
MOB. 93573-23767, 70095-85598, 93168-83761


## ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੋਰਾਇਆ ਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਸੀ ਬੀ ਐੱਸ ਈ ਬੋਰਡ ਪਰੀਖਿਆ ਵਿੱਚ ਇਸ ਸਾਲ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਮਾਣ ਨਾਲ ਉੱਚਾ ਕੀਤਾ ਹੈ। ਸਕੂਲ ਦਾ ਨਤੀਜਾ ਸ਼ਤ-



ਪ੍ਰਤੀਸ਼ਤ ਰਿਹਾ, ਜੋ ਸੰਸਥਾ ਦੀ ਉਤਕ੍ਰਿਸ਼ਟ ਸਿੱਖਿਆ ਪ੍ਰਣਾਲੀ ਨੂੰ ਦਰਸਾਉਂਦਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਨਾ ਸਿਰਫ਼ ਉੱਚ ਅੰਕ ਪ੍ਰਾਪਤ ਕੀਤੇ, ਸਗੋਂ ਆਪਣੀ ਲਗਨ, ਅਨੁਸ਼ਾਸਨ, ਆਤਮਵਿਸ਼ਵਾਸ ਤੇ ਦ੍ਰਿੜ ਨਿਸ਼ਚੇ ਦਾ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਠਿਨ ਮਿਹਨਤ, ਸਮੇਂ ਦੀ ਸਹੀ ਵਰਤੋਂ ਅਤੇ ਲਗਾਤਾਰ ਅਭਿਆਸ ਨਾਲ ਵਿਦਿਆਰਥੀਆਂ ਨੇ ਇਹ ਸਾਬਤ ਕਰ ਦਿੱਤਾ ਕਿ ਸਹੀ ਦਿਸ਼ਾ ਵਿੱਚ ਕੀਤਾ ਗਿਆ ਯਤਨ ਹਮੇਸ਼ਾ ਸਫਲਤਾ ਦਿੰਦਾ ਹੈ।ਇਸ ਸਾਲ ਦੇ ਮੁੱਖ ਟੌਪਰ ਇਸ ਪ੍ਰਕਾਰ ਹਨ: ਹਰਵੀਰ ਸਿੰਘ ਨੇ 95.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਿਮਰਨ ਨੇ 95% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ। ਅਯਾਨ ਨੇ 94% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਕਰਨਵੀਰ ਨੇ 92.6% ਅਤੇ ਅਮਨੀਤ ਨੇ 90.8% ਅੰਕ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣੀ ਯੋਗਤਾ ਦਾ ਲੋਹਾ ਮਨਵਾਇਆ। ਇਨ੍ਹਾਂ ਵਿੱਚ ਅਨਿਕੇਤ, ਹਰਸਿਮਰਨ, ਹਰਸ਼, ਸਾਗਰ, ਸਾਹਿਬ, ਸਹਜਵੀਰ, ਅਕਸ਼ਿਤਾ, ਦਿਲਦੀਪ, ਕਿਮਰਨ ਤੇ ਨਵਪ੍ਰੀਤ ਸ਼ਾਮਲ ਹਨ। ਸਹਜਵੀਰ ਨੇ ਹਿੰਦੀ ਵਿੱਚ 98 ਅੰਕ, ਕਰਨਵੀਰ ਨੇ ਸਮਾਜਿਕ ਵਿਗਿਆਨ ਵਿੱਚ 98 ਅਤੇ ਸਿਮਰਨ ਨੇ ਪੰਜਾਬੀ ਵਿੱਚ 98 ਅੰਕ ਪ੍ਰਾਪਤ ਕੀਤੇ।ਸਕੂਲ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੇ ਸਮਰਪਣ, ਆਤਮਵਿਸ਼ਵਾਸ ਅਤੇ ਲਗਾਤਾਰ ਯਤਨਾਂ ਦਾ ਨਤੀਜਾ ਹੈ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਖਾਲਸਾ ਸਾਜਨਾ ਦਿਵਸ ਸਬੰਧੀ ਲੈਕਚਰ, ਕਵਿਤਾਵਾਂ ਅਤੇ ਕਵੀਸ਼ਰੀ ਦੀ ਪੇਸ਼ਕਾਰੀ ਕੀਤੀ ਗਈ। ਅਰਦਾਸ ਉਪਰੰਤ ਦੇਗ ਵਰਤਾਈ ਗਈ।ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਉਹ ਗੁਰੂ ਸਾਹਿਬ ਦੇ ਦਰਸਾਏ ਰਸਤੇ 'ਤੇ ਚੱਲਣ, ਸੱਚ ਬੋਲਣ, ਮਿਹਨਤ ਕਰਨ ਅਤੇ ਸਮਾਜ ਦੀ ਭਲਾਈ ਲਈ ਯੋਗਦਾਨ ਪਾਉਣ।ਧਾਰਮਿਕ ਅਧਿਆਪਿਕਾ ਬਲਦੀਪ ਕੌਰ ਨੇ ਵਿਦਿਆਰਥੀਆਂ ਨੂੰ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਦੱਸਿਆ।

## ਬੀ ਬੀ ਐੱਮ ਬੀ ਦੀਆਂ ਅਸਾਮੀਆਂ ਖੋਲ੍ਹਣਾ ਕੇਂਦਰ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ : ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ ਬੀ ਐੱਮ ਬੀ) ਵਿੱਚ ਹਾਲ ਹੀ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਦਮ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕਬਜ਼ਾ ਕਰਨ ਤੇ ਆਪਣੇ ਸਾਧਨਾਂ 'ਤੇ ਰਾਜ ਦੇ ਜਾਇਜ਼ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀ ਇੱਕ ਵੱਡੀ ਕੋਸ਼ਿਸ਼ ਨੂੰ ਦਰਸਾਉਂਦਾ ਹੈ।ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਦਾ ਬੇਇਨਸਾਫ਼ੀ ਦਾ ਸਾਹਮਣਾ ਕਰਨ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ, ਪਰ ਸੂਬੇ ਨੇ ਹਮੇਸ਼ਾ ਦ੍ਰਿੜਤਾ ਨਾਲ ਜਵਾਬ ਦਿੱਤਾ ਹੈ, ਭਾਵੇਂ ਕਿ ਪਿਛਲੇ ਸਮੇਂ ਵਿੱਚ ਰਾਜ ਦੇ ਅੰਦਰਲੇ ਕੁਝ ਆਗੂਆਂ ਨੇ ਹੀ ਇਸ ਦੀ ਸਥਿਤੀ ਨੂੰ ਕਮਜ਼ੋਰ ਕੀਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਹੋਈਆਂ ਬੇਇਨਸਾਫ਼ੀਆਂ ਦੀ ਕਹਾਣੀ ਲੰਬੀ ਹੈ, ਪਰ ਰਾਜ ਦੇ ਲੋਕਾਂ ਨੇ ਹਮੇਸ਼ਾ ਦੁੱਗਣੀ ਤਾਕਤ ਨਾਲ ਲੜਾਈ ਲੜੀ ਹੈ। ਬਦਕਿਸਮਤੀ ਨਾਲ,



ਅਤੀਤ ਵਿੱਚ ਪੰਜਾਬ ਦੇ ਆਪਣੇ ਹੀ ਕੁਝ ਨੇਤਾਵਾਂ ਨੇ ਰਾਜ ਦੇ ਹਿੱਤਾਂ ਨੂੰ ਕਮਜ਼ੋਰ ਕਰਨ ਵਿੱਚ ਭੂਮਿਕਾ ਨਿਭਾਈ ਸੀ।ਸੂਬਾ ਮੀਡੀਆ ਇੰਚਾਰਜ ਨੇ ਕਿਹਾ ਕਿ ਬੀ ਬੀ ਐੱਮ ਬੀ ਦੀਆਂ ਅਹਿਮ ਅਸਾਮੀਆਂ ਨੂੰ ਦੇਸ਼ ਭਰ ਦੇ ਉਮੀਦਵਾਰਾਂ ਲਈ ਖੋਲ੍ਹਣ ਦਾ ਕੇਂਦਰ ਦਾ ਫੈਸਲਾ ਪੰਜਾਬ ਪੁਨਰਗਠਨ ਐਕਟ, 1966 ਅਤੇ ਬੀ ਬੀ ਐੱਮ ਬੀ ਦੇ ਗਠਨ ਦੌਰਾਨ ਕੀਤੇ ਗਏ ਪ੍ਰਬੰਧਾਂ ਦੀ ਭਾਵਨਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਨਰਗਠਨ ਐਕਟ, 1966 ਦੇ ਤਹਿਤ ਅਤੇ ਬਾਅਦ ਵਿੱਚ 1976 ਵਿੱਚ ਜਦੋਂ ਬੀਬੀਐਮਬੀ ਦਾ ਗਠਨ ਹੋਇਆ ਸੀ, ਇਹ ਅਹਿਮ ਅਹੁਦੇ ਪੰਜਾਬ ਲਈ ਸਨ। ਹੁਣ, ਕੇਂਦਰ ਆਪਣੇ ਅਫਸਰਾਂ ਨੂੰ ਤਾਇਨਾਤ ਕਰਕੇ ਕੰਟਰੋਲ ਆਪਣੇ ਹੱਥ ਵਿੱਚ ਲੈਣਾ ਚਾਹੁੰਦਾ ਹੈ।

## ਸੰਤ ਕ੍ਰਿਪਾਲ ਦਾਸ ਹੋਏ ਬ੍ਰਹਮਲੀਨ, ਅੰਤਿਮ ਸੰਸਕਾਰ 19 ਨੂੰ

**ਹੁਸ਼ਿਆਰਪੁਰ (ਓ ਪੀ ਰਾਣਾ)**- ਉਦਾਸੀਨ ਕੁਟੀਆ ਤ੍ਰਿਵੈਣੀਸਰ ਪਿੰਡ ਸ਼ਾਹਪੁਰ ਖਾਨਪੁਰ ਗੜ੍ਹਸ਼ੰਕਰ ਤੇ ਉਦਾਸੀਨ ਕੁਟੀਆ ਸਵਾਮੀ ਮਾਹਨ ਦਾਸ ਗਣੇਸ਼ਪੁਰ ਭਾਰਟਾ ਦੇ ਗੱਦੀ ਨਸ਼ੀਨ ਸ੍ਰੀਮਾਨ108 ਸੰਤ ਕ੍ਰਿਪਾਲ ਦਾਸ ਜੀ ਮਹਾਰਾਜ ਪ੍ਰਚਾਰ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਸਵਾਸਾਂ ਦੀ ਪੂੰਜੀ ਪੂਰੀ ਕਰਦਿਆਂ, ਸੰਸਾਰਿਕ ਯੱਗ ਯਾਤਰਾ ਕਰਦਿਆਂ ਲੋਕ ਪਿਆਨਾ ਕਰ ਗਏ ਹਨ। ਉਨਾਂ ਦੇ ਗੁਰੂ ਚਰਨਾਂ ਵਿੱਚ ਸਮਾ ਜਾਣ ਦੀ ਖਬਰ ਸੁਣਕੇ ਪੂਰੇ ਇਲਾਕੇ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅੰਦਰ ਸੋਗ ਦੀ ਲਹਿਰ ਫੈਲ ਗਈ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਅੰਤਿਮ ਦਰਸ਼ਨਾਂ ਲਈ ਭਾਰਟਾ ਗਣੇਸ਼ਪੁਰ ਪਹੁੰਚ ਰਹੀਆਂ ਹਨ।



ਡੇਰਾ ਦੇ ਪ੍ਰਮੁੱਖ ਸੇਵਾਦਾਰ ਸੰਤ ਸੰਤੋਖ ਦਾਸ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੰਤ ਕ੍ਰਿਪਾਲ ਦਾਸ ਦਾ ਅੰਤਿਮ ਸੰਸਕਾਰ 19 ਅਪ੍ਰੈਲ ਨੂੰ ਦੁਪਿਹਰ 1 ਵਜੇ ਡੇਰਾ ਸੱਚਖੰਡ ਸੰਤ ਮਾਹਨ ਦਾਸ ਜੀ ਗਣੇਸ਼ਪੁਰ ਭਾਰਟਾ ਵਿਖੇ ਕੀਤਾ ਜਾਵੇਗਾ।

## ਲਾਇਲਪੁਰ ਖ਼ਾਲਸਾ ਕਾਲਜ ਲੜਕੀਆਂ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ (ਇਕਬਾਲ ਸਿੰਘ ਉਭੀ)** ਲਾਇਲਪੁਰ ਖ਼ਾਲਸਾ ਕਾਲਜ ਲੜਕੀਆਂ ਦੇ ਫੈਸ਼ਨ ਡਿਜ਼ਾਈਨਿੰਗ ਪੀਜੀ ਵਿਭਾਗ ਦੇ ਵਿਦਿਆਰਥੀਆਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜਾ ਰਿਹਾ । ਨਤੀਜਿਆਂ ਵਿੱਚ ਐਮ.ਐਸ.ਸੀ. ਫੈਸ਼ਨ ਡਿਜ਼ਾਈਨਿੰਗ ਸਮੈਸਟਰ 3, ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਕੀਤਾ । ਹਰਮਨਜੀਤ ਕੌਰ ਨੇ ਯੂਨੀਵਰਸਿਟੀ ਵਿੱਚ ਦੂਜਾ ਸਥਾਨ, ਗਗਨਦੀਪ ਕੌਰ ਨੇ ਚੌਥਾ ਸਥਾਨ ਹਾਸਲ ਕੀਤਾ। ਮਹਿਕਜੋਤ ਕੌਰ 7 ਵੇਂ ਸਥਾਨ 'ਤੇ ਰਹੇ, ਪ੍ਰਭਜੋਤ ਕੌਰ ਨੇ 8 ਵਾਂ ਸਥਾਨ ਹਾਸਲ ਕੀਤਾ ਤੇ ਹਰਪ੍ਰੀਤ ਕੌਰ ਨੇ 13 ਵਾਂ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਏ ਨੇ ਸਾਰੀਆਂ ਪ੍ਰਾਪਤੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਵਧਾਈ ਦਿੱਤੀ। ਉਹਨਾਂ ਨੇ ਮਨਜੀਤ ਕੌਰ ਮੁਖੀ ਫੈਸ਼ਨ ਡਿਜ਼ਾਈਨਿੰਗ ਵਿਭਾਗ ਤੇ ਫੈਕਲਟੀ ਮੈਂਬਰਾਂ ਦੀ ਸ਼ਲਾਘਾ ਕੀਤੀ।

## ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਅੱਜ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਲੋਕ ਸੇਵਾ ਹਿੱਤ ਚਲਾਏ ਜਾ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ 42ਵੀ ਵਰ੍ਹੇਗੰਢ ਨੂੰ ਸਮਰਪਿਤ ਮੁਫ਼ਤ ਮੈਡੀਕਲ ਮੈਗਾ ਚੈੱਕਅੱਪ ਕੈਂਪ 17 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਲਗਾਇਆ ਜਾ ਰਿਹਾ ਹੈ।



ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਮੈਡੀਕਲ ਚੈੱਕਅੱਪ ਕੈਂਪ ਵਿਚ ਮੁਫ਼ਤ ਡਾਕਟਰੀ ਸਲਾਹ ਤੋਂ ਇਲਾਵਾ ਥਾਇਰਾਇਡ ਟੈਸਟ, ਐਚ ਬੀ ਏ 1ਸੀ ਤੇ ਨਾਰਮਲ ਸ਼ੂਗਰ ਟੈਸਟ, ਅੱਖਾਂ ਦੇ ਚਿੱਟਾ ਮੋਤੀਆ ਦੇ ਮੁਫਤ ਆਪਰੇਸ਼ਨ, ਯੂਰੋਫਲੋਮੈਟਰੀ ਟੈਸਟ, ਨਿਊਰੋਪੈਥੀ, ਸਪਾਈਰੋਮੈਟਰੀ ਟੈਸਟ, ਮੁਫਤ ਈ ਸੀ ਜੀ, ਬੀ ਐੱਮ ਡੀ ਟੈਸਟ, ਟੀ. ਬੀ. ਜਾਂਚ ਟੈਸਟ, ਬੱਚੇਦਾਨੀ ਦੀਆਂ ਰਸੌਲੀਆਂ ਤੇ ਲਕੋਰੀਆ ਦੀ ਮੁਫਤ ਜਾਂਚ, ਗਰਭਵਤੀ ਔਰਤਾਂ ਲਈ ਮੁਫ਼ਤ ਅਲਟਰਾਸਾਊਂਡ ਸਕੈਨ, ਔਰਤਾਂ ਵਿੱਚ ਛਾਤੀ ਦੀਆਂ ਗੰਢਾਂ ਦੀ ਮੁਫਤ ਜਾਂਚ, ਦੰਦਾਂ ਦੇ ਐਕਸਰੇ, ਖਰਾਬ ਦੰਦਾਂ ਨੂੰ ਕੱਢਣਾ ਅਤੇ ਬੱਚਿਆਂ ਦੇ ਟੇਢੇ ਮੇਢੇ ਦੰਦਾਂ ਦੀ ਜਾਂਚ ਆਦਿ ਵੀ ਫਰੀ ਹੋਵੇਗੀ। ਕੈਂਪ ਵਿਚ ਯੂਰੋਲੋਜੀ ਦੇ ਮਰੀਜ਼ ਲਈ ਅਲਟਰਾਸਾਊਂਡ ਤੇ 50% ਛੋਟ , ਦੰਦਾਂ ਦੀ ਸਫਾਈ ਅਤੇ ਫਿਲਿੰਗ ਤੇ 50 % ਛੋਟ, ਲੈਬ ਟੈਸਟਾਂ ਸੀ ਬੀ ਸੀ,ਐੱਲ ਐੱਫ ਟੀ, ਆਰ ਐੱਫ ਟੀ, ਲਿਪਿਡ ਪ੍ਰੋਫਾਈਲ, ਯੂਰਿਕ ਐਸਿਡ, ਟ੍ਰਿਪਲ ਮਾਰਕਰ, ਵਿਟਾਮਿਨ ਬੀ 12 ਅਤੇ ਡੀ ਅਤੇ ਕੈਂਸਰ ਟੈਸਟ ਤੇ ਐਕਸਰੇ 'ਤੇ 50 % ਛੋਟ ਦਿੱਤੀ ਜਾਵੇਗੀ। ਇਸ ਮੌਕੇ ਹੁਨਰਦੀਪ ਸਿੰਘ ਬਰਾੜ ਐਚ ਆਰ, ਡਾ. ਜਸਦੀਪ ਸਿੰਘ ਸੈਣੀ, ਡਾ. ਬਲਵਿੰਦਰ ਸਿੰਘ, ਡਾ. ਵਿਵੇਕ ਗੁੰਬਰ, ਡਾ. ਰਾਹੁਲ ਗੋਇਲ, ਡਾ. ਮਾਨਵਦੀਪ ਸਿੰਘ ਬੈਂਸ, ਡਾ. ਸ਼ਵੇਤਾ ਬਗੜਿਆ ਤੇ ਡਾ. ਜਗਜੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ ।

## ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਦਾ ਅਧਿਆਪਕ ਯੋਗਤਾ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ

**ਫਗਵਾੜਾ (ਡਾ. ਰਮਨ)**- ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਦੇ ਲਗਭਗ ਚਾਲੀ ਵਿਦਿਆਰਥੀਆਂ ਨੇ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ (ਪੀ ਐੱਸ ਟੀ ਈ ਟੀ) ਅਤੇ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ (ਸੀ ਟੀ ਈ ਟੀ) ਵਿੱਚ ਸਫ਼ਲਤਾਪੂਰਵਕ ਯੋਗਤਾ ਪ੍ਰਾਪਤ ਕੀਤੀ। ਇਹ ਕਾਲਜ ਲਈ ਇਕ ਸ਼ਾਨਦਾਰ ਪ੍ਰਾਪਤੀ ਹੈ।ਪੀ ਐੱਸ ਟੀ ਈ ਟੀ ਤੇ ਸੀ ਟੀ ਈ ਟੀ ਪ੍ਰੀਖਿਆ ਰਾਜ ਸਰਕਾਰ ਤੇ ਕੇਂਦਰ ਸਰਕਾਰ ਦੁਆਰਾ ਸਕੂਲਾਂ ਲਈ ਯੋਗ ਅਧਿਆਪਕਾਂ ਦੀ ਚੋਣ ਕਰਨ ਲਈ ਕਰਵਾਈ ਜਾਂਦੀ ਹੈ। ਪੰਜਾਬ ਰਾਜ ਵਿੱਚ ਅਧਿਆਪਕ ਬਣਨ ਦੇ ਚਾਹਵਾਨ ਵਿਅਕਤੀਆਂ ਲਈ ਇਹ ਟੈਸਟ ਪਾਸ ਕਰਨਾ ਬਹੁਤ ਜ਼ਰੂਰੀ ਹੈ। ਕਾਲਜ ਫੈਕਲਟੀ ਦੀ



ਅਗਵਾਈ ਅਤੇ ਸਹਿਯੋਗ ਹੇਠ ਬੀ ਐੱਡ ਵਿਦਿਆਰਥੀਆਂ ਇੰਦਰਪਾਲ, ਨਵਦੀਪ ਨਾਹਰ, ਪਵਿੱਤਰ ਕੁਮਾਰ, ਰਜਨੀ ਦੇਵੀ, ਰਜਨੀ, ਜੈ ਕੌਰ, ਸੰਜਨਾ, ਸੰਦੀਪ ਕੌਰ, ਮਨੀਸ਼ਾ ਰਾਣੀ, ਲਵਪ੍ਰੀਤ, ਰਣਦੀਪ ਕੌਰ, ਰਿਬਕਾ, ਮੋਨਿਕਾ ਰਾਣੀ, ਗੀਤਾਂਜਲੀ, ਸਵਿੱਤਰੀ, ਅੰਮ੍ਰਿਤਪਾਲ ਕੌਰ, ਖੁਸ਼ੀ, ਕੋਮਲ ਬਸਰਾ, ਸੁਖਮਨੀ ਕੌਰ ਕੰਬੋਜ, ਮੁਸਕਾਨ ਚੁੰਬਰ, ਸੀਆ, ਲਵਪ੍ਰੀਤ ਕੌਰ, ਹਿਮਾਨੀ, ਰਮਨਪ੍ਰੀਤ ਕੌਰ, ਜਗਜੀਤ ਕੌਰ, ਰਮੇਨਿਕਾ ਦਾਦਰਾ, ਰਜਿੰਦਰ ਕੌਰ ਅਤੇ ਨਿਧੀ ਨੇ ਪੀ ਐੱਸ ਟੀ ਈ ਟੀ ਪ੍ਰੀਖਿਆ ਪਾਸ ਕੀਤੀ। ਜਦੋਂ ਕਿ ਗੁਰਨਾਮ ਕੌਰ, ਗੁਰਲੀਨ ਚੰਦਰ, ਸੋਨੀਆ, ਰੁਪਿੰਦਰ ਕੌਰ, ਸ਼ਬਨਮ ਵਰਮਾ, ਰਾਧਿਕਾ, ਸੁਨੀਤਾ, ਲਖਵੀਰ ਕੌਰ, ਰਮਨਦੀਪ ਕੌਰ ਅਤੇ ਸਾਕਸ਼ੀ ਨੇ ਪੀ ਐੱਸ ਟੀ ਈ ਟੀ ਤੇ ਸੀ ਟੀ ਈ ਟੀ ਦੋਵੇਂ ਪ੍ਰੀਖਿਆਵਾਂ ਵਿੱਚ ਯੋਗਤਾ ਪ੍ਰਾਪਤ ਕੀਤੀ ਜੋ ਉਹਨਾਂ ਦੀ ਸਖ਼ਤ ਮਿਹਨਤ ਅਕਾਦਮਿਕ ਹੁਨਰ ਤੇ ਸਮਰਪਣ ਨੂੰ ਦਰਸਾਉਂਦੀ ਹੈ।

## ਸੀ ਬੀ ਐੱਸ ਈ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਦਾ ਦਸਵੀਂ ਦਾ ਨਤੀਜਾ ਬਾ-ਕਮਾਲ ਰਿਹਾ। ਪ੍ਰਿੰਸੀਪਲ ਸ਼੍ਰੀਮਤੀ ਜਸਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਸਵੀਂ ਜਮਾਤ ਵਿੱਚ ਅਰਸ਼ਪ੍ਰੀਤ ਕੌਰ ਨੇ 97.2% ਦਿਲਪ੍ਰੀਤ ਰਾਏ 96.4% ਅਤੇ ਦੀਯਾ ਚੌਧਰੀ ਨੇ 95.4 % ਅੰਕਾਂ ਨਾਲ ਕ੍ਰਮਵਾਰ ਪਹਿਲਾ,ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ।14 ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ ਹਾਸਿਲ ਕੀਤੇ।ਵਧੀਆ ਨਤੀਜੇ ਲਈ ਸਕੂਲ ਪ੍ਰਿੰਸੀਪਲ ਨੇ ਸਮੂਹ ਸਟਾਫ ਮੈਂਬਰਾਂ,ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਕੌਰ ਬੈਂਸ ਨੇ ਵੀ ਸਟਾਫ ਤੇ ਬੱਚਿਆਂ ਦੀ ਸਖਤ ਮਿਹਨਤ ਸਦਕਾ ਪ੍ਰਾਪਤ ਹੋਏ ਨਤੀਜਿਆਂ ਲਈ ਉਹਨਾਂ ਨੂੰ ਵਧਾਈ ਦਿੱਤੀ।

## ਦਸਵੀਂ ਦਾ ਨਤੀਜਾ ਰਿਹਾ 100 ਫੀਸਦੀ

**ਗੁਰਾਇਆ (ਬਿੰਦਰ ਸੁਮਨ)**- ਐੱਸ ਟੀ ਐੱਸ ਵਰਲਡ ਸਕੂਲ ਆਪਣੇ 10ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਸੀ ਬੀ ਐੱਸ ਈ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ 100 ਪ੍ਰਤੀਸ਼ਤ ਨਤੀਜਾ ਹਾਸਲ ਦਾ ਕੀਤਾ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ । ਇਹ ਨਤੀਜੇ ਸਕੂਲ ਦੀ ਵਿਦਿਅਕ ਉੱਤਮਤਾ, ਚਰਿੱਤਰ ਵਿਕਾਸ ਅਤੇ ਸੰਪੂਰਨ ਸਿੱਖਿਆ ਦੀ ਪੁਸ਼ਟੀ ਕਰਦੇ ਹਨ। ਇਸ ਅਕਾਦਮਿਕ ਸਾਲ ਵਿੱਚ, 25 ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਸਕੂਲ ਦੇ ਦ੍ਰਿੜਤਾ, ਮਿਹਨਤ ਅਤੇ ਬੌਧਿਕ ਵਿਕਾਸ ਦੇ ਮੁੱਖ ਮੁੱਲਾਂ ਦੀ ਉਦਾਹਰਣ ਦਿੰਦੇ ਹਨ। ਚਾਰਟ ਵਿੱਚ ਸਿਖਰ 'ਤੇ ਰਹਿੰਦਿਆਂ, ਗੁਰਵੀਨ ਕੌਰ ਕੂਨਰ ਨੇ ਅਸਾਧਾਰਨ 95.6% ਪ੍ਰਾਪਤ ਕੀਤੇ, ਉਸ ਤੋਂ ਬਾਅਦ ਰਾਜਦੀਪ ਕੌਰ (94.4%) ਅਤੇ ਅੰਮ੍ਰਿਤਲੀਨ ਕੌਰ (93.6%) ਹਨ। ਅਨੀਸ਼ਾ ਬੰਗੜ ਅਤੇ ਰੌਹਨਪ੍ਰੀਤ ਕੌਰ ਸਰਾਏ ਨੇ ਵੀ 92.4% ਹਰੇਕ ਨਾਲ ਪ੍ਰਸ਼ੰਸਾਯੋਗ ਪ੍ਰਭਾਵਿਤ ਕੀਤਾ। ਇਸ ਅਕਾਦਮਿਕ ਪ੍ਰਤਿਭਾ ਦੇ ਜਸ਼ਨ ਨੂੰ ਹੋਰ ਵੀ ਅਮੀਰ ਬਣਾਉਂਦੇ ਹੋਏ ਚੇਤਨਾ ਕੌਲ (92.2%), ਪਵਨਦੀਪ ਕੌਰ ਨਾਗਰਾ (91.6%), ਵਿਸ਼ਾਲੀ ਮਹੇ 91.2% ਅਤੇ ਅਮਨ



ਜੌਹਲ ਨੇ ਸ਼ਾਨਦਾਰ 91%, ਤਰਨਵੀਰ ਕੌਰ 90.8%, ਅਤੇ ਸਿਮਰਪ੍ਰੀਤ ਕੌਰ ਧਾਲੀਵਾਲ 90.2% ਅੰਕ ਪ੍ਰਾਪਤ ਕੀਤੇ ਹਨ, ਜੋ ਉਨ੍ਹਾਂ ਦੀ ਇਮਾਨਦਾਰੀ ਨੂੰ ਉਜਾਗਰ ਕਰਦੇ ਹਨ। ਹੋਰ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲਿਆਂ ਵਿੱਚ ਜਸਪ੍ਰੀਤ ਕੌਰ (89.8%), ਇਸ਼ਪ੍ਰੀਤ ਕੌਰ (89.6%), ਰੂਹਾਨੀ ਕਾਲਰਾ (89.4%), ਅਵਨੀਤ ਕੌਰ (88.6%), ਪਲਕਸ਼ੀ ਜਾਖੂ (88.2%), ਅਰਸ਼ਪ੍ਰੀਤ ਕੌਰ (87.6%), ਅਰਪਿਤਾ (87%), ਰਾਜਦੀਪ ਕੌਰ (87.4%), ਸੁਖਮਨਪ੍ਰੀਤ ਕੌਰ (87.2%), ਸਹਿਜਪ੍ਰੀਤ ਕੌਰ (86.8%), ਰੀਆ ਔਜਲਾ (86.8%) ਲਗਾਤਾਰ ਉੱਚੇ ਪ੍ਰਦਰਸ਼ਨ ਕਰਨ ਵਾਲੇ ਜਿਵੇਂ ਕਿ ਅਰਜੁਨ ਸਿੰਘ (86.4%), ਹਰਮਨ ਕੌਰ (85.4%), ਸੁਖਰਾਜ ਸੋਮਲ (85.2%), ਬਲਕਰਨ ਸਿੰਘ 84.6%, ਅਮਾਨਤ ਲਾਖਾ 84%, ਨੀਰਾ ਸ਼ਰਮਾ (84.6%) ਹਰਜੋਤ ਕੌਰ (83.4%), ਅੰਜਨਾ ਰੱਤੂ (83%), ਮਨਰੂਪ ਕੌਰ ਧਾਲੀਵਾਲ (82.8%) ਅਤੇ ਮੋਹਿਤ ਕੌਲ (81.8%) ਨੇ ਵੀ ਸਕੂਲ ਦੀ ਅਕਾਦਮਿਕ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ। ਚੇਅਰਪਰਸਨ ਸ਼੍ਰੀਮਤੀ ਮਾਲਤੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਕੌਰ ਗਿੱਲ ਨੇ ਦਿਲੋਂ ਵਧਾਈਆਂ ਦਿੰਦੇ ਹੋਏ ਕਿਹਾ, ਇਹ ਨਤੀਜੇ ਸਾਡੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ, ਮਾਪਿਆਂ ਦੇ ਅਟੁੱਟ ਸਮਰਥਨ ਅਤੇ ਸਾਡੇ ਫੈਕਲਟੀ ਦੇ ਮਾਰਗਦਰਸ਼ਨ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਬਿੰਬ ਹਨ।

## ਪਲੇਸਮੈਂਟ ਕੈਂਪ ਅੱਜ

**ਮੁਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ 17 ਅਪ੍ਰੈਲ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਯੂਨੀਵਰਸਲ ਗਰੁੱਪ ਆਫ ਇੰਸਟੀਟਿਊਸ਼ਨ, ਚੰਡੀਗੜ੍ਹ-ਅੰਬਾਲਾ ਹਾਈਵੇਅ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਦਾ ਸਮਾਂ ਸਵੇਰ 10:00 ਵਜੇ ਤੋਂ ਦੁਪਿਹਰ 02.00 ਵਜੇ ਤੱਕ ਹੋਵੇਗਾ। ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਅਪੋਲੋ ਫਾਰਮੇਸੀ, ਸ਼ੋਰੀ ਈ ਸਲਿਊਸ਼ਨ, ਐਲੇਨਾ ਆਟੋਜ਼, ਮੁਰਾਰੀ ਸਰਵਿਸਿਜ਼, ਅਲਾਬਾਊਟਰ, ਕਰਸਰਜ਼, ਅਲਾਇੰਸ ਜੌਬਸ, ਪ੍ਰੂਮਾ, ਮੇਹਰ ਹਸਪਤਾਲ, ਨੀਲਮ ਹਸਪਤਾਲ, ਐਨਸੂਸਾਫਟ, ਕੋਗਨੀਮੈਥ, ਸਟੈਲਰ ਡੇਟਾ ਸਲਿਊਸ਼ਨ, ਸ਼੍ਰੀ ਸੀਮੈਂਟ, ਟੈਕ ਕੈਡ, ਐਸਟਰੀਟ, ਨੀਟ ਲਿਮਟਿਡ, ਜੇ ਸੀ ਬੀ ਐਲ, ਟਾਰਕ ਫਾਰਮਾ ਲਈ 10ਵੀ, 12ਵੀ, ਗਰੈਜੂਏਸ਼ਨ, ਬੀ.ਕਾਮ, ਆਈ ਟੀ ਆਈ ਬੀ ਬੀ ਏ, ਐੱਮ ਬੀ ਏ, ਬੀ ਐੱਸ ਸੀ ਨਰਸਿੰਗ, ਬੀ ਫਾਰਮਾ, ਡੀ.ਫਾਰਮਾ ਆਦਿ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ।

### ਜਨਮ ਦਿਨ ਮੁਬਾਰਕ


ਅਰਪਨ ਪ੍ਰੀਤ ਕੌਰ ਗੁੱਜਰਪੁਰਾ


ਗੁਰਪ੍ਰੀਤ ਸਿੰਘ


ਸ੍ਰਿਸ਼ਟੀ, ਗੁਰਦਾਸਪੁਰ

# ਕੋਠੀ 'ਚ ਚੱਲ ਰਹੇ ਦੇਹ ਵਪਾਰ ਦਾ ਪਰਦਾ ਫਾਸ਼

## ਮਾਲਕ ਸਮੇਤ 14 ਲੜਕੀਆਂ ਤੇ 7 ਨੌਜਵਾਨ ਕਾਬੂ

**ਮੋਗਾ (ਇਕਬਾਲ ਸਿੰਘ ਖਹਿਰਾ)**- ਮੋਗਾ ਪੁਲਸ ਵੱਲੋਂ ਦੇਹ ਵਪਾਰ ਦਾ ਧੰਦਾ ਕਰਨ ਵਾਲਿਆਂ ਖ਼ਿਲਾਫ਼ ਪੁਲਸ ਵੱਲੋਂ ਕੌਂਸਲਰ ਦੀ ਮਾਲਕੀ ਵਾਲੀ ਕੋਠੀ ਤੇ ਥਾਣਾ ਮਹਿਣਾ ਪੁਲਸ ਨੇ ਅੰਮ੍ਰਿਤਸਰ ਰੋਡ 'ਤੇ ਸਥਿਤ ਇਕ ਕੋਠੀ ਵਿਚ ਚੱਲ ਰਹੇ ਦੇਹ ਵਪਾਰ ਦਾ ਪਰਦਾਫਾਸ਼ ਕਰਦੇ ਹੋਏ ਕੋਠੀ ਦੇ ਮਾਲਕ ਦੱਸੇ ਜਾ ਰਹੇ ਕੌਂਸਲਰ ਸਮੇਤ 7 ਨੌਜਵਾਨਾਂ ਅਤੇ 14 ਲੜਕੀਆਂ ਨੂੰ ਹਿਰਾਸਤ ਵਿਚ ਲੈ ਲਿਆ।ਇਨ੍ਹਾਂ ਵਿੱਚੋਂ ਇਕ-ਦੋ ਲੜਕੀਆਂ ਨਾਬਾਲਗ ਹਨ। ਖੁਲਾਸਾ ਕਰਦੇ ਹੋਏ ਡੀ. ਐੱਸ. ਪੀ. ਧਰਮਕੋਟ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਮਹਿਣਾ ਦੇ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਨੂੰ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਸੀ ਕਿ ਮੋਗਾ-ਅੰਮ੍ਰਿਤਸਰ ਰੋਡ 'ਤੇ ਡੈਮੇਜ਼ੋਨ ਹੋਟਲ, ਜੋ ਕਿ ਇਕ ਕੋਠੀ ਵਿੱਚ ਬਣਿਆ ਹੋਇਆ ਹੈ ਅਤੇ ਜਿਸਦਾ ਮਾਲਕ ਕੌਂਸਲਰ ਜਗਜੀਤ ਸਿੰਘ ਦੱਸਿਆ ਜਾ ਰਿਹਾ ਹੈ, ਦਾ ਸੰਚਾਲਨ ਲਖਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਨਿਵਾਸੀ ਰਾਮੂੰਵਾਲਾ ਕਲਾਂ ਕਰ ਰਹੇ ਸਨ।ਥਾਣਾ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਨੂੰ ਦੇਹ ਵਪਾਰ ਦੇ ਧੰਦੇ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਤੁਰੰਤ ਪੁਲਸ ਪਾਰਟੀ ਸਮੇਤ ਮੌਕੇ 'ਤੇ ਛਾਪੇਮਾਰੀ ਕੀਤੀ ਅਤੇ 14 ਲੜਕੀਆਂ ਅਤੇ 7 ਮਰਦਾਂ ਨੂੰ ਹਿਰਾਸਤ ਵਿਚ ਲਿਆ ਗਿਆ।ਉਨ੍ਹਾਂ ਕਿਹਾ ਕਿ ਸਾਰੇ ਲੋਕਾਂ ਦਾ ਮੈਡੀਕਲ ਚੈਕਅਪ ਕਰਵਾਇਆ ਜਾਵੇਗਾ ਅਤੇ ਲੜਕੀਆਂ ਨੂੰ ਨਾਰੀ ਨਿਕੇਤਨ ਭੇਜਿਆ ਜਾਵੇਗਾ।ਥਾਣਾ ਮੁੱਖੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਕੋਠੀ ਵਿਚ ਪਿਛਲੇ ਤਿੰਨ ਮਹੀਨਿਆਂ ਤੋਂ ਇਹ ਦੇਹ ਵਪਾਰ ਚੱਲ ਰਿਹਾ ਸੀ। ਕਾਬੂ ਕੀਤੀਆਂ ਲੜਕੀਆਂ ਵਿੱਚ ਜਲੰਧਰ ਅਤੇ ਲੁਧਿਆਣਾ ਦੀਆਂ ਲੜਕੀਆਂ ਵੀ ਸ਼ਾਮਲ ਹਨ। ਸਾਰੇ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।



# ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਿਹਾੜਾ ਮਨਾਇਆ

**ਝਬਾਲ (ਮੱਖਣ ਮਨੋਜ)**- ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਸੰਪਰਦਾਇ ਵੱਲੋਂ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਪਾਵਨ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਨੇ ਦੱਸਿਆ ਕਿ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਰਾਗੀ ਜਥਿਆਂ ਵੱਲੋਂ ਕੀਰਤਨ ਦਰਬਾਰ ਸਜਾਇਆ ਗਿਆ ਅਤੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਕਥਾਵਾਚਕ ਤੇ ਅਮਰ ਖਾਲਸਾ ਕਵੀਸ਼ਰ ਜਥਾ ਬੀਬੀ ਸਰਬਜੀਤ ਕੌਰ ਬੀਬੀ ਹਰਪ੍ਰੀਤ ਕੌਰ ਬੀਬੀ ਤਨੂਪ੍ਰੀਤ ਕੌਰ ਨੇ ਖਾਲਸਾ ਪੰਥ ਦੀ ਸਾਜਨਾ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸੰਗਤ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।ਗੁਰਦੁਆਰਾ ਸਾਹਿਬ ਦਾ ਮਾਹੌਲ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜਦਾ ਰਿਹਾ। ਜਥੇਦਾਰ ਬਾਬਾ ਭੋਲਾ ਸਿੰਘ ਨੇ ਸੰਗਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਾਨੂੰ ਆਪਣੀ ਧਾਰਮਿਕ ਵਿਰਾਸਤ ਨਾਲ ਜੋੜਦੇ ਹਨ ਇਸ ਮੌਕੇ ਬਹਾਲ ਸਿੰਘ ਗੱਗੋਬੂਆ, ਰਜਵੰਤ ਸਿੰਘ ਜੱਜ ਕਸੇਲ, ਗੁਰਨਾਮ ਸਿੰਘ ਚੜ੍ਹਦੀ ਕਲਾ, ਭਾਈ ਕਸ਼ਮੀਰ ਸਿੰਘ ਬਘਿਆੜੀ, ਕਾਲਜ ਸੁਪਰਡੈਂਟ ਤੇਜਿੰਦਰ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।



# ਜੀ ਟੀ ਬੀ ਇੰਟਰਨੈਸ਼ਨਲ ਸਕੂਲ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਪ੍ਰੋਗਰਾਮ ਕਰਵਾਇਆ

**ਧਾਰੀਵਾਲ (ਮਨਦੀਪ ਵਿੱਕੀ)**- ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ (ਧਾਰੀਵਾਲ) ਵਿਖੇ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ। ਇਸ ਮੌਕੇ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਅਤੇ ਡਾਇਰੈਕਟਰ ਪ੍ਰਿਤਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਬਦ ਗਾਇਨ ਅਤੇ ਕਵਿਤਾਵਾਂ ਪੇਸ਼ ਕਰਕੇ ਸਾਰੇ ਵਾਤਾਵਰਣ ਨੂੰ ਗੁਰੂ ਚਰਨਾਂ ਨਾਲ ਜੋੜ ਦਿੱਤਾ। ਬੱਚਿਆਂ ਨੇ ਪੰਜਾਬੀ ਵਿਰਸੇ ਨਾਲ ਸਬੰਧਤ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਆਪਣੀ ਕਲਾ ਦੇ ਜੌਹਰ ਦਿਖਾਏ। ਉਪਰੰਤ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਭਾਸ਼ਣਾਂ ਰਾਹੀਂ 1699 ਦੀ ਵਿਸਾਖੀ ਅਤੇ ਖਾਲਸਾ ਪੰਥ ਦੀ ਸਿਰਜਣਾ ਦੇ ਇਤਿਹਾਸਕ ਮਹੱਤਵ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਅੱਠਵੀਂ ਕਲਾਸ ਦੀ ਵਿਦਿਆਰਥਣ ਰੋਜਦੀਪ ਕੌਰ ਨੇ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਦੱਸਦੇ ਹੋਏ ਇਤਿਹਾਸ ਤੋਂ ਜਾਣੂ ਕਰਵਾਇਆ। ਛੇਵੀਂ ਅਤੇ ਸੱਤਵੀਂ ਕਲਾਸ ਦੇ ਵਿਦਿਆਰਥੀਆਂ ਨੇ ਕਵੀਸ਼ਰੀ ਗਾਇਨ ਕੀਤਾ। ਪਹਿਲੀ ਕਲਾਸ ਦੇ ਵਿਦਿਆਰਥੀਆਂ ਨੇ ਗਿੱਧਾ ਤੇ ਭੰਗੜਾ ਪਾਇਆ ਤੇ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਨੇ ਜਲ੍ਹਿਆਂਵਾਲੇ ਬਾਗ਼ ਵਿੱਚ ਹੋਏ ਕਾਂਡ 'ਤੇ ਕੋਰੀਓਗਰਾਫੀ ਕੀਤੀ । ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਅਤੇ ਡਾਇਰੈਕਟਰ ਪ੍ਰਿਤਪਾਲ ਸਿੰਘ ਨੇ ਬੱਚਿਆਂ ਨੂੰ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਗੌਰਵਮਈ ਇਤਿਹਾਸ ਅਤੇ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਪ੍ਰਿੰਸੀਪਲ ਸੈਮੂਅਲ ਦਾਸ ਨੇ ਬੱਚਿਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ । ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



# ਭਿਖੀਵਿੰਡ ਖਰੀਦ ਕੇਂਦਰ ਵਿਖੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਹਲਕਾ ਖੇਮਕਰਨ ਦੇ ਖਰੀਦ ਕੇਂਦਰ ਭਿਖੀਵਿੰਡ ਵਿਖੇ ਕਣਕ ਦੀ ਸਰਕਾਰੀ ਖਰੀਦ ਦਾ ਰਸਮੀ ਤੌਰ 'ਤੇ ਆਗਾਜ਼ ਕੀਤਾ ਗਿਆ। ਗੁਰਦੇਵ ਸਿੰਘ ਲਾਖਣਾ, ਚੇਅਰਮੈਨ ਪੰਜਾਬ ਰਾਜ ਗੁਦਾਮ ਨਿਗਮ ਅਤੇ ਸੂਬਾ ਸਕੱਤਰ, ਆਮ ਆਦਮੀ ਪਾਰਟੀ ਪੰਜਾਬ, ਵੱਲੋਂ ਏਜੰਸੀ ਦੀ ਕਣਕ ਦੀ ਖਰੀਦ ਸ਼ੁਰੂ ਕਰਵਾਈ ਗਈ।ਇਸ ਮੌਕੇ ਚੇਅਰਮੈਨ ਪਲੈਨਿੰਗ ਬੋਰਡ ਗੁਰਵਿੰਦਰ ਸਿੰਘ ਬਹਿੜਵਾਲ ਅਤੇ ਚੇਅਰਮੈਨ ਮਾਰਕੀਟ ਕਮੇਟੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਆਗੂਆਂ ਨੇ ਮੰਡੀ ਵਿੱਚ ਕਣਕ ਦੀ ਖਰੀਦ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦੀ ਨਿਰਵਿਘਨ ਖਰੀਦ ਲਈ ਸਾਰੇ ਪੁਖਤਾ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਸੀਜ਼ਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਕਣਕ ਦਾ ਇੱਕ-ਇੱਕ ਦਾਣਾ ਸਰਕਾਰੀ ਭਾਅ 'ਤੇ ਖਰੀਦਿਆ ਜਾਵੇਗਾ।

# ਵਿਸਾਖੀ ਦੇ ਤਿਉਹਾਰ 'ਤੇ ਰਾਸ਼ਟਰੀ ਤ੍ਰੈ-ਭਾਸ਼ਾਈ ਯਾਦਗਾਰੀ ਮੁਸ਼ਾਇਰਾ

**ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)**- ਵਿਸ਼ਵ ਵਿਰਾਸਤੀ ਅਕਾਦਮੀ (ਯੂ.ਐੱਸ.ਏ., ਕਨੇਡਾ, ਆਸਟਰੇਲੀਆ, ਭਾਰਤ, ਦੁਬਈ, ਜਰਮਨ, ਯੂ.ਕੇ.) ਦੇ ਚੇਅਰਮੈਨ ਡਾ. ਪਰਮਜੀਤ ਸਿੰਘ ਕਲਸੀ ਨੈਸ਼ਨਲ ਐਵਾਰਡੀ ਵੱਲੋਂ ਵਿਸ਼ਵ ਪੰਜਾਬੀ ਸਭਾ ਕਨੇਡਾ (ਰਜਿ.) ਦੀ ਭਾਰਤ ਇਕਾਈ ਦੇ ਪ੍ਰਧਾਨ ਸਤਬੀਰ ਸਿੰਘ ਸਮਾਜ ਸੇਵੀ ਅਤੇ ਅੰਤਰਰਾਸ਼ਟਰੀ ਸਭਿਆਚਾਰਕ ਮੰਚ ਦੇ ਕੌਮੀ ਪ੍ਰਧਾਨ ਬਲਵਿੰਦਰ ਕੌਰ ਪੰਡੋਰੀ ਦੇ ਸਹਿਯੋਗ ਨਾਲ ਅਮੀਰਾ ਫ਼ਾਰਮ, ਏਅਰਪੋਰਟ ਰੋਡ, ਅੰਮ੍ਰਿਤਸਰ ਵਿਖੇ ਵਿਸਾਖੀ ਦੇ ਤਿਉਹਾਰ 'ਤੇ ਰਾਸ਼ਟਰੀ ਪੱਧਰ ਦਾ ਤ੍ਰੈ-ਭਾਸ਼ਾਈ (ਪੰਜਾਬੀ, ਹਿੰਦੀ, ਉਰਦੂ) ਮੁਸ਼ਾਇਰਾ ਕਰਵਾ ਕੇ ਕਵੀਆਂ ਦਾ ਮੇਲਾ ਲਗਾਇਆ ਗਿਆ, ਜਿਸ ਵਿੱਚ ਪੂਰੇ ਭਾਰਤ ਵਿੱਚੋਂ ਸੌ ਤੋਂ ਵੱਧ ਕਵੀਆਂ ਨੇ ਭਾਗ ਲਿਆ। ਇਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਯੂਥ ਸੇਵਾਵਾਂ ਵਿਭਾਗ ਦੇ ਡਾਇਰੈਕਟਰ ਡਾ. ਅਮਨਦੀਪ ਸਿੰਘ ਤੇ ਸ਼੍ਰੋਮਣੀ ਪੰਜਾਬੀ ਕਵੀ ਡਾ. ਰਵਿੰਦਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂ ਕਿ ਡਾਕਟਰ ਕੁਲਬੀਰ ਸਿੰਘ ਸੂਰੀ, ਸਮਾਜ ਸੇਵੀ ਸਤਬੀਰ ਸਿੰਘ, ਮੈਨੇਜਰ ਅਤਰ ਸਿੰਘ ਗ਼ਜ਼ਲਗੋ, ਡਾ. ਸਰਵਣ ਸਿੰਘ ਵਿਦਵਾਨ ਆਲੋਚਕ, ਕਹਾਣੀਕਾਰ ਦੇਵਿੰਦਰ ਦੀਦਾਰ, ਫ਼ਿਲਮੀ ਅਦਾਕਾਰ ਅਰਵਿੰਦਰ ਭੱਟੀ, ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਸ਼ਾਇਰ ਹਰਪਾਲ ਸਿੰਘ ਸੰਧਾਵਾਲੀਆ ਸਟੇਟ ਐਵਾਰਡੀ, ਸਮਾਜ ਸੇਵੀ ਰਜਿੰਦਰ ਸ਼ਰਮਾ ਤੇ ਮਹਿਕਪ੍ਰੀਤ ਸਿੰਘ ਜਨਰਲ ਸਕੱਤਰ ਅੰਤਰਰਾਸ਼ਟਰੀ ਸੱਭਿਆਚਾਰਕ ਮੰਚ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਜ਼ਿਲ੍ਹਾ ਭਾਸ਼ਾ ਅਫ਼ਸਰ (ਸਾ.) ਗੁਰਦਾਸਪੁਰ ਤੇ ਅੰਮ੍ਰਿਤਸਰ ਡਾ. ਪਰਮਜੀਤ ਸਿੰਘ ਕਲਸੀ ਨੈਸ਼ਨਲ ਐਵਾਰਡੀ ਨੇ ਇਸ ਰਾਸ਼ਟਰੀ ਮੁਸ਼ਾਇਰੇ ਦੀ ਪ੍ਰਧਾਨਗੀ ਅਤੇ ਸਰਪ੍ਰਸਤੀ ਕੀਤੀ। ਕੌਮੀ ਪ੍ਰਧਾਨ ਸਤਬੀਰ ਸਿੰਘ ਨੇ ਆਏ ਸ਼ਾਇਰਾਂ ਤੇ ਵਿਦਵਾਨ ਹਸਤੀਆਂ ਨੂੰ ਜੀ ਆਇਆਂ ਕਿਹਾ, ਜਦੋਂ ਕਿ ਡਾਕਟਰ ਕਲਸੀ ਨੇ ਸਮਾਰੋਹ ਰੂਪ-ਰੇਖਾ ਤੋਂ ਵਾਕਫ਼ ਕਰਵਾ ਕੇ ਸਮਾਰੋਹ ਦਾ ਰਸਮੀ ਅਗ਼ਾਜ਼ ਕੀਤਾ। ਸ਼ੁਰੂਆਤ ਵਿੱਚ ਗੁਰਜੈਪਾਲ ਸਿੰਘ ਐੱਸ. ਡੀ. ਓ. ਦੀ ਸ਼ਾਇਰੀ ਦੀ ਪਲੇਠੀ ਪੁਸਤਕ ਗੀਤ ਦੀ ਮੌਤ ਅਤੇ ਡਾਕਟਰ ਗੁਰਚਰਨ ਗਾਂਧੀ ਦੀ ਪਤ੍ਰਿਕਾ ਸੂਹੀ ਸਵੇਰ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਤੇ ਪ੍ਰਧਾਨਗੀ ਮੰਡਲ ਵੱਲੋਂ ਲੋਕ-ਅਰਪਣ ਕੀਤੇ ਗਏ। ਉਪਰੰਤ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਵਡਮੁੱਲੀਆਂ ਉਪਲਬਧੀਆਂ ਕਾਰਨ ਨਾਮੀ ਸ਼ਾਇਰ ਦੇਵਿੰਦਰ ਸੈਫ਼ੀ ਨੂੰ ਪੰਜਾਬੀ ਕਵਿਤਾ ਰਤਨ ਪੁਰਸਕਾਰ ਸਨਮਾਨ ਸਹਿਤ ਪ੍ਰਦਾਨ ਕੀਤਾ ਗਿਆ, ਜਦੋਂ ਕਿ ਡਾਕਟਰ ਆਂਚਲ ਅਰੋੜਾ (ਸਹਾਇਕ ਪ੍ਰੋਫੈਸਰ, ਕਾਮਰਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੂੰ ਰਤਨ-ਏ-ਪੰਜਾਬ (ਵਿਰਾਸਤੀ) ਪੁਰਸਕਾਰ ਅਤੇ ਉੱਘੇ ਵਿਦਵਾਨ ਆਲੋਚਕ ਡਾਕਟਰ ਗੁਰਵੰਤ ਸਿੰਘ ਨੂੰ ਪੰਜਾਬੀ ਆਲੋਚਨਾ ਰਤਨ ਪੁਰਸਕਾਰ ਪ੍ਰਦਾਨ ਕੀਤਾ ਗਿਆ। ਹਾਜ਼ਰ ਕਵੀਆਂ ਵਿੱਚੋਂ ਗ਼ਜ਼ਲਗੋ ਕਮਲਜੀਤ ਸਿੰਘ ਕਮਲ, ਪ੍ਰਿੰ. ਅਵਤਾਰ ਸਿੰਘ ਸਿੱਧੂ, ਡਾਕਟਰ ਗੁਰਚਰਨ ਗਾਂਧੀ, ਜਸਬੀਰ ਸਿੰਘ ਝਬਾਲ, ਗ਼ਜ਼ਲਗੋ ਮੈਨੇਜਰ ਅਤਰ ਸਿੰਘ, ਡਾਕਟਰ ਸਰਵਣ ਸਿੰਘ, ਕਰਨੈਲ ਸਿੰਘ ਅਸਪਾਲ (ਹਰਿਆਣਾ), ਡਾਕਟਰ ਰੂਬੀ ਆਰਾ (ਜੇ.ਕੇ.), ਰਾਮ ਸਿੰਘ (ਹਿਮਾਚਲ), ਦੇਵਿੰਦਰ ਸੈਫ਼ੀ (ਫਰੀਦਕੋਟ), ਡਾਕਟਰ ਗੁਰਕਿਰਪਾਲ ਸਿੰਘ ਕਾਹਲੋਂ, ਦੁੱਗਲ ਗੁਲਾਟੀ (ਦਿੱਲੀ), ਹਰਪਾਲ ਸਿੰਘ ਸੰਧਾਵਾਲੀਆ ਸਟੇਟ ਐਵਾਰਡੀ (ਤਰਨਤਾਰਨ), ਐੱਸ. ਪ੍ਰਸ਼ੋਤਮ ਸਿੰਘ (ਅੰਮ੍ਰਿਤਸਰ), ਦੁੱਖਭੰਜਨ (ਪੁਰਤਗਾਲ), ਹਰਜੀਤ ਕੌਰ ਬੰਮਰਾਹ (ਕਨੇਡਾ), ਰਮੇਸ਼ ਜਾਨੂੰ, ਡਾਕਟਰ ਜਸਵਿੰਦਰ ਕੌਰ, ਡਾਕਟਰ ਰਮਨਦੀਪ ਸਿੰਘ ਦੀਪ (ਗੁਰਦਾਸਪੁਰ), ਡਾਕਟਰ ਸ਼ੈਲੀ ਬਲਜੀਤ (ਪਠਾਨਕੋਟ), ਅਸ਼ੋਕ ਹਸਤੀਰ ਉਰਦੂ ਗ਼ਜ਼ਲਗੋ, ਰਾਜਬੀਰ ਕੌਰ ਗਰੇਵਾਲ, ਹਰਪ੍ਰੀਤ ਕੌਰ ਮੀਤ, ਧਰਮਿੰਦਰ ਔਲਖ, ਮੱਖਣ ਭੈਣੀਵਾਲਾ, ਅਸ਼ੋਕ ਭਗਤ, ਭੁਪਿੰਦਰ ਸਿੰਘ, ਸਤਿੰਦਰ ਸਿੰਘ ਓਠੀ, ਜਸਵੰਤ ਧਾਪ, ਪੰਥਕ ਕਵੀ ਕੁਲਦੀਪ ਸਿੰਘ ਦਰਾਜਕੇ, ਜੋਤੀ ਭਗਤ, ਵਿਜੇ ਅਗਨੀਹੋਤਰੀ, ਸੁੱਚਾ ਸਿੰਘ ਕਾਮਰੇਡ, ਡਾ. ਰੀਵਾ ਦਰਿਆ, ਡਾ. ਪ੍ਰਭਜੋਤ ਕੌਰ, ਭੁਪਿੰਦਰ ਸਿੰਘ ਸੰਧੂ, ਗੁਰਜੈਪਾਲ ਸਿੰਘ ਬਟਾਲਵੀ, ਡਾਕਟਰ ਜਸਵਿੰਦਰ ਕੌਰ, ਜਤਿੰਦਰ ਗਰੋਵਰ, ਡਾਕਟਰ ਆਤਮਾ ਸਿੰਘ ਗਿੱਲ, ਕੰਵਲਜੀਤ ਕੌਰ, ਗੁਰਜੀਤ ਕੌਰ ਅਜਨਾਲਾ,ਕੁਲਦੀਪ ਸਿੰਘ ਕਾਂਘੜਾ, ਬੂਟਾ ਰਾਮ ਆਜ਼ਾਦ, ਡਾ. ਪੁਰਨਿਮਾ ਰਾਏ, ਸੂਫ਼ੀ ਗਾਇਕਾ ਰਾਜ ਜੰਨਤ, ਪੰਜਾਬੀ ਗਾਇਕ ਅੰਜਲਾ ਬਦਰਜ਼, ਬਾਬਾ ਬੀਰਾ, ਪ੍ਰਿੰ. ਸੁਖਬੀਰ ਸਿੰਘ, ਬਖਸ਼ਿਸ਼ ਬੀਸਾ ਫ਼ਿਰੋਜ਼ਪੁਰ, ਬਲਜੀਤ ਕੌਰ, ਸੁਖਰਾਜ ਕੌਰ, ਅਮਨਦੀਪ ਕੌਰ, ਨਵਦੀਪ ਕੌਰ ਆਦਿ ਸੈਂਕੜੇ ਸ਼ਾਇਰਾਂ ਨੇ ਸ਼ਿੱਦਤ ਨਾਲ ਭਾਗ ਲਿਆ। ਮੌਕੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨਾਂ, ਵਿਸ਼ੇਸ਼ ਮਹਿਮਾਨਾਂ, ਪ੍ਰਧਾਨਗੀ ਮੰਡਲ, ਪ੍ਰਬੁੱਧ ਸ਼ਾਇਰਾਂ ਨੂੰ ਸਨਮਾਨ ਲਈ, ਸਨਮਾਨ-ਚਿੰਨ੍ਹ ਅਤੇ ਪ੍ਰਸੰਸਾ ਪੱਤਰਾਂ/ਭਾਗੀਦਾਰੀ ਪੱਤਰਾਂ ਨਾਲ ਸਨਮਾਨਿਤ ਕਰਕੇ ਉਹਨਾਂ ਨੂੰ ਹੋਰ ਉਸਾਰੂ ਸਾਹਿਤਕ ਕਾਰਜਾਂ ਲਈ ਪ੍ਰੇਰਿਤ ਕੀਤਾ।



# ਮਾਸੂਮ ਸ਼ਰਮਾ ਦੀ ਫ਼ਿਲਮ 'ਲਾਇਸੈਂਸ' ਦਾ ਦੂਜਾ ਗੀਤ 'ਲਾਇਸੈਂਸ ਕਾ ਅਸਲਾ' ਰਿਲੀਜ਼

**ਚੰਡੀਗੜ੍ਹ** : ਹਰਿਆਣਵੀ ਸੁਪਰਸਟਾਰ ਮਾਸੂਮ ਸ਼ਰਮਾ ਦੀ ਬਹੁਚਰਚਿਤ ਫ਼ਿਲਮ 'ਲਾਇਸੈਂਸ' ਦਾ ਦੂਜਾ ਗੀਤ 'ਲਾਇਸੈਂਸ ਕਾ ਅਸਲਾ' ਰਿਲੀਜ਼ ਹੋਣ ਨਾਲ ਹੀ ਦਰਸ਼ਕਾਂ ਵਿਚ ਖੂਬ ਪ੍ਰਸਿੱਧੀ ਹਾਸਲ ਕਰ ਰਿਹਾ ਹੈ। ਪਹਿਲਾਂ ਜਾਰੀ ਹੋਏ ਗੀਤ 'ਗੱਚ ਲਾਗੇ' ਨੂੰ ਮਿਲੇ ਸ਼ਾਨਦਾਰ ਹੁੰਗਾਰੇ ਤੋਂ ਬਾਅਦ ਇਹ ਨਵਾਂ ਟਰੈਕ ਫ਼ਿਲਮ ਦੇ ਆਲੇ-ਦੁਆਲੇ ਬਣੇ ਉਤਸ਼ਾਹ ਨੂੰ ਹੋਰ ਵਧਾ ਰਿਹਾ ਹੈ। 'ਲਾਇਸੈਂਸ ਕਾ ਅਸਲਾ' ਮਾਸੂਮ ਸ਼ਰਮਾ ਦੇ ਸਿਗਨੇਚਰ ਸਟਾਈਲ ਨੂੰ ਦਰਸਾਉਂਦਾ ਹੈ, ਜਿਸ ਵਿੱਚ ਤਾਕਤਵਰ ਬੀਟਾਂ ਅਤੇ ਬੋਲਡ ਹਰਿਆਣਵੀ ਬੋਲਾਂ ਦਾ ਸੁੰਦਰ ਮਿਲਾਪ ਹੈ। ਗੀਤ ਨੂੰ ਮਾਸੂਮ ਸ਼ਰਮਾ ਨੇ ਖੁਦ ਗਾਇਆ ਅਤੇ ਕੰਪੋਜ਼ ਕੀਤਾ ਹੈ, ਜਦਕਿ ਬੋਲ ਅਮਰ ਕਰਨਵਾਲ ਨੇ ਲਿਖੇ ਹਨ ਅਤੇ ਸੰਗੀਤ ਪਿੰਨਾ ਮਿਊਜ਼ਿਕ ਨੇ ਤਿਆਰ ਕੀਤਾ ਹੈ। ਰੰਜੀਤ ਚੌਹਾਨ ਵੱਲੋਂ ਨਿਰਦੇਸ਼ਿਤ ਅਤੇ ਸ਼ਕੁੰਤਲਮ ਫ਼ਿਲਮ ਪ੍ਰੋਡਕਸ਼ਨ ਵੱਲੋਂ ਬਣਾਈ ਗਈ ਇਸ ਫ਼ਿਲਮ ਵਿੱਚ ਮਾਸੂਮ ਸ਼ਰਮਾ, ਯਸ਼ਪਾਲ ਸ਼ਰਮਾ, ਸਪਨਾ ਚੌਧਰੀ ਸਮੇਤ ਕਈ ਕਲਾਕਾਰ ਨਜ਼ਰ ਆਉਣਗੇ। ਇਹ ਫ਼ਿਲਮ 24 ਅਪ੍ਰੈਲ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

# ਆਨੰਦ ਗਰੁੱਪ ਆਫ ਕਾਲਜਿਜ਼ 'ਚ ਵਿਸਾਖੀ ਦਾ ਤਿਉਹਾਰ ਮਨਾਇਆ

**ਮਜੀਠਾ (ਸੋਇਮ ਆਨੰਦ)**- ਆਨੰਦ ਗਰੁੱਪ ਆਫ ਕਾਲਜਿਜ਼ ਜੇਠੂਵਾਲ ਵਿਖੇ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਰੰਗ-ਬਰੰਗੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਭੰਗੜਾ, ਗਿੱਧਾ ਅਤੇ ਲੋਕ ਗੀਤ ਖਾਸ ਆਕਰਸ਼ਣ ਦਾ ਕੇਂਦਰ ਰਹੇ। ਵਿਦਿਆਰਥੀਆਂ ਨੇ ਪੰਜਾਬੀ ਸੰਸਕ੍ਰਿਤੀ ਅਤੇ ਰਿਵਾਜਾਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਨਾਲ ਕੀਤੀ ਗਈ । ਇਸ ਤੋਂ ਬਾਅਦ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਵੱਲੋਂ ਆਪਣੀਆਂ ਪ੍ਰਸਤੁਤੀਆਂ ਰਾਹੀਂ ਵਿਸਾਖੀ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐਮ. ਐਮ. ਆਨੰਦ, ਵਾਈਸ ਚੇਅਰਮੈਨ ਡਾ. ਜੇ. ਐਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਿਆ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਡਾ. ਕਵਲਬੀਰ ਕੌਰ ਅਤੇ ਰਚਨਾ ਕੁਮਾਰੀ, ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਅਤੇ ਵਾਈਸ ਪ੍ਰਿੰਸੀਪਲ ਰਮਨਜੀਤ ਕੌਰ ਸੋਹਲ ਵੀ ਹਾਜ਼ਰ ਰਹੇ ।



# ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ ਦਾ ਦਸਵੀਂ ਦਾ ਨਤੀਜਾ 100 ਫੀਸਦੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ ਦਾ ਨਤੀਜਾ ਇਸ ਸਾਲ ਵੀ 100 ਫੀਸਦੀ ਰਿਹਾ। ਸਕੂਲ ਦੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ।ਨਤੀਜਿਆਂ ਅਨੁਸਾਰ ਜੈਸਮੀਨ ਕੌਰ ਨੇ 97 ਫੀਸਦੀ ਅੰਕ ਹਾਸਲ ਕਰਕੇ ਪਹਿਲਾ, ਸਮਾਇਲਜੋਤ ਕੌਰ ਨੇ 94 ਫੀਸਦੀ ਅੰਕ ਲੈ ਕੇ ਦੂਜਾ, ਪਵਨਪ੍ਰੀਤ ਸਿੰਘ ਅਤੇ ਸਿਮਰਨਜੀਤ ਕੌਰ ਨੇ 88 ਫੀਸਦੀ ਅੰਕ ਪ੍ਰਾਪਤ ਕਰਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਦਸਵੀਂ ਕਲਾਸ ਦੇ ਸਾਰੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਸਕੂਲ ਦੇ ਐਮ.ਡੀ. ਮਨਜਿੰਦਰ ਸਿੰਘ ਕੁਕਰੇਜਾ ਅਤੇ ਪ੍ਰਿੰਸੀਪਲ ਗੀਤਾ ਕੁਕਰੇਜਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸ਼ਾਨਦਾਰ ਨਤੀਜਿਆਂ ਲਈ ਬਹੁਤ-ਬਹੁਤ ਮੁਬਾਰਕਬਾਦ ਦਿੱਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗਿਆਰ੍ਹਵੀਂ ਕਲਾਸ ਵਿੱਚ ਦਾਖਲਾ ਲੈ ਕੇ ਚੰਗੇ ਵਿਸ਼ੇ ਚੁਣਨ ਅਤੇ ਮਿਹਨਤ ਨਾਲ ਪੜ੍ਹਾਈ ਕਰਕੇ ਆਪਣਾ ਭਵਿੱਖ ਉਜਲਾ ਬਣਾਉਣ ਲਈ ਪ੍ਰੇਰਿਤ ਕੀਤਾ।



# ਅਮਿੱਟ ਪੈੜਾਂ ਛੱਡ ਗਿਆ ਮਾਤਾ ਅਤਰ ਕੌਰ ਦੀ ਯਾਦ 'ਚ ਕਰਵਾਇਆ ਦੂਜਾ ਸਿਮਰਤੀ ਸਨਮਾਨ ਸਮਾਗਮ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬੀ ਸਭਿਆਚਾਰਕ ਅਤੇ ਸਾਹਿਤਕ ਵਿਰਾਸਤਾਂ ਵਿਕਾਸ ਕੇਂਦਰ ਪੁਰਾਣਾ ਸ਼ਾਲਾ (ਗੁਰਦਾਸਪੁਰ) ਵੱਲੋਂ ਮਾਤਾ ਅਤਰ ਕੌਰ ਜੀ ਯਾਦ ਵਿੱਚ ਦੂਜਾ ਸਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ। ਡਾ. ਸੁਰਿੰਦਰਪਾਲ ਕਾਹਲੋਂ ਵੱਲੋਂ ਆਯੋਜਿਤ ਕੀਤੇ ਗਏ ਪ੍ਰੋਗਰਾਮ ਵਿਚ ਪੰਜਾਬ ਭਰ ਵਿੱਚੋ ਆਏ ਸਾਹਿਤਕਾਰਾਂ ਨੇ ਹਾਜ਼ਰੀ ਭਰੀ। ਇਸ ਦੌਰਾਨ ਭਾਸ਼ਾ ਵਿਭਾਗ ਦੇ ਨੁਮਾਇੰਦੇ ਸ਼ਾਮ ਸਿੰਘ ਸਥਿਆਲ ਵੱਲੋਂ ਭਾਸ਼ਾ ਵਿਭਾਗ ਦੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ 'ਊਦੈ ਸਿੰਘ ਉਜਿਆਰ' ਵੱਲੋਂ ਇੱਕ ਬਹੁਤ ਸੋਹਣਾ ਗੀਤ ਗਾ ਕੇ ਕੀਤੀ ਗਈ, ਜਿਸ ਰਾਹੀ ਉਸਨੇ ਆਈਆਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ। ਇਸ ਉਪਰੰਤ ਰੱਖੇ ਗਏ ਵਿਸ਼ੇ ਕਲਮਕਾਰ ਦੀ ਰਾਜਨੀਤੀ, ਰਣਨੀਤੀ ਅਤੇ ਸਿਆਸਤ ਕੀ ਹੋਵੇ ਉਪਰ ਵਿਚਾਰ ਗੋਸ਼ਟੀ ਕੀਤੀ ਗਈ ਜਿਸ ਵਿਚ ਡ. ਸੁਮੇਲ ਸਿੱਧੂ, ਡਾ. ਸੁਰਿੰਦਰ ਮੰਡ, ਅਤੇ ਮੱਖਣ ਕੁਹਾੜ ਵਲੋਂ ਭਾਗ ਲਿਆ ਗਿਆ। ਪ੍ਰੋਗਰਾਮ ਵਿੱਚ ਲਗਭਗ 17 ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚ ਡਾ. ਸੁਮੇਲ ਸਿੰਘ ਸਿੱਧੂ, ਡਾ. ਸਰਬਜੀਤ ਕੌਰ ਸੰਧਾਵਾਲੀਆ, ਤਰਸੇਮ ਸਿੰਘ ਭੰਗੂ, ਸੁਨੀਲ ਕੁਮਾਰ ਯੁਮਨ, ਨਰਿੰਦਰ ਸਿੰਘ ਸੰਘਾ, ਦੇਵਰਾਜ ਪੱਥਰ ਦਿਲ ਪਨਿਆੜ, ਰਾਹੁਲ ਚਿੱਤਰਕਾਰ (ਬਾਲਾਪਿੰਡੀ, ਸਵਿੰਦਰ ਕੌਰ ਕੁਹਾੜ, ਸੁਲਤਾਨ ਭਾਰਤੀ, ਕੰਵਲਜੀਤ ਕੌਰ, ਹਰਜੀਤ ਕੌਰ, ਮਲਿਕਾ ਮੰਡ, ਵਿਜੇ ਅਗਨੀਹੋਤਰੀ, ਅਸ਼ੋਕ ਸ਼ਰਮਾ ਪੱਤਰਕਾਰ, ਡਾ.ਰਮਿੰਦਰ ਕੌਰ, ਸਿਸਟਰ ਬੈਂਸੀ, ਪੂਨਮ ਸੈਨੀ ਤੇ ਹੋਰ ਹਾਜ਼ਰ ਸਨ। ਇਨ੍ਹਾਂ ਸ਼ਖ਼ਸੀਅਤਾਂ ਨੂੰ ਡਾ. ਸੁਖਵਿੰਦਰ ਸਿੰਘ ਪਠਾਨਕੋਟ, ਸਰਪੰਚ ਮੱਖਣ ਸਿੰਘ ਪਿੰਡ ਮੇਘੀਆਂ, ਡਾ. ਸੁਰਿੰਦਰਪਾਲ ਕਾਹਲੋਂ ਵਲੋਂ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅਗਲੇ ਦੌਰ ਵਿਚ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ ਸੁਭਾਸ਼ ਸੂਫ਼ੀ ਵਲੋਂ ਮਹੇਸ਼ ਚੰਦਰਭਾਨੀ ਦਾ ਗੀਤ ਗਾ ਕੇ ਕੀਤਾ ਗਿਆ। ਅਮਿਤ ਕਾਦੀਆਂ ਅਤੇ ਨਿਸ਼ਾਨ ਸਿੰਘ ਜੋੜਾਸਿੰਘਾ ਨੇ ਗ਼ਜ਼ਲ ਸੁਣਾਈ। ਮਾਸਟਰ ਬਖ਼ਸ਼ੀਸ਼ ਛੀਨਾ ਬੇਟ ਨੇ ਗੀਤ ਰਾਹੀਂ ਹਾਜਰੀ ਲੁਆਈ। ਬਾਬਾ ਬੀਰਾ ਜੀ ਨੇ ਸੂਫ਼ੀ ਕਲਾਮ ਪੜ੍ਹਿਆ, ਵਿਜੇ ਤਾਲਿਬ ਨੇ ਟੱਪੇ ਪੜ੍ਹੇ ਗਏ। ਗੁਰਦੇਵ ਸਿੰਘ ਭੁੱਲਰ, ਰਘਬੀਰ ਸਿੰਘ ਚਾਹਲ ਅਤੇ ਵਿਜੇ ਅਗਨੀਹੋਤਰੀ ਨੇ ਗੀਤ ਪੇਸ਼ ਕੀਤੇ। ਇਸ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਉਣ ਲਈ, ਗੁਰਮੁਖ ਸਿੰਘ ਭੱਟੀਆ, ਸਰਬਜੀਤ ਸਿੰਘ ਝੰਡਾ ਲੁਭਾਣਾ, ਬਾਬਾ ਰਮੇਸ਼ ਲਾਲ, ਸੁਖਜਿੰਦਰ ਕੌਰ ਕਾਹਲੋਂ ਦਾ ਅਹਿਮ ਯੋਗਦਾਨ ਰਿਹਾ। ਆਖੀਰ ਵਿਚ ਮਨਭਾਵਨ ਕਾਹਲੋਂ ਵਲੋਂ ਆਏ ਹੋਏ ਸੱਜਣਾ, ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ।

# ਅਲਾਵਲਪੁਰ/ਸਿਕੰਦਰਪੁਰ 'ਚ ਕਣਕ ਦੀ ਖਰੀਦ ਸ਼ੁਰੂ

**ਅਲਾਵਲਪੁਰ (ਮਦਨ ਬੰਗੜ)**- ਇਲਾਕੇ ਦੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਆਮਦ ਦਿਨੋਂ-ਦਿਨ ਵਧ ਰਹੀ ਹੈ ਤੇ ਮੰਡੀਆਂ ਵਿੱਚ ਰੌਣਕ ਦੇਖਣ ਨੂੰ ਮਿਲ ਰਹੀ ਹੈ।

ਅਲਾਵਲਪੁਰ ਅਤੇ ਸਿਕੰਦਰਪੁਰ ਦਾਣਾ ਮੰਡੀ ਵਿੱਚ ਕਣਕ ਦੀ ਆਮਦ ਜ਼ੋਰਾਂ 'ਤੇ ਹੈ।ਅਲਾਵਲਪੁਰ ਦਾਣਾ ਮੰਡੀ ਵਿੱਚ ਮਾਰਕੀਟ ਕਮੇਟੀ ਦੇ ਨੁਮਾਇੰਦੇ ਮਨਜਿੰਦਰ ਸਿੰਘ ਨੇ ਦੱਸਿਆ ਕਿ ਹੁਣ ਤੱਕ 1580 ਕੁਇੰਟਲ ਕਣਕ ਦੀ ਆਮਦ ਦਰਜ ਕੀਤੀ ਗਈ ਹੈ, ਜਿਸ ਵਿੱਚੋਂ 1068 ਕੁਇੰਟਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇੱਥੇ ਮਾਰਕਫੈਡ ਅਤੇ ਵੇਅਰਹਾਊਸ ਵੱਲੋਂ ਖਰੀਦ ਕੀਤੀ ਗਈ ਹੈ। ਇਸ ਤੋਂ ਇਲਾਵਾ ਪਨਸਪ ਤੇ ਮਾਰਕਫੈਡ ਵੱਲੋਂ ਵੀ ਖਰੀਦ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।ਸਿਕੰਦਰਪੁਰ ਦਾਣਾ ਮੰਡੀ ਵਿੱਚ ਕਰੀਬ 800 ਕੁਇੰਟਲ ਕਣਕ ਦੀ ਆਮਦ ਹੋਈ ਹੈ। ਇੱਥੇ ਖਰੀਦ ਏਜੰਸੀ ਵੇਅਰਹਾਊਸ ਵੱਲੋਂ ਖਰੀਦ ਪ੍ਰਕਿਰਿਆ ਚਲ ਰਹੀ ਹੈ।

# ਬੱਜੂਮਾਨ ਵਿਖੇ 17ਵਾਂ ਸਾਲਾਨਾ ਹਾਕੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

**ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)**- ਸ਼ੇਰੇ-ਏ-ਪੰਜਾਬ ਸਪੋਰਟਸ ਕਲੱਬ ਵੱਲੋਂ 17ਵਾਂ ਸਲਾਨਾ ਹਾਕੀ ਟੂਰਨਾਮੈਂਟ ਕਰਵਾਇਆ ਗਿਆ।ਇਹ ਟੂਰਨਾਮੈਂਟ ਪਿੰਡ ਬੱਜੂਮਾਨ ਖੇਡ ਗਰਾਊਂਡ ਵਿੱਚ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਪਿੰਡਾਂ ਦੀਆਂ ਟੀਮਾਂ ਨੇ ਭਾਗ ਲਿਆ। ਬੱਜੂਮਾਨ ਨੇ ਪਹਿਲਾ ਸਥਾਨ ਤੇ ਤਲਵੰਡੀ ਖੁੰਮਣ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਜੇਤੂ ਟੀਮਾਂ ਨੂੰ ਪਹਿਲਾ ਇਨਾਮ 16000, ਇਨਾਮ 14000 ਰੁਪਏ ਦੀ ਨਗਦ ਰਾਸ਼ੀ ਤੇ ਸ਼ੀਲਡਾਂ ਵੰਡੀਆਂ ਗਈਆਂ। ਪਹੁੰਚੀਆਂ ਮਹਾਨ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਪ੍ਰਧਾਨ ਜੋਬਨ ਕਾਹਲੋਂ (ਅਮਰੀਕ ਸਪੋਰਟਸ ਜੈਂਤੀਪੁਰ) ਵੱਲੋਂ ਬੱਚਿਆਂ ਨੂੰ ਟੀ-ਸ਼ਰਟਾਂ ਦਿੱਤੀਆਂ ਗਈਆਂ।ਇਸ ਟੂਰਨਾਮੈਂਟ ਨੂੰ ਕਰਵਾਉਣ ਲਈ ਐੱਨਆਰਆਈ ਵੀਰ, ਫੌਜੀ ਵੀਰ, ਟੂਰਨਾਮੈਂਟ ਪ੍ਰਬੰਧਕ ਕਮੇਟੀ ਦੇ ਕੁਲਵੰਤ ਸਿੰਘ, ਰਾਜਵਿੰਦਰ ਸਿੰਘ ਸ਼ਾਹ, ਡਾਕਟਰ ਰਤਨਦੀਪ ਸਿੰਘ ਮੱਲੀ, ਜਗੀਰ ਸਿੰਘ ਫੌਜੀ, ਹਰਪਾਲ ਸਿੰਘ ਮਾਨ, ਸੁਖਪਾਲ ਸਿੰਘ ਸੁਖ, ਮਲਕੀਤ ਸਿੰਘ ਫੌਜੀ ਦਾ ਅਹਿਮ ਸਹਿਯੋਗ ਰਿਹਾ। ਇਸ ਮੌਕੇ ਪ੍ਰੇਮ ਸਿੰਘ ਸਰਪੰਚ ਬੱਜੂਮਾਨ, ਜਰਨਲ ਸਕੱਤਰ ਬਲਜਿੰਦਰ ਸਿੰਘ ਬਿੱਟਾ, ਹਰਪ੍ਰੀਤ ਸਿੰਘ ਲੰਬੜਦਾਰ, ਹੈਲਥ ਵਰਕਰ ਪਤਵਿੰਦਰ ਸਿੰਘ ਬੱਜੂਮਾਨ, ਬਿਕਰਮਜੀਤ ਸਿੰਘ, ਜਸਪਾਲ ਸਿੰਘ ਪ੍ਰਧਾਨ ਕਿਸਾਨ ਯੂਨੀਅਨ, ਝਿਰਮਲ ਸਿੰਘ ਪ੍ਰਧਾਨ ਕਿਸਾਨ ਯੂਨੀਅਨ, ਸਿਮਰਨ ਸਿੰਘ ਮਾਨ, ਦਿਲਮਨ ਸਿੰਘ ਮਾਨ, ਨਵਜੋਤ ਸਿੰਘ ਮਾਨ, ਪ੍ਰਿਤਪਾਲ ਸਿੰਘ ਮਾਨ, ਬਿੱਟੂ ਸਿੰਘ ਫੌਜੀ, ਮਨੂੰ ਸ਼ਾਹ, ਕੇਵਲ ਸਿੰਘ ਇਟਲੀ, ਸਹਿਜ ਇਟਲੀ, ਰੋਮੀ ਫਰਾਂਸ, ਗੁਰਦੇਵਪਾਲ ਯੂਐਸਏ, ਸੋਨੀ ਯੂਕੇ, ਗਗਨ ਯੂਏਈ, ਮਹਾਵੀਰ ਸਿੰਘ ਡੁਬਈ, ਰਮਨ ਕੈਨੇਡਾ, ਯੋਧਾ ਪੁਰਤਗਾਲ, ਵਿੱਕੀ ਲੰਬੜਦਾਰ ਕੈਨੇਡਾ, ਲਵਪ੍ਰੀਤ ਸਿੰਘ ਯੂਏਈ, ਹਰਪ੍ਰੀਤ ਸਿੰਘ ਮੱਲੀ, ਲਾਡੀ ਮੱਲੀ, ਬਿੱਕਾ ਸ਼ਾਹ, ਮੇਜਰ ਸਿੰਘ ਟੈਂਟ ਹਾਊਸ, ਮਾਸਟਰ ਸਤਨਾਮ ਸਿੰਘ ਪਾਖਰਪੁਰ, ਮਾਸਟਰ ਨਿਰਮਲ ਸਿੰਘ ਸ਼ੇਖੂਪੁਰ, ਡਾ. ਸੁਖਵਿੰਦਰ ਸਿੰਘ, ਤੇ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।



# ਮਾਤਾ ਸਾਹਿਬ ਕੌਰ ਮਾਡਰਨ ਸਕੂਲ ਭਰੋਵਾਲ 'ਚ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਭਰੋਵਾਲ ਵਿਖੇ ਵਿਦਿਆਰਥੀਆਂ ਦੇ ਨਵੇਂ ਸੈਸ਼ਨ ਦੇ ਆਗਾਜ਼ ਅਤੇ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਨੂੰ ਮੁੱਖ ਰੱਖਦਿਆਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਅਧਿਆਤਮਿਕ ਸਮਾਗਮ ਦੌਰਾਨ ਸਕੂਲ ਦੇ ਸਮੂਹ ਵਿਦਿਆਰਥੀਆਂ, ਅਧਿਆਪਕ ਸਾਹਿਬਾਨ ਅਤੇ ਪ੍ਰਬੰਧਕੀ ਕਮੇਟੀ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਅਤੇ ਸਟਾਫ ਨੇ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ । ਪਾਠ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਅਤੇ ਖਾਸ ਕਰਕੇ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਵਾਲੇ ਵਿਦਿਆਰਥੀਆਂ ਦੀ ਭਵਿੱਖ ਵਿੱਚ ਸ਼ਾਨਦਾਰ ਪੜ੍ਹਾਈ ਲਈ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ। ਇਸ ਮੌਕੇ ਸਕੂਲ ਡਾਇਰੈਕਟਰ ਤੇਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਿਹਨਤ ਦੇ ਨਾਲ-ਨਾਲ ਵਾਹਿਗੁਰੂ ਦਾ ਓਟ ਆਸਰਾ ਲੈਣਾ ਵੀ ਜ਼ਰੂਰੀ ਹੈ। ਇਸ ਮੌਕੇ ਪ੍ਰੈਜ਼ੀਡੈਂਟ ਸੁਖਵਿੰਦਰ ਕਈ, ਸੈਕਟਰੀ ਬਨਵੀਰ ਸਿੰਘ, ਕਮੇਟੀ ਮੈਂਬਰ ਸ੍ਰੀਮਤੀ ਸੰਗੀਤ ਕੌਰ, ਪ੍ਰਿੰਸੀਪਲ ਸ੍ਰੀਮਤੀ ਨਵਜੋਤੀ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।ਅੰਤ ਸਕੂਲ ਪ੍ਰਿੰਸੀਪਲ ਨਵਜੋਤੀ ਵੱਲੋਂ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ।



# ਸਤਲੁਜ ਪਬਲਿਕ ਸਕੂਲ ਠੱਕਰਪੁਰਾ 'ਚ ਵਿਸਾਖੀ ਦਾ ਦਿਹਾੜਾ ਮਨਾਇਆ

**ਪੱਟੀ,(ਬਲਦੇਵ ਸਿੰਘ ਸੰਧੂ)**- ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵਿਖੇ ਸਕੂਲ ਸਟਾਫ ਤੇ ਬੱਚਿਆ ਵੱਲੋਂ ਵਿਸਾਖੀ ਦਾ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਦੇ ਨੰਨੇ ਮੁੰਨੇ ਬੱਚੇ ਕੁੜਤੇ ਪਜਾਮੇ ਅਤੇ ਲੜਕੀਆਂ ਸਲਵਾਰ ਸੂਟ ਦੇ ਪਹਿਰਾਵੇ ਵਿਚ ਆਈਆਂ। ਸਕੂਲ ਮੈਨਜਮੈਂਟ ਮੈਂਬਰ ਹਰਬੀਰ ਸਿੰਘ ਗਿੱਲ, ਪਰਵਿੰਦਰ ਕੌਰ ਤੇ ਸਕੂਲ ਪ੍ਰਿੰਸੀਪਲ ਰਾਜਬੀਰ ਕੌਰ ਨੇ ਬੱਚਿਆਂ ਨੂੰ ਵਿਸਾਖੀ ਦਿਹਾੜੇ ਤੇ ਇਤਿਹਾਸ ਤੋਂ ਜਾਣੂ ਕਰਵਾਇਆ। ਖਾਲਸਾ ਸਾਜਣਾ ਦਿਵਸ ਨੂੰ ਸਮਰਪਤ ਚੌਥੀ ਕਲਾਸ ਤੋਂ ਬਾਰ੍ਹਵੀ ਕਲਾਸ ਤੱਕ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਗਏ। ਵਧੀਆ ਦਸਤਾਰ ਸਜਾਉਣ ਵਾਲੇ ਵਿਦਿਆਰਥੀਆ ਦੀ ਹੌਸਲਾ ਅਫਜ਼ਾਈ ਲਈ ਇਨਾਮ ਤਕਸੀਮ ਕੀਤੇ ਗਏ।



# ਬ੍ਰਹਮਲੀਨ ਸੰਤ ਸਮਿੱਤਰਾ ਦੀ ਗਿਆਰ੍ਹਵੀਂ ਬਰਸੀ ਮਨਾਈ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਭਗਵਾਨ ਬਾਬਾ ਸ੍ਰੀ ਚੰਦ ਆਸ਼ਰਮ ਵਿਖੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਮੰਗਲ ਦਾਸ ਦੀ ਰਹਿਨੁਮਾਈ ਹੇਠ ਮਹੰਤ ਚੇਤਨ ਦਾਸ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬ੍ਰਹਮ ਲੀਨ ਸੰਤ ਸਮਿੱਤਰਾ ਜੀ ਦੀ ਗਿਆਰ੍ਹਵੀਂ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਭਾਈ ਮਨਜਿੰਦਰ ਸਿੰਘ ਭਾਈ ਜਸਵਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਭਾਈ ਮਲੂਕ ਸਿੰਘ, ਭਾਈ ਸਵਿੰਦਰ ਸਿੰਘ ਤੇ ਭਾਈ ਤਰਸੇਮ ਸਿੰਘ ਪੱਖੋਕੇ ਮਹਿਮਾਰਾ ਦੇ ਕਵੀਸ਼ਰੀ ਜਥੇ ਵੱਲੋਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਮਹੰਤ ਸਤਿਨਾਮ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਅਕਾਲ ਮੰਡਲ ਲੁਧਿਆਣਾ ਵੱਲੋਂ ਸੰਤ ਸਮਿੱਤਰਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਮਹੰਤ ਬਾਬਾ ਮੰਗਲ ਦਾਸ, ਮਹੰਤ ਬਾਬਾ ਚੇਤਨ ਦਾਸ ਅਤੇ ਸਮੂਹ ਸੰਗਤਾਂ ਵੱਲੋਂ ਬਾਬਾ ਸ੍ਰੀ ਚੰਦ ਜੀ ਦਾ ਆਰਤਾ ਗਾਇਨ ਕੀਤਾ ਗਿਆ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ।ਇਸ ਮੌਕੇ ਮਹੰਤ ਬਾਬਾ ਮੰਗਲ ਦਾਸ, ਮਹੰਤ ਚੇਤਨ ਦਾਸ, ਜਥੇਦਾਰ ਰਣਧੀਰ ਸਿੰਘ ਖੰਡਿਆਲਾ ਸੈਣੀਆਂ ਹੁਸ਼ਿਆਰਪੁਰ, ਬਾਬਾ ਮੇਜਰ ਦਾਸ, ਬਾਬਾ ਬਚਨ ਨਾਥ, ਹੰਸ ਗਿਰੀ ਬਟਾਲਾ, ਹੰਸ ਦੇਵ ਬਟਾਲਾ, ਗੁਲਜਾਰ ਦਾਸ ਨਵਾਂ ਸ਼ਹਿਰ, ਗ੍ਰੰਥੀ ਸਿੰਘ ਬਾਬਾ ਭੁਪਿੰਦਰ ਸਿੰਘ, ਪ੍ਰਭਪ੍ਰੀਤ ਸਿੰਘ, ਗੁਰਸ਼ਬਦ ਸਿੰਘ, ਜਗੀਰ ਸਿੰਘ, ਸਾਬ ਸਿੰਘ, ਡਾ: ਗੁਰਦੇਵ ਸਿੰਘ ਹੈਪੀ, ਡਾ. ਰਸ਼ਪਾਲ ਸਿੰਘ ਸ਼ਾਹਪੁਰ ਗੋਰਾਇਆ, ਮਨੀ ਪਾਲ ਸੰਧੂ, ਸੰਦੀਪ ਸਿੰਘ, ਪ੍ਰਦੀਪ ਸਿੰਘ ਗੋਗਾ, ਭਰਤ ਕੁਮਾਰ, ਫ਼ਕੀਰ ਸਿੰਘ ਸਰਪੰਚ ਤਾਜਪੁਰ, ਨਿਰਮਲ ਬੇਦੀ, ਦੀਪਾ ਬੇਦੀ, ਬੱਬੂ, ਹਰਪ੍ਰੀਤ ਸਿੰਘ ਸੋਢੀ, ਰਣਜੀਤ ਸਿੰਘ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਅਤੁੱਟ ਲੰਗਰ ਭੰਡਾਰਾ ਵਰਤਾਇਆ ਗਿਆ ।



# ਸੇਂਟ ਜੌਨ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਵੀਂ ਤੇ ਅੱਠਵੀਂ ਦਾ ਨਤੀਜਾ 100 ਫੀਸਦੀ ਰਿਹਾ

**ਅਟਾਰੀ ( ਸਤਬੀਰ ਸਿੰਘ ਭੀਲ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਪੰਜਵੀਂ ਅਤੇ ਅੱਠਵੀਂ ਜਮਾਤ ਦੀ ਪ੍ਰੀਖਿਆ ਨਤੀਜਿਆਂ 'ਚ ਸੇਂਟ ਜੌਨ ਸੀਨੀਅਰ ਸੈਕੰਡਰੀ ਸਕੂਲ, ਹੁਸ਼ਿਆਰ ਨਗਰ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ। ਪ੍ਰਿੰਸੀਪਲ ਸੋਨੀਆ ਜੌਨ ਨੇ ਦੱਸਿਆ ਕਿ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਸਕੂਲ ਦੀ ਵਿਦਿਆਰਥਣ ਸੀਰਤ ਕੌਰ 496/500 ਅੰਕਾਂ ਨਾਲ ਪਹਿਲਾ, ਏਕਮਜੀਤ ਸਿੰਘ ਨੇ 491/500 ਅੰਕਾਂ ਨਾਲ ਦੂਸਰਾ ਅਤੇ ਗੁਰਸਮਰ ਸਿੰਘ ਨੇ 487/500 ਨੇ ਤੀਸਰਾ ਅਤੇ ਗੁਰਨੂਰ ਕੌਰ ਨੇ 485/500 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾ ਅੱਠਵੀਂ ਦਾ ਨਤੀਜਾ ਵੀ 100 ਫੀਸਦੀ ਰਿਹਾ। ਉਹਨਾਂ ਦੱਸਿਆ ਕਿ ਮਨਰੀਤ ਕੌਰ ਨੇ 559 / 600 ਅੰਕ ਪ੍ਰਾਪਤ ਕਰਕੇ ਪਹਿਲਾ, ਕਿਰਨਜੋਤ ਕੌਰ ਨੇ 556 / 600 ਅੰਕ ਪ੍ਰਾਪਤ ਕਰਕੇ ਦੂਜਾ, ਸਿਮਰਨਜੀਤ ਕੌਰ 554 / 600 ਅੰਕ ਪ੍ਰਾਪਤ ਕਰਕੇ ਤੀਜਾ ਅਤੇ ਲਵਿਸ਼ ਕੁਮਾਰ ਸ਼ਰਮਾ ਨੇ 536/ 600 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ਇਹਨਾਂ ਸ਼ਾਨਦਾਰ ਨਤੀਜਿਆਂ ਲਈ ਪ੍ਰਿੰਸੀਪਲ ਸੋਨੀਆ ਜੌਨ ਨੇ ਸੰਬੰਧਿਤ ਜਮਾਤ ਦੇ ਅਧਿਆਪਕਾਂ , ਵਿਦਿਆਰਥੀਆਂ ਅਤੇ ਮਾਤਾ-ਪਿਤਾ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।ਸਕੂਲ ਦੇ ਚੇਅਰਮੈਨ ਬਿਸ਼ਪ ਪੀ ਕੇ ਜੌਨ ਨੇ ਭਵਿੱਖ ਵਿੱਚ ਇਸੇ ਪ੍ਰਕਾਰ ਮਿਹਨਤ ਦੇ ਨਾਲ ਕਾਮਯਾਬ ਰਹਿਣ ਅਤੇ ਅੱਗੇ ਵੱਧਣ ਲਈ ਪ੍ਰੇਰਿਆ ਅਤੇ ਸ਼ਾਨਦਾਰ ਨਤੀਜਿਆਂ ਲਈ ਪ੍ਰਿੰਸੀਪਲ ਸੋਨੀਆ ਜੌਨ, ਸਮੂਹ ਸਟਾਫ ਮੈਂਬਰਾਂ ਨੂੰ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।



# ਬਿਜਲੀ ਦੇ ਲੰਮੇ ਕੱਟਾਂ ਨੇ ਲੋਕਾਂ ਦਾ ਜੀਵਨ ਕੀਤਾ ਦੁੱਭਰ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਦੇ ਪਿੰਡਾਂ ਅੰਦਰ ਬਿਜਲੀ ਦੇ ਲੱਗ ਰਹੇ ਲੰਮੇ-ਲੰਮੇ ਕੱਟਾਂ ਨੇ ਲੋਕਾਂ ਦਾ ਜੀਵਨ ਦੁਭਰ ਕਰਕੇ ਰੱਖ ਦਿੱਤਾ ਹੈ। ਇਸ ਸੰਬੰਧੀ ਲੋਕਾਂ ਨੇ ਦੱਸਿਆ ਕਿ ਬਿਜਲੀ ਸਵੇਰ ਸਮੇਂ ਚਲੀ ਜਾਂਦੀ ਹੈ ਅਤੇ ਦੇਰ ਸ਼ਾਮ ਨੂੰ ਆਉਂਦੀ ਹੈ ।ਉਨ੍ਹਾਂ ਕਿਹਾ ਬਿਜਲੀ ਨਾ ਆਉਣ ਕਰਕੇ ਘਰਾਂ ਵਿਚ ਰਹਿੰਦੇ ਬਜ਼ੁਰਗ ਅਤੇ ਛੋਟੇ ਬੱਚਿਆਂ ਦਾ ਬਹੁਤ ਬੁਰਾ ਹਾਲ ਹੈ ਕਿਉਂਕਿ ਦਿਨ-ਪ੍ਰਤੀ-ਦਿਨ ਗਰਮੀ ਦਾ ਅਸਰ ਵੀ ਵਧਦਾ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਹਰ ਸਾਲ ਦੀ ਹਾੜ੍ਹੀ-ਸਾਉਣੀ ਦੇ ਸੀਜ਼ਨ ਸਮੇਂ ਵਿਭਾਗ ਵਲੋਂ ਲੰਬਾ ਸਮਾਂ ਬਿਜਲੀ ਬੰਦ ਕੀਤੀ ਜਾਂਦੀ ਹੈ ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਬਿਜਲੀ ਨਾ ਆਉਣ ਕਰਕੇ ਪਿੰਡਾਂ ਅੰਦਰ ਬਿਜਲੀ 'ਤੇ ਨਿਰਭਰ ਕੰਮਕਾਜ ਕਰਨ ਵਾਲੇ ਲੋਕਾਂ ਦਾ ਕਾਰੋਬਾਰ ਠੱਪ ਹੋ ਚੁੱਕਾ ਹੈ । ਉਨ੍ਹਾਂ ਕਿਹਾ ਦਿਨ ਤੋਂ ਇਲਾਵਾ ਵਿਭਾਗ ਵਲੋਂ ਰਾਤ ਸਮੇਂ ਵੀ ਬਿਜਲੀ ਦੇ ਕੱਟ ਲਗਾਏ ਜਾ ਰਹੇ ਹਨ ਜੋ ਸਮਝ ਤੋਂ ਬਾਹਰ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਲੋਕਾਂ ਨੂੰ ਆ ਰਹੀ ਮੁਸ਼ਕਲ ਤੋਂ ਨਿਜਾਤ ਦਿਵਾਉਣ ਲਈ ਕੋਈ ਢੁਕਵਾਂ ਹੱਲ ਕੱਢਿਆ ਜਾਵੇ।

# ਏਜੀਆਈ ਇੰਫਰਾ ਲਿਮਟਿਡ ਯੂਟੋਪੀਆ ਬਾਈ ਏਜੀਆਈ ਗਰੁੱਪ ਹਾਊਸਿੰਗ ਪ੍ਰੋਜੈਕਟ ਲਈ ਲਾਇਸੰਸ ਪ੍ਰਾਪਤ

**ਅੰਮ੍ਰਿਤਸਰ** : ਏਜੀਆਈ ਇੰਫਰਾ ਲਿਮਟਿਡ ਜੋ ਆਵਾਸ ਅਤੇ ਵਪਾਰਕ ਰੀਅਲ ਏਸਟੇਟ ਵਿਕਾਸ ਵਿੱਚ ਨੇਤਾ ਰੱਖਣ ਵਾਲੀ ਇੱਕ ਲੀਡਰ ਕੰਪਨੀ ਹੈ, ਨੇ ਐਲਾਨ ਕੀਤਾ ਹੈ ਕਿ ਉਸਨੂੰ ਗ੍ਰੇਟਰ ਮੋਹਾਲੀ ਏਰੀਆ ਡੇਵਲਪਮੈਂਟ ਅਥਾਰਟੀ (ਗਮਾਡਾ) ਤੋਂ ਆਪਣੇ ਗਰੁੱਪ ਹਾਊਸਿੰਗ ਕਾਲੋਨੀ, 'ਯੂਟੋਪੀਆ ਬਾਈ ਏਜੀਆਈ' ਦੇ ਵਿਕਾਸ ਲਈ ਲਾਇਸੈਂਸ ਨੰਬਰ ਐਲਡੀਸੀ-101/2026 ਮਿਤੀ 31 ਮਾਰਚ ਨੂੰ ਪ੍ਰਾਪਤ ਹੋਇਆ ਹੈ ਜੋ ਨਿਊ ਚੰਡੀਗੜ੍ਹ ਵਿੱਚ ਕੰਪਨੀ ਦੇ ਪਹਿਲੇ ਪ੍ਰੋਜੈਕਟ ਦਾ ਪ੍ਰਤੀਕ ਹੈ।ਲਾਇਸੰਸ ਕੰਪਨੀ ਦੁਆਰਾ 1 ਅਪ੍ਰੈਲ, ਨੂੰ ਪ੍ਰਾਪਤ ਕੀਤਾ ਗਿਆ ਸੀ।ਇਹ ਪ੍ਰੋਜੈਕਟ ਨਿਊ ਚੰਡੀਗੜ੍ਹ ਦੇ ਇੱਕ ਪ੍ਰੀਮੀਅਮ ਆਵਾਸ ਖੇਤਰ ਵਿੱਚ 10.26 ਇੱਕੜ ਕੇ ਭੂਖੰਡ ਨੂੰ ਵਿਕਸਤ ਕੀਤਾ ਜਾਵੇਗਾ।ਏਜੀਆਈ ਇੰਫਰਾ ਲਿਮਟਿਡ ਪੰਜਾਬ ਵਿੱਚ ਇੱਕ ਮੋਹਰੀ ਰੀਅਲ ਅਸਟੇਟ ਵਿਕਾਸ ਅਤੇ ਨਿਰਮਾਣ ਕੰਪਨੀ ਹੈ, ਜੋ ਗੁਣਵੱਤਾ, ਨਵੀਨਤਾ ਅਤੇ ਗਾਹਕਾਂ ਦੀ ਸੰਤੁਸ਼ਟੀ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਲਈ ਜਾਣੀ ਜਾਂਦੀ ਹੈ।

# ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਤਿੱਬੜ ਦੇ ਏ.ਐਸ.ਆਈ. ਰਕੇਸ਼ ਕੁਮਾਰ ਦੱਸਿਆ ਕਿ ਉਹ ਐਕਸਾਇਜ਼ ਇੰਸਪੈਕਟਰ ਦੀਪਕ ਕੁਮਾਰ ਨਾਲ ਨਹਿਰ ਬੱਬੇਹਾਲੀ ਮੌਜੂਦ ਸੀ ਕਿ ਇਤਲਾਹ ਮਿਲੀ ਕਿ ਰਿੰਕੂ ਪੁੱਤਰ ਰਮੇਸ਼ ਚੰਦ ਵਾਸੀ ਭੁੱਲੇਚੱਕ ਕਾਲੋਨੀ ਪਾਸੋਂ ਸ਼ਰਾਬ ਅੰਗਰੇਜ਼ੀ ਮਾਰਕਾ ਰਾਇਲ ਸਟੈਗ ਦੀਆਂ 12 ਬੋਤਲਾਂ ਅਤੇ ਸਰਾਬ ਅੰਗਰੇਜ਼ੀ ਮਾਰਕਾ ਪੰਜਾਬ ਬਲੈਕ ਹੋਰਨ ਦੀਆਂ 12 ਬੋਤਲਾਂ ਕੁੱਲ 24 ਬੋਤਲਾਂ ਸ਼ਰਾਬ ਠੇਕਾ ਬਰਾਮਦ ਕੀਤੀਆਂ। ਇਸੇ ਤਰ੍ਹਾਂ ਥਾਣਾ ਕਾਹਨੂੰਵਾਨ ਦੇ ਐਸ.ਆਈ. ਲਖਵਿੰਦਰ ਸਿੰਘ ਨੇ ਜਗਦੀਪ ਸਿੰਘ ਉਰਫ ਬੱਬਾ ਪੁੱਤਰ ਕਸ਼ਮੀਰ ਸਿੰਘ ਵਾਸੀ ਕਾਹਨੂੰਵਾਨ, ਰਸ਼ਪਾਲ ਸਿੰਘ ਉਰਫ ਵਿੱਕੀ ਪੁੱਤਰ ਗੁਰਦੀਪ ਸਿੰਘ ਵਾਸੀ ਕਾਹਨੂੰਵਾਨ ਪਾਸੋਂ ਤਲਾਸ਼ੀ ਦੌਰਾਨ ਲਾਇਟਰ, ਸਿਲਵਰ ਪੇਪਰ ਪੰਨੀ ਅਤੇ 10 ਰੁਪਏ ਦਾ ਨੋਟ ਬ੍ਰਾਮਦ ਕੀਤਾ। ਥਾਣਾ ਧਾਰੀਵਾਲ ਦੇ ਏ.ਐਸ.ਆਈ. ਸੁਖਦੇਵ ਸਿੰਘ ਨੇ ਸਮੇਤ ਪੁਲਸ ਪਾਰਟੀ ਜੀ.ਟੀ ਰੋਡ ਬਾਈਪਾਸ ਅੰਡਰ ਬ੍ਰਿਜ ਰਣੀਆ ਤੋਂ ਜਵਰਾਜ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਬੱਲ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ 50 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਥਾਣਾ ਬਹਿਰਾਮਪੁਰ ਦੇ ਏ.ਐਸ.ਆਈ. ਤਿਲਕ ਰਾਜ ਨੇ ਸਮੇਤ ਪੁਲਸ ਪਾਰਟੀ ਪਿੰਡ ਭਰਥ ਗੁਰਦੁਆਰਾ ਸਾਹਿਬ ਚੌਂਕ ਨਜ਼ਦੀਕ ਰਾਜ ਪਤਨੀ ਮੋਹਨ ਲਾਲ ਉਰਫ ਜੱਲਾ ਵਾਸੀ ਭਰਥ ਦੇ ਘਰ ਰੇਡ ਕਰਕੇ ਉਕਤ ਪਾਸੋਂ 7500 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਕੀਤੀ। ਪੁਲਸ ਨੇ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਤਰਨ ਤਾਰਨ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਨਗਰ ਕੌਂਸਲ ਵੱਲੋਂ ਵਿਸ਼ੇਸ਼ ਉਪਰਾਲੇ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਸ਼ਹਿਰ ਤਰਨ ਤਾਰਨ ਨੂੰ ਸੁੰਦਰ, ਸਾਫ਼-ਸੁਥਰਾ ਅਤੇ ਰੌਸ਼ਨ ਬਣਾਉਣ ਦੇ ਮਕਸਦ ਨਾਲ ਨਗਰ ਕੌਂਸਿਲ ਤਰਨ ਤਾਰਨ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਾਰਜ ਸਾਧਕ ਅਫਸਰ ਕਮਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਸਫਾਈ ਸੇਵਕਾਂ ਦੀਆਂ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ ਰੋਜ਼ਾਨਾ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਸਫਾਈ ਦੇ ਕੰਮਾਂ ਨੂੰ ਅੰਜਾਮ ਦੇ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟੀਮਾਂ ਦੀ ਨਿਗਰਾਨੀ ਸੁਪਰਡੈਂਟ ਬਲਜਿੰਦਰ ਸਿੰਘ ਅਤੇ ਚੀਫ਼ ਸੈਨਟਰੀ ਇੰਸਪੈਕਟਰ ਸੰਕਲਪ ਵੱਲੋਂ ਕੀਤੀ ਜਾ ਰਹੀ ਹੈ, ਤਾਂ ਜੋ ਹਰ ਇਲਾਕੇ ਵਿੱਚ ਸਫਾਈ ਦੇ ਕੰਮ ਸਮੇਂ ਸਿਰ ਮੁਕੰਮਲ ਹੋ ਸਕਣ। ਇਸ ਤੋਂ ਇਲਾਵਾ ਸ਼ਹਿਰ ਦੀਆਂ ਸਟਰੀਟ ਲਾਈਟਾਂ ਦੀ ਮੁਰੰਮਤ ਅਤੇ ਨਵੀਆਂ ਲਾਈਟਾਂ ਲਗਾਉਣ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ, ਤਾਂ ਜੋ ਰਾਤ ਸਮੇਂ ਲੋਕਾਂ ਨੂੰ ਆਉਣ-ਜਾਣ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ ਅਤੇ ਸ਼ਹਿਰ ਦੀ ਸੁੰਦਰਤਾ ਵਿੱਚ ਹੋਰ ਵਾਧਾ ਹੋ ਸਕੇ। ਖਰਾਬ ਪਈਆਂ ਸਟਰੀਟ ਲਾਈਟਾਂ ਨੂੰ ਤੁਰੰਤ ਠੀਕ ਕਰਨ ਲਈ ਵੱਖਰੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।ਕਾਰਜ ਸਾਧਕ ਅਫਸਰ ਨੇ ਕਿਹਾ ਕਿ ਗਰਮੀ ਦੇ ਦਿਨਾਂ ਦੌਰਾਨ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ, ਇਸ ਲਈ ਨਗਰ ਕੌਂਸਿਲ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਅਤੇ ਆਲੇ ਦੁਆਲੇ ਪਾਣੀ ਇੱਕਠਾ ਨਾ ਹੋਣ ਦਿਓ, ਕਿਉਂਕਿ ਖੜ੍ਹੇ ਪਾਣੀ ਵਿੱਚ ਡੇਂਗੂ ਵਾਲੇ ਮੱਛਰ ਪੈਦਾ ਹੁੰਦੇ ਹਨ।



# ਆਂਗਣਵਾੜੀ ਸੈਂਟਰਾਂ 'ਚ ਮਨਾਇਆ ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ ਡੇਅ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਬਲਾਕਾਂ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿਚ ਅਪ੍ਰੈਲ ਮਹੀਨੇ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆ ਹਦਾਇਤਾ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਸਮੀ ਕੌਰ ਦੀ ਅਗਵਾਈ ਹੇਠ ਆਂਗਣਵਾੜੀ ਸੈਟਰਾ ਵਿੱਚ 'ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ' ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਲਈ ਵੱਖ-ਵੱਖ ਸਿਖਿਆਤਮਕ ਤੇ ਮਨੋਰੰਜਨ, ਗਤੀਵਿਧੀਆ ਜਿਵੇ ਚਿੱਤਰਕਾਰੀ ਮੁਕਾਬਲੇ, ਕਵਿਤਾ ਪਾਠ, ਕਹਾਣੀਆ ਸੁਣਾਉਣ, ਖੇਡਾ ਅਤੇ ਮਾਵਾਂ ਨੂੰ ਬੱਚਿਆ ਦੀ ਸਿਹਤ, ਪੋਸ਼ਣ ਸਫਾਈ ਅਤੇ ਟੀਕਕਰਣ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਵਰਕਰਾਂ ਵਲੋ ਮਾਵਾਂ ਨੂੰ ਗਰਭਵਸਥਾ ਦੌਰਾਨ ਸਹੀ ਖੁਰਾਕ, ਸਿਹਤ ਜਾਂਚ, ਆਇਰਨ ਅਤੇ ਫੋਲਿਕ ਐਸਿਡ ਦੀ ਮਹੱਤਤਾ ਬਾਰੇ ਜਾਣਕਾਰੀ ਸਾਝੀ ਕੀਤੀ ਗਈ। ਇਸ ਮੌਕੇ ਗਤੀਵਿਧੀਆ ਦੌਰਾਨ ਕਲਾਸਰੂਮ ਸੈਸ਼ਨਾਂ ਰਾਹੀ ਸਫਾਈ, ਅਨੁਸ਼ਾਸਨ, ਆਪਸੀ ਸਹਿਯੋਗ ਅਤੇ ਨੈਤਿਕ ਮੁੱਲਾ ਬਾਰੇ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਵਰਕਰਾ ਵਲੋਂ ਬੱਚਿਆ ਨੂੰ ਪਿਆਰ ਭਰੇ ਢੰਗ ਨਾਲ ਸਿੱਖਣ ਅਤੇ ਚੰਗੀਆ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਬੱਚਿਆਂ ਨੂੰ ਆਪਣੇ ਮਾਨਸਿਕ ਸਰੀਰਕ ਵਿਕਾਸ ਉੱਤੇ ਖਾਸ ਧਿਆਨ ਦੇਣ ਲਈ ਜਾਗੂਰਕ ਕੀਤਾ ਗਿਆ ਅਤੇ ਇਸ ਤਰ੍ਹਾਂ ਦੀਆ ਗਤੀਵਿਧੀਆ ਬੱਚਿਆਂ ਦੇ ਸਮੁੱਚੇ ਵਿਕਾਸ ਬੋਧਿਕ, ਭਾਵਨਾਤਮਕ ਤੇ ਸਮਾਜਿਕ ਪੱਖਾਂ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦਾ ਵਿਦਿਆਰਥੀ ਗੁਰਮਤਿ ਮੁਕਾਬਲੇ 'ਚ ਰਿਹਾ ਅੱਵਲ

**ਧਾਰੀਵਾਲ (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਸ਼੍ਰੀਮਤੀ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀ ਜੈਦੀਪ ਸਿੰਘ ਸਪੁੱਤਰ ਬਿਕਰਮਜੀਤ ਸਿੰਘ ਨੇ ਖ਼ਾਲਸਾ ਪੰਥ ਦੀ ਸਾਜਨਾ ਨੂੰ ਸਮਰਪਿਤ ਗੁਰਮਤਿ ਲਿਖਤੀ ਮੁਕਾਬਲੇ ਵਿੱਚ ਭਾਗ ਲਿਆ ਅਤੇ ਦੂਜਾ ਸਥਾਨ ਹਾਸਲ ਕਰਦੇ ਹੋਏ ਟਰਾਫੀ ਅਤੇ ਤਗਮਾ ਪ੍ਰਾਪਤ ਕੀਤਾ।ਇਹ ਮੁਕਾਬਲਾ ਗੁਰਦੁਆਰਾ ਸਿੰਘ ਸਭਾ ਭੋਜਰਾਜ ਵਿਖੇ ਕਰਵਾਇਆ ਗਿਆ ਜਿਸ ਵਿੱਚ ਲਗਭਗ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ । ਡਾਇਰੈਕਟਰ ਸ ਅਮਰਜੀਤ ਸਿੰਘ ਚਾਹਲ ਅਤੇ ਸ਼੍ਰੀਮਤੀ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਵੱਲੋਂ ਵਿਦਿਆਰਥੀ ਨੂੰ ਸਕੂਲ ਵਿਖੇ ਸਨਮਾਨਿਤ ਕੀਤਾ ਗਿਆ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ ।



